
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 7 ISSUE - 34
December 5, 2018

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਬਾਬਾ ਸਾਹਿਬ ਡਾ ਭੀਮਰਾਓ ਰਾਮਜੀ ਅੰਬੇਦਕਰ ਨੂੰ ਉਹਨਾਂ ਦੇ 62ਵੇਂ ਪ੍ਰੀਨਿਰਵਾਨ ਦਿਵਸ 'ਤੇ ਸ਼ਰਧਾ ਪੂਰਵਕ ਨਿੱਘੀ ਸ਼ਰਧਾਂਜਲੀ ਭੇਂਟ ਕਰਦਾ ਹੈ। - ਪ੍ਰੇਮ ਕੁਮਾਰ ਚੁੰਬਰ (ਮੁੱਖ ਸੰਪਾਦਕ)

## ਪੰਜਾਬ ਸਰਕਾਰ ਵੱਲੋਂ ਡੇਰਾ ਬਾਬਾ ਨਾਨਕ ਵਿਕਾਸ ਅਥਾਰਿਟੀ ਬਣਾਉਣ ਨੂੰ ਮਨਜ਼ੂਰੀ

**ਚੰਡੀਗੜ੍ਹ (ਬਿਊਰੋ)-** ਪੰਜਾਬ ਵਜ਼ਾਰਤ ਨੇ ਅਹਿਮ ਫ਼ੈਸਲੇ ਕਰਦਿਆਂ ਕਰਤਾਰਪੁਰ ਸਾਹਿਬ ਦੇ ਗੁਰਦੁਆਰੇ ਦੇ ਦਰਸ਼ਨ ਕਰਨ ਵਾਲੇ ਸ਼ਰਧਾਲੂਆਂ ਦੀ ਸਹੂਲਤ ਲਈ ਡੇਰਾ ਬਾਬਾ ਨਾਨਕ ਵਿਕਾਸ ਅਥਾਰਿਟੀ ਬਣਾਉਣ, ਜ਼ਿਲ੍ਹਾ ਕੇਂਦਰੀ ਸਹਿਕਾਰੀ ਬੈਂਕਾਂ (ਡੀਸੀਸੀਬੀ) ਦੇ ਪੰਜਾਬ ਰਾਜ ਸਹਿਕਾਰੀ ਬੈਂਕ (ਪੀਐੱਸਸੀਬੀ) 'ਚ ਰਲੇਵੇਂ ਨੂੰ ਹਰੀ ਝੰਡੀ ਦੇਣ ਤੇ ਹਲਵਾਰਾ ਫੌਜੀ ਅੱਡੇ ਦੇ ਨਾਲ ਕੌਮਾਂਤਰੀ ਹਵਾਈ ਅੱਡਾ ਸਥਾਪਤ ਕਰਨ ਨੂੰ ਪ੍ਰਵਾਨਗੀ ਦੇ ਦਿੱਤੀ ਹੈ।



ਪ੍ਰਾਪਤ ਜਾਣਕਾਰੀ ਅਨੁਸਾਰ ਵਜ਼ਾਰਤ ਨੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਬਾਰੇ ਕੋਈ ਚਰਚਾ ਨਹੀਂ ਕੀਤੀ ਕਿਉਂਕਿ ਬੀਤੀ ਰਾਤ ਪੰਜਾਬ ਪ੍ਰਦੇਸ਼ ਮਾਮਲਿਆਂ ਦੀ ਇੰਚਾਰਜ ਆਸ਼ਾ ਕੁਮਾਰੀ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਬਾਰੇ ਸਿੱਧੂ ਵੱਲੋਂ ਦਿੱਤੇ ਬਿਆਨ ਤੋਂ ਬਾਅਦ ਪੈਦਾ ਹੋਏ ਵਿਵਾਦ ਨੂੰ ਹੱਲ ਕਰਨ ਲਈ ਦਖਲ ਦਿੱਤਾ ਸੀ ਤੇ ਇਸ ਸਬੰਧੀ ਕੈਬਨਿਟ ਮੰਤਰੀ ਨੇ ਟਵੀਟ ਕਰਕੇ ਕਹਿ ਦਿੱਤਾ ਸੀ ਕਿ ਕੈਪਟਨ ਉਨ੍ਹਾਂ ਦੇ ਪਿਤਾ ਸਮਾਨ ਹਨ ਤੇ ਉਹ ਕੈਪਟਨ ਨੂੰ ਮਿਲ ਕੇ ਇਸ ਮਾਮਲੇ ਨੂੰ ਖੁਦ ਹੀ ਹੱਲ ਕਰ ਲੈਣਗੇ।

ਪੰਜਾਬ ਵਜ਼ਾਰਤ ਨੇ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਤੋਂ ਪਹਿਲਾਂ ਡੇਰਾ ਬਾਬਾ ਨਾਨਕ ਤੇ ਇਸ ਦੇ ਆਲੇ-ਦੁਆਲੇ ਦੇ ਵਿਕਾਸ ਤੇ ਸੁੰਦਰੀਕਰਨ ਲਈ ਡੇਰਾ ਬਾਬਾ ਨਾਨਕ ਵਿਕਾਸ ਅਥਾਰਟੀ ਸਥਾਪਤ ਕਰਨ ਨੂੰ ਹਰੀ ਝੰਡੀ ਦੇ ਦਿੱਤੀ ਹੈ। ਇਹ ਕਦਮ ਸ਼ਰਧਾਲੂਆਂ ਨੂੰ ਸਹੂਲਤਾਂ ਦੇਣ ਦੇ ਮੱਦੇਨਜ਼ਰ ਚੁੱਕਿਆ ਗਿਆ ਹੈ। ਕਰਤਾਰਪੁਰ ਲਾਂਘੇ ਨੂੰ ਖੋਲ੍ਹਣ ਦਾ ਵਿਸ਼ੇਸ਼ ਮਤੇ ਰਾਹੀਂ ਸਵਾਗਤ ਕੀਤਾ ਗਿਆ ਹੈ ਤੇ ਇਸ ਨੂੰ ਇਤਿਹਾਸਕ ਕਦਮ ਦੱਸਿਆ ਗਿਆ। ਵਜ਼ਾਰਤ ਨੇ ਨੋਟ ਕੀਤਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀਆਂ ਕੋਸ਼ਿਸ਼ਾਂ ਦੇ ਨਤੀਜੇ ਵਜੋਂ ਲਾਂਘਾ ਖੋਲ੍ਹਣ ਦੇ ਫ਼ੈਸਲੇ ਨੂੰ ਬੂਰ ਪਿਆ ਹੈ ਪਰ ਇਸ 'ਚ ਕੈਬਨਿਟ ਮੰਤਰੀ ਸਿੱਧੂ ਦੇ ਯਤਨਾਂ ਦਾ ਜ਼ਿਕਰ ਨਹੀਂ ਕੀਤਾ ਗਿਆ।



ਮਹਾਰਾਣੀ ਜਿੰਦਾਂ ਨਾਟਕ ਨੂੰ ਪਿਟਸਬਰਗ ਵਿਚ ਮਿਲਿਆ ਭਰਵਾਂ ਹੁੰਗਾਰਾ।- ਰਮੇਸ਼ ਸੁੰਮਨ
(ਤਸਵੀਰਾਂ ਅਤੇ ਰਿਪੋਰਟ ਦੇਖੋ ਸਫਾ 12-13 'ਤੇ)

## ਪਾਕਿ ਨੇ ਕਰਤਾਰਪੁਰ ਬਾਰਡਰ 'ਤੇ ਇਮੀਗ੍ਰੇਸ਼ਨ ਕੇਂਦਰ ਖੋਲ੍ਹਿਆ

**ਲਾਹੌਰ-** ਸਿੱਖ ਸ਼ਰਧਾਲੂਆਂ ਲਈ ਇਤਿਹਾਸਕ ਲਾਂਘੇ ਦਾ ਨੀਂਹ ਪੱਥਰ ਰੱਖਣ ਤੋਂ ਬਾਅਦ ਪਾਕਿਸਤਾਨ ਨੇ ਕਰਤਾਰਪੁਰ ਬਾਰਡਰ ਉੱਤੇ ਇਮੀਗ੍ਰੇਸ਼ਨ ਕੇਂਦਰ ਖੋਲ੍ਹ ਦਿੱਤਾ ਹੈ। ਇਹ ਲਾਂਘਾ ਖੁੱਲ੍ਹਣ ਨਾਲ ਸਿੱਖ ਸ਼ਰਧਾਲੂਆਂ ਵੱਲੋਂ ਪਾਕਿਸਤਾਨ ਵਿਚ ਸਥਿਤ ਆਪਣੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਦੀਦਾਰ ਕਰਨ ਦੀ ਚਿਰੋਕਣੀ ਮੰਗ ਪੂਰੀ ਹੋਈ ਹੈ। ਫੈੱਡਰਲ ਇਨਵੈਸਟੀਗੇਸ਼ਨ ਏਜੰਸੀ (ਐੱਫਆਈਏ) ਦੇ ਡਿਪਟੀ ਡਾਇਰੈਕਟਰ (ਪੰਜਾਬ) ਮੁਫਖ਼ਰ ਅਦੀਲ ਨੇ ਕਿਹਾ,'ਬਾਰਡਰ ਪਾਰ ਕਰਨਾ ਦਹਿਸ਼ਤਗਰਦਾਂ, ਮਨੁੱਖੀ ਤਸਕਰੀ ਕਰਨ ਵਾਲਿਆਂ ਅਤੇ ਨਸ਼ਾ ਤਸਕਰਾਂ ਲਈ ਆਸਾਨ ਹੋ ਸਕਦਾ ਹੈ, ਇਸ ਲਈ ਸਰਹੱਦ ਦੇ ਦੋਵੇਂ ਪਾਸਿਆਂ 'ਤੇ ਸਥਿਤੀ ਉੱਤੇ ਕੰਟਰੋਲ ਰੱਖਣ ਲਈ ਮਜ਼ਬੂਤ ਢਾਂਚੇ ਦੀ ਲੋੜ ਸੀ। ਉਨ੍ਹਾਂ ਡਾਅਨ ਨਿਊਜ਼ ਨੂੰ ਦੱਸਿਆ,'ਕਰਤਾਰਪੁਰ ਲਾਂਘਾ

**(ਬਾਕੀ ਸਫਾ 8 'ਤੇ)**



MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)


## ਸੀਨੀਅਰ ਅਕਾਲੀ ਆਗੂਆਂ ਵੱਲੋਂ ਨਵੀ ਪਾਰਟੀ ਦਾ ਐਲਾਨ

**ਅੰਮ੍ਰਿਤਸਰ (ਬਿਊਰੋ)-** ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋਏ ਟਕਸਾਲੀ ਤੇ ਸੀਨੀਅਰ ਅਕਾਲੀ ਆਗੂਆਂ ਰਣਜੀਤ ਸਿੰਘ ਬ੍ਰਹਮਪੁਰਾ, ਡਾ. ਰਤਨ ਸਿੰਘ ਅਜਨਾਲਾ ਅਤੇ ਸੇਵਾ ਸਿੰਘ ਸੇਖਵਾਂ ਨੇ ਨਵਾਂ ਸ਼੍ਰੋਮਣੀ ਅਕਾਲੀ ਦਲ ਬਣਾਉਣ ਦਾ ਐਲਾਨ ਕੀਤਾ ਹੈ। ਇਨ੍ਹਾਂ ਆਗੂਆਂ ਨੂੰ ਪਾਰਟੀ ਦਾ ਵਿਰੋਧ ਕਰਨ ਦੇ ਦੋਸ਼ ਹੇਠ ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਰਟੀ ਵਿੱਚੋਂ ਫਾਰਗ ਕਰ ਦਿੱਤਾ ਗਿਆ ਸੀ। ਇੱਥੇ ਸੰਸਦ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ ਦੀ ਰਿਹਾਇਸ਼ 'ਤੇ ਇਕੱਠੇ ਹੋਏ ਇਨ੍ਹਾਂ ਆਗੂਆਂ ਨੇ ਐਲਾਨ ਕੀਤਾ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੇ ਬਰਾਬਰ ਇਕ ਨਵੀਂ ਪਾਰਟੀ ਬਣਾਉਣਗੇ, ਜਿਸ ਨੂੰ ਸੰਨ 1920 ਵਿਚ ਸਥਾਪਤ ਕੀਤੇ ਸ਼੍ਰੋਮਣੀ ਅਕਾਲੀ ਦਲ ਦੇ ਸਿਧਾਂਤਾਂ ਅਤੇ ਪਰੰਪਰਾਵਾਂ ਅਨੁਸਾਰ ਚਲਾਇਆ ਜਾਵੇਗਾ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਵਿਚ ਬੈਠੇ ਨਿਰਾਸ਼ ਤੇ ਨਾਰਾਜ਼ ਆਗੂਆਂ ਤੇ ਵਰਕਰਾਂ ਸਮੇਤ ਪੁਰਾਣੇ ਟਕਸਾਲੀ ਆਗੂਆਂ ਨੂੰ ਸੱਦਾ ਦਿੱਤਾ ਕਿ ਉਹ ਇਸ ਨਵੀਂ ਬਣਾਈ ਜਾ ਰਹੀ ਪਾਰਟੀ ਵਿਚ ਸ਼ਾਮਲ ਹੋਣ।





Don't wait until it's too late. Come give your car a break at Brake Time
Brake Time Auto Repair
6315 Watt Ave. Unit 115
North Highlands, CA. 95660
* Brakes, Suspension, A/C
* Engine Diagnostic, Tune-ups
* Water Pumps, Timing belts
* Performance, 30/60/90K
J. Singh
(916) 800-0400
Open Mon-Fri 2 pm to 9pm
Sat - Sun 9 am to 9pm
Appointments only
ਇੱਥੇ ਆਟੋ ਰਿਪੇਅਰ ਦਾ ਤਸੱਲੀ ਬਖਸ਼ ਕੰਮ ਕੀਤਾ ਜਾਂਦਾ ਹੈ



SINCE 1996
BAGGA JEWELERS
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga




RAMESH SUMAN
Broker Realtor
RCS-D TM
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434



SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983



Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

Raja
SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook: rajasweetsandcatering
Follow us on Twitter: rajasweets



ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
Kash FABRICS



ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।

Appointments & Walk-Ins Welcome
Tuesday - Sunday: 11 AM - 8 PM


ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ


WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com



INDIA BAZAAR




INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਾਰਜ ਡਬਲਿਊ ਬੁਸ਼ ਦਾ ਦੇਹਾਂਤ

**ਹਿਊਸਟਨ-** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜੌਰਜ ਡਬਲਯੂ ਬੁਸ਼ ਦਾ 94 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ ਹੈ। ਜ਼ਿਕਰਯੋਗ ਹੈ ਕਿ ਉਨ੍ਹਾਂ ਦੇ ਕਾਰਜਕਾਲ ਵਿਚ ਸੋਵੀਅਤ ਸੰਘ ਖਿੰਡ-ਪੁੰਡ ਗਿਆ ਸੀ। ਉਨ੍ਹਾਂ ਦੇ ਪੁੱਤਰ ਜੌਰਜ ਬੁਸ਼ ਜੂ-ਨੀਅਰ ਜੋ ਅਮਰੀਕਾ ਦੇ 43ਵੇਂ ਰਾਸ਼ਟਰਪਤੀ ਬਣੇ ਸਨ, ਨੇ ਇਕ ਬਿਆਨ ਵਿਚ ਦੱਸਿਆ '' ਜੈੱਬ, ਨੀਲ, ਮਾਰਵਿਨ, ਡੋਰੋ ਅਤੇ ਮੈਂ ਦੁਖੀ ਮਨ ਨਾਲ ਐਲਾਨ ਕਰਦੇ ਹਾਂ ਕਿ 94 ਸਾਲਾਂ ਦੀ ਉਮਰ ਸ਼ਾਨਦਾਰ ਢੰਗ ਨਾਲ ਬਿਤਾਉਣ ਤੋਂ ਬਾਅਦ ਸਾਡੇ ਪਿਆਰੇ ਪਿਤਾ ਚਲਾਣਾ ਕਰ ਗਏ ਹਨ।'' ਅੱਠ ਮਹੀਨੇ ਪਹਿਲਾਂ ਉਨ੍ਹਾਂ ਦੀ ਪਤਨੀ ਬਾਰਬਰਾ ਬੁਸ਼ ਦਾ 73 ਸਾਲ ਦੀ ਉਮਰ ਵਿਚ ਦੇਹਾਂਤ ਹੋ ਗਿਆ ਸੀ।

ਉਨ੍ਹਾਂ ਕਿਹਾ '' ਉਹ ਉਚ ਕਿਰਦਾਰ ਦੇ ਮਾਲਕ ਸਨ ਤੇ ਬਿਹਤਰੀਨ ਪਿਤਾ ਸਨ। ਸਮੁੱਚਾ ਬੁਸ਼ ਪਰਿਵਾਰ ਉਨ੍ਹਾਂ ਦਾ ਬੇਹੱਦ ਸ਼ੁਕਰਗੁਜ਼ਾਰ ਹੈ।'' ਉਨ੍ਹਾਂ ਦੇ ਜਨਾਜ਼ੇ ਦੇ ਪ੍ਰਬੰਧਾਂ ਦਾ ਐਲਾਨ ਬਾਅਦ ਵਿਚ ਕੀਤਾ ਜਾਵੇਗਾ। ਰਾਸ਼ਟਰਪਤੀ ਡੋਨਲਡ ਟਰੰਪ ਨੇ ਸੀਤ ਯੁੱਧ ਦੇ ਜ਼ਮਾਨੇ ਵਿਚ ਬੁਸ਼ ਦੀ ਲੀਡਰਸ਼ਿਪ ਦੀ ਸ਼ਲਾਘਾ ਕੀਤੀ। ਰਾਸ਼ਟਰਪਤੀ ਬੁਸ਼ ਪਾਰਕਿਨਸਨ ਦੀ ਬਿਮਾਰੀ ਤੋਂ ਪੀੜਤ ਸਨ ਜਿਸ ਕਰ ਕੇ ਉਹ ਕਈ ਸਾਲਾਂ ਤੋਂ ਵੀਲ੍ਹਚੇਅਰ 'ਤੇ ਸਨ। ਲੰਘੀ 23 ਅਪਰੈਲ ਨੂੰ ਖ਼ੂਨ ਦੀ ਇਨਫੈਕਸ਼ਨ ਕਾਰਨ ਉਨ੍ਹਾਂ ਨੂੰ ਹਸਪਤਾਲ ਦਾਖ਼ਲ ਕਰਾਉਣਾ ਪਿਆ ਸੀ। ਮਈ ਵਿਚ ਘੱਟ ਬਲੱਡ ਪ੍ਰੈਸ਼ਰ ਤੇ ਥਕਾਵਟ ਕਾਰਨ ਉਨ੍ਹਾਂ ਨੂੰ ਦੁਬਾਰਾ ਹਸਪਤਾਲ ਦਾਖ਼ਲ ਹੋਣਾ ਪਿਆ ਸੀ। ਲੜਾਕੂ ਪਾਇਲਟ ਤੇ ਸੀਆਈਏ ਦੇ ਮੁਖੀ ਦੀਆਂ ਸੇਵਾਵਾਂ ਦੇਣ ਤੋਂ ਬਾਅਦ ਉਹ 8 ਨਵੰਬਰ 1988 ਨੂੰ ਅਮਰੀਕਾ ਦੇ ਰਾਸ਼ਟਰਪਤੀ ਚੁਣੇ ਗਏ ਸਨ ਤੇ 20 ਜਨਵਰੀ 1989 ਨੂੰ ਉਨ੍ਹਾਂ ਅਹੁਦੇ ਦਾ ਹਲਫ਼ ਲਿਆ ਸੀ ਤੇ 20 ਜਨਵਰੀ 1993 ਤੱਕ ਅਹੁਦੇ 'ਤੇ ਰਹੇ ਸਨ। ਉਨ੍ਹਾਂ ਦੇ ਕਾਰਜਕਾਲ ਦੌਰਾਨ ਆਲਮੀ ਪੱਧਰ 'ਤੇ ਮਨੁੱਖੀ ਆਜ਼ਾਦੀ ਦੀ ਲਹਿਰ ਫੈਲੀ, ਸੋਵੀਅਤ ਸੰਘ ਢਹਿ ਢੇਰੀ ਹੋ ਗਿਆ ਤੇ ਇਸ ਦੇ ਨਾਲ ਹੀ ਸੀਤ ਯੁੱਧ ਖਤਮ ਹੋ ਗਿਆ, ਬਰਲਿਨ ਦੀ ਕੰਧ ਢਹਿ ਗਈ ਤੇ ਜਰਮਨੀ ਦਾ ਏਕੀਕਰਨ ਹੋਇਆ।

ਜਾਰਜ ਐੱਚ ਡਬਲਿਊ ਬੁਸ਼ ਦੀ ਦੇਹ ਨੂੰ ਵਾਸ਼ਿੰਗਟਨ ਵਿੱਚ ਨੈਸ਼ਨਲ ਕੈਥੇਡਰਲ ਵਿਚ ਅੰਤਿਮ ਸੰਸਕਾਰ ਸਬੰਧੀ ਸਰਕਾਰੀ ਸਨਮਾਨ ਦਿੱਤਾ ਜਾਵੇਗਾ ਅਤੇ ਵੀਰਵਾਰ ਨੂੰ ਟੈਕਸਾਸ ਵਿਚ ਦਫ਼ਨਾਇਆ ਜਾਵੇਗਾ।





# ਕੋਰੇਗਾਓਂ-ਭੀਮਾ ਮਾਮਲੇ 'ਚ ਚਾਰਜਸ਼ੀਟ ਦਾਖ਼ਲ ਕਰਨ ਦੀ ਹਦਾਇਤ

ਨਵੀਂ ਦਿੱਲੀ (ਬਿਊਰੋ)- ਸੁਪਰੀਮ ਕੋਰਟ ਨੇ ਕੋਰੇਗਾਓਂ-ਭੀਮਾ ਹਿੰਸਾ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਮਨੁੱਖੀ ਅਧਿਕਾਰ ਕਾਰਕੁਨਾਂ ਖ਼ਿਲਾਫ਼ ਦਾਇਰ ਚਾਰਜਸ਼ੀਟ 8 ਦਸੰਬਰ ਤਕ ਪੁਣੇ ਦੀ ਵਿਸ਼ੇਸ਼ ਅਦਾਲਤ ਅੱਗੇ ਰੱਖਣ ਲਈ ਕਿਹਾ ਹੈ। ਚੀਫ਼ ਜਸਟਿਸ ਰੰਜਨ ਗੋਗੋਈ ਦੀ ਅਗਵਾਈ ਵਾਲੇ ਬੈਂਚ ਨੇ ਮਹਾਰਾਸ਼ਟਰ ਸਰਕਾਰ ਨੂੰ ਕੀਤੀਆਂ ਇਨ੍ਹਾਂ ਹਦਾਇਤਾਂ 'ਚ ਸਾਫ਼ ਕਰ ਦਿੱਤਾ ਕਿ ਉਹ ਮੁਲਜ਼ਮਾਂ ਖ਼ਿਲਾਫ਼ ਲਾਏ 'ਦੋਸ਼ਾਂ' ਨੂੰ ਵੇਖਣਾ ਚਾਹੁੰਦੀ ਹੈ। ਬੈਂਚ ਨੇ ਸੂਬਾ ਸਰਕਾਰ ਵੱਲੋਂ ਪੇਸ਼ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੂੰ ਕਿਹਾ ਕਿ ਉਹ ਮਹਾਰਾਸ਼ਟਰ ਪੁਲੀਸ ਵੱਲੋਂ ਦਾਇਰ ਚਾਰਜਸ਼ੀਟ ਨੂੰ 8 ਦਸੰਬਰ ਤਕ ਪੁਣੇ ਦੀ ਵਿਸ਼ੇਸ਼ ਅਦਾਲਤ ਮੂਹਰੇ ਪੇਸ਼ ਕਰਨ। ਕੇਸ ਦੀ ਅਗਲੀ ਸੁਣਵਾਈ 11 ਦਸੰਬਰ ਨੂੰ ਹੋਵੇਗੀ। ਜਸਟਿਸ ਐੱਸ.ਕੇ.ਕੌਲ ਤੇ ਕੇ.ਐਮ.ਜੋਜ਼ੇਫ਼ ਦੀ ਸ਼ਮੂਲੀਅਤ ਵਾਲੇ ਬੈਂਚ ਨੇ ਉਪਰੋਕਤ ਟਿੱਪਣੀ ਮਹਾਰਾਸ਼ਟਰ ਸਰਕਾਰ ਵੱਲੋਂ ਦਾਇਰ ਉਸ ਅਪੀਲ 'ਤੇ ਕੀਤੀ ਜਿਸ ਵਿੱਚ ਬੰਬੇ ਹਾਈ ਕੋਰਟ ਵੱਲੋਂ ਜਾਂਚ ਰਿਪੋਰਟ ਦਾਇਰ ਕਰਨ ਦੀ ਨਿਰਧਾਰਿਤ ਮਿਆਦ 90 ਦਿਨਾਂ ਤੋਂ ਅੱਗੇ ਨਾ ਵਧਾਏ ਜਾਣ ਦੇ ਫ਼ੈਸਲੇ ਨੂੰ ਚੁਣੌਤੀ ਦਿੱਤੀ ਗਈ ਸੀ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਮਹਾਰਾਸ਼ਟਰ ਪੁਲੀਸ ਵੱਲੋਂ ਕੋ-ਰੇਗਾਓਂ-ਭੀਮਾ ਹਿੰਸਾ ਮਾਮਲੇ ਵਿੱਚ ਗ੍ਰਿਫ਼ਤਾਰ ਮਨੁੱਖੀ ਅਧਿਕਾਰਾਂ ਬਾਰੇ ਪੰਜ ਕਾਰਕੁਨਾਂ ਦੇ ਮਾਮਲੇ ਵਿੱਚ ਦਖ਼ਲ ਦੇਣ ਤੋਂ ਨਾਂਹ ਕਰਦਿਆਂ ਮਾਮਲੇ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਸਿੱਟ) ਗਠਿਤ ਕਰਨ ਤੋਂ ਇਨਕਾਰ ਕਰ ਦਿੱਤਾ ਸੀ।



ਪੁਣੇ ਪੁਲੀਸ ਨੇ ਇਸ ਸਾਲ ਜੂਨ ਵਿੱਚ ਮਾਓਵਾ-ਦੀਆਂ ਨਾਲ ਕਥਿਤ ਸਬੰਧਾਂ ਦੇ ਚਲਦਿਆਂ ਗੈਰਕਾਨੂੰਨੀ ਸਰ-ਗਰਮੀਆਂ ਰੋਕੂ ਐਕਟ (ਯੁਏਪੀਏ) ਤਹਿਤ ਵਕੀਲ ਸੁਰਿੰਦਰ ਗੈਡਲਿੰਗ, ਨਾਗਪੁਰ ਯੂਨੀਵਰਸਿਟੀ ਦੇ ਪ੍ਰੋਫੈਸਰ ਸ਼ੋਮਾ ਸੇਨ, ਦਲਿਤ ਕਾਰਕੁਨ ਸੁਧੀਰ ਧਾਵਲੇ, ਕਾਰਕੁਨ ਮਹੇਸ਼ ਰੌਤ ਤੇ ਕੇਰਲਾ ਵਾਸੀ ਰੋਨਾ ਵਿਲਸਨ ਨੂੰ ਗ੍ਰਿਫ਼ਤਾਰ ਕੀਤਾ ਸੀ। ਇਸ ਐਕਟ ਤਹਿਤ ਗ੍ਰਿਫ਼ਤਾਰੀ ਤੋਂ 90 ਦਿਨਾਂ ਅੰਦਰ ਚਾਰਜਸ਼ੀਟ ਦਾਖ਼ਲ ਕਰਨੀ ਹੁੰਦੀ ਹੈ ਤੇ ਇਸਤਗਾਸਾ ਧਿਰ ਜਾਂਚ ਵਿੱਚ ਦੇਰੀ ਦੇ ਕਾਰਨਾਂ ਦਾ ਖੁਲਾਸਾ ਕਰਕੇ ਟਰਾਇਲ ਕੋਰਟ ਤੋਂ ਹੋਰ ਸਮਾਂ ਮੰਗ ਸਕਦੀ ਹੈ। ਉਧਰ ਟਰਾਇਲ ਕੋਰਟ ਵੀ ਆਪਣੀ ਤਸੱਲੀ ਮਗਰੋਂ ਤਿੰਨ ਮਹੀਨਿਆਂ ਜਾਂ 90 ਦਿਨਾਂ ਦੀ ਮੋਹਲਤ ਹੋਰ ਦੇ ਸਕਦੀ ਹੈ। ਮੌਜੂਦਾ ਕੇਸ ਵਿੱਚ ਪੁਣੇ ਦੀ ਸੈਸ਼ਨ ਕੋਰਟ ਇਸ ਮਾਮਲੇ ਵਿੱਚ ਮਹਾਰਾਸ਼ਟਰ ਪੁਲੀਸ ਨੂੰ 90 ਦਿਨਾਂ ਦਾ ਵਧੀਕ ਸਮਾਂ ਦੇ ਚੁੱਕੀ ਹੈ। ਗੈਡਲਿੰਗ ਨੇ ਪੁਲੀਸ ਵੱਲੋਂ ਦੋਸ਼ਪੱਤਰ ਦਾਇਰ ਕਰਨ ਲਈ ਹੋਰ ਸਮਾਂ ਮੰਗੇ ਜਾਣ ਨੂੰ ਚੁਣੌਤੀ ਦਿੱਤੀ ਸੀ।


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਅਮਰੀਕਾ ਵਿੱਚ ਦਸਤਾਵੇਜ਼ਾਂ ਤੋਂ ਬਿਨਾਂ ਰਹਿਣ ਵਾਲਿਆਂ ਦੀ ਗਿਣਤੀ 'ਚ ਭਾਰੀ ਕਮੀ

## ਅਜਿਹੇ ਪਰਵਾਸੀਆਂ ਦੀ ਗਿਣਤੀ ਘੱਟ ਕੇ ਸਿਰਫ 1 ਕਰੋੜ 7 ਲੱਖ ਰਹਿ ਗਈ

**ਵਾਸ਼ਿੰਗਟਨ, (ਹੁਸਨ ਲੜੋਆ ਬੰਗਾ)–** ਦੋ ਤਿਹਾਈ ਪਰਵਾਸੀ ਦਸ ਸਾਲ ਤੋਂ ਵੀ ਜ਼ਿਆਦਾ ਸਮੇਂ ਤੋਂ ਅਮਰੀਕਾ ਵਿਚ ਬਗੈਰ ਦਸਤਾਵੇਜ਼ਾਂ ਦੇ ਰਹਿ ਰਹੇ ਹਨ। ਇਸ ਗਿਣਤੀ ਵਿਚ ਸਾਲ 2007 ਦੇ ਬਾਅਦ ਤੋਂ ਲਗਾਤਾਰ ਵਾਧਾ ਹੋ ਰਿਹਾ ਸੀ। ਅਮਰੀਕੀ ਰਾਸ਼ਟਰਪਤੀ ਟਰੰਪ 2016 ਦੇ ਰਾਸ਼ਟਰਪਤੀ ਚੋਣ ਪ੍ਰਚਾਰ ਤੋਂ ਹੀ ਗੈਰ ਕਾਨੂੰਨੀ ਪਰਵਾਸ ਨੂੰ ਵੱਡਾ ਮੁੱਦਾ ਦੱਸਦੇ ਰਹੇ ਹਨ। ਉਨ੍ਹਾਂ ਨੇ ਦੋਸ਼ ਲਗਾਇਆ ਸੀ ਕਿ ਮੈਕਸੀਕੋ ਡਰੱਗ ਤਸਕਰਾਂ, ਅਪਰਾਧੀਆਂ ਅਤੇ ਬਲਾਤਕਾਰੀਆਂ ਨੂੰ ਉਤਰੀ ਸਰਹੱਦ ਵੱਲ ਭੇਜ ਰਿਹਾ ਹੈ। ਅਮਰੀਕਾ ਵਿਚ ਬਗੈਰ ਦਸਤਾਵੇਜ਼ਾਂ ਦੇ ਰਹਿ ਰਹੇ ਪਰਵਾਸੀਆਂ ਦੀ ਗਿਣਤੀ ਵਿਚ ਤੇਜ਼ੀ ਨਾਲ ਕਮੀ ਆਈ ਹੈ। ਹੁਣ ਅਜਿਹੇ ਪਰਵਾਸੀਆਂ ਦੀ ਗਿਣਤੀ ਘੱਟ ਕੇ ਸਿਰਫ 1 ਕਰੋੜ 7 ਲੱਖ ਰਹਿ ਗਈ ਹੈ, ਇਹ ਪਿਊ ਰਿਸਰਚ ਸੈਂਟਰ ਦੇ ਇੱਕ ਅਧਿਐਨ ਵਿਚ ਇਹ ਗੱਲ ਸਾਹਮਣੇ ਆਈ ਹੈ।

ਇਸੇ ਸਾਲ 2004 ਤੋਂ ਬਾਅਦ ਮੈਕਸੀਕੋ ਦੇ ਪਰਵਾਸੀਆਂ ਦੀ ਗਿਣਤੀ ਵਿਚ ਹੁਣ ਤੱਕ ਦੀ ਸਭ ਤੋਂ ਵੱਡੀ ਗਿਰਾਵਟ ਮੰਨੀ ਜਾ ਰਹੀ ਹੈ। ਸਾਲ 2016 ਦੇ ਸਰਕਾਰੀ ਅੰਕੜਿਆਂ 'ਤੇ ਆਧਾਰਤ ਅਧਿਐਨ ਮੁਤਾਬਕ ਅਮਰੀਕਾ ਵਿਚ ਸਾਲ 2007 ਵਿਚ ਅਜਿਹੇ ਪਰਵਾਸੀਆਂ ਦੀ ਗਿਣਤੀ 1 ਕਰੋੜ 22 ਲੱਖ ਦੇ ਨਾਲ ਟੌਪ 'ਤੇ ਸੀ।

ਮੰਗਲਵਾਰ ਨੂੰ ਜਾਰੀ ਅਧਿਐਨ ਮੁਤਾਬਕ ਸਾਲ 2007 ਅਤੇ 2016 ਦੇ ਵਿਚ ਅਮਰੀਕਾ ਵਿਚ ਮੈਕਸੀਕੋ ਦੇ ਗੈਰ ਕਾਨੂੰਨੀ ਪਰਵਾਸੀਆਂ ਦੀ ਗਿਣਤੀ ਵਿਚ 15 ਲੱਖ ਦੀ ਕਮੀ ਆਈ ਹੈ। ਇਸ ਦੇ ਬਾਵਜੂਦ ਹੁਣ ਵੀ ਅਮਰੀਕਾ ਵਿਚ ਮੈਕਸੀਕੋ ਦੇ ਗੈਰ ਕਾਨੂੰਨੀ ਪਰਵਾਸੀਆਂ ਦੀ ਗਿਣਤੀ, ਕੁੱਲ ਪਰਵਾਸੀਆਂ ਦੀ ਗਿਣਤੀ ਦੀ ਅੱਧੀ ਹੈ। 2016 ਤੱਕ ਮੈਕਸੀਕੋ ਦੇ ਕਰੀਬ 54 ਲੱਖ ਗੈਰ ਕਾਨੂੰਨੀ ਪਰਵਾਸੀ ਅਮਰੀਕਾ ਵਿਚ ਰਹਿ ਰਹੇ ਸਨ।

## ਅਮਰੀਕਾ ਦੇ ਅਲਾਸਕਾ ਵਿਚ ਜ਼ਬਰਦਸਤ ਭੂਚਾਲ, ਭਾਰੀ ਨੁਕਸਾਨ





**ਅਲਾਸਕਾ, ਅਮਰੀਕਾ (ਹੁਸਨ ਲੜੋਆ ਬੰਗਾ) :** ਅਮਰੀਕਾ ਦੇ ਅਲਾਸਕਾ ਵਿਚ ਜ਼ਬਰਦਸਤ ਭੂਚਾਲ ਆਉਣ ਕਾਰਨ ਭਾਰੀ ਨੁਕਸਾਨ ਹੋਇਆ, ਇੱਥੇ ਭੂਚਾਲ ਇੰਨਾ ਵਿਨਾਸ਼ਕਾਰੀ ਸੀ ਕਿ ਜ਼ਮੀਨ ਵਿਚ ਦਰਾਰਾਂ ਤੱਕ ਆ ਗਈਆਂ, ਲੋਕ ਇਧਰ ਉਧਰ ਭੱਜਣ ਲੱਗੇ, ਘਰਾਂ ਵਿਚ ਰੱਖਿਆ ਸਮਾਨ ਇਧਰ ਉਧਰ ਡਿੱਗਣ ਲੱਗਿਆ। ਭੂਚਾਲ ਇੰਨਾ ਖਤਰਨਾਕ ਸੀ ਕਿ ਇਸ ਤੋਂ ਬਾਅਦ 40 ਤੋਂ ਜਿਆਦਾ ਵਾਰ ਧਰਤੀ ਹਿੱਲੀ। ਅਮਰੀਕੀ ਸਰਵੇਖਣ ਵਿਚ ਦੱਜਸਿਆ ਗਿਆ ਕਿ ਭੂਚਾਲ ਦਾ ਪਹਿਲਾ ਝਟਕਾ ਐਂਕਰੇਜ ਤੋਂ 12 ਕਿਲੋਮੀਟਰ ਉਤਰ ਵਿਚ ਮਹਿਸੂਸ ਕੀਤਾ ਗਿਆ। ਐਂਕਰੇਜ ਅਲਾਸਕਾ ਦਾ ਸਭ ਤੋਂ ਵੱਡਾ ਸ਼ਹਿਰ ਹੈ ਜਇੱਥੇ ਦੀ ਕੁੱਲ ਆਬਾਦੀ ਤਿੰਨ ਲੱਖ ਹੈ। ਭੂਚਾਲ ਦੇ ਪਹਿਲੇ ਝਟਕੇ ਦੇ ਕੁਝ ਮਿੰਟ ਬਾਅਦ ਹੀ ਹੋਰ ਤੇਜ਼ ਝਟਕੇ ਮਹਿਸੂਸ ਕੀਤੇ ਗਏ। ਭੂਚਾਲ ਤੋਂ ਬਾਅਦ ਬਿਜਲੀ ਗੁੱਲ ਹੋ ਗਈ ਜਿਸ ਤੋਂ ਬਾਅਦ ਕਰੀਬ 15 ਹਜ਼ਾਰ ਲੋਕਾਂ ਨੇ ਹਨ੍ਹੇਰੇ ਵਿਚ ਰਾਤ ਬਿਤਾਈ। ਭੂਚਾਲ ਤੋਂ ਬਾਅਦ ਕਈ ਇਮਾਰਤਾਂ ਅਤੇ ਪੁਲ ਨੁਕਸਾਨੇ ਗਏ। ਦੱਸ ਦੇਈਏ ਕਿ ਕਰੀਬ 3 ਲੱਖ ਲੋਕ ਆਸ ਪਾਸ ਦੇ ਖੇਤਰ ਵਿਚ ਅਤੇ 1 ਲੱਖ ਲੋਕ ਐਕੋਰੇਜ ਵਿਚ ਰਹਿੰਦੇ ਹਨ।

## ਗੁਰੂ ਰਵਿਦਾਸ ਵਿਸ਼ਵ ਮਹਾਂਪੀਠ ਦੀ ਬੈਠਕ 14 ਨੂੰ ਹਰਿਦੁਆਰ ਵਿਚ

**ਹਰਿਦੁਆਰ–** ਸ੍ਰੀ ਗੁਰੂ ਰਵਿਦਾਸ ਵਿਸ਼ਵ ਮਹਾਂਪੀਠ ਦੀ ਕੌਮੀ ਕਾਰਜਕਾਰਨੀ ਦੀ ਬੈਠਕ 14 ਦਸੰਬਰ ਨੂੰ ਹਰਿਦੁਆਰ ਵਿਚ ਆਯੋਜਿਤ ਕੀਤੀ ਗਈ ਹੈ, ਜਿਸ ਵਿਚ ਕਈ ਸਮਾਜਿਕ ਮੁੱਦਿਆਂ 'ਤੇ ਮੰਥਨ ਹੋਵੇਗਾ। ਇਹ ਜਾਣਕਾਰੀ ਰਵਿਦਾਸ ਮਹਾਂਪੀਠ ਦੇ ਕੌਮੀ ਪ੍ਰਧਾਨ ਜਵਾਲਾਪੁਰ ਦੇ ਵਿਧਾਇਕ ਸੁਰੇਸ਼ ਰਾਠੌਰ ਨੇ ਦਿੱਤੀ।ਉਹ ਸੋਮਵਾਰ ਨੂੰ ਬਹਾਦਰਾਬਾਦ ਹਰਿਦੁਆਰ ਸਥਿਤ ਆਪਣੇ ਕੈਂਪ ਦਫਤਰ ਤੇ ਸੰਬੋਧਨ ਕਰ ਰਹੇ ਸਨ। ਉਹਨਾਂ ਨੇ ਕਿਹਾ ਕਿ ਰਵਿਦਾਸ ਮਹਾਂਪੀਠ ਸਮਾਜ ਵਿਚ ਪਾਈਆਂ ਜਾਂਦੀਆਂ ਬੁਰਾਈਆਂ ਅਤੇ ਸਮਾਜ ਦੇ ਨੌਜਵਾਨਾਂ ਨੂੰ ਸਹੀ ਦਿਸ਼ਾ-ਨਿਰਦੇਸ਼ਨ ਦੇ ਲਈ ਕੰਮ ਕਰ ਰਹੀ ਹੈ। ਉਹਨਾਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਵਰਤਮਾਨ ਮਾਹੌਲ ਵਿਚ ਕੁਝ ਸਮਾਜਿਕ ਮੁੱਦਿਆਂ ਅਤੇ ਸਮਾਜ ਦੇ ਗੰਭੀਰ ਮਾਮਲਿਆਂ'ਤੇ ਸਲਾਹ ਮਸ਼ਵਰੇ ਅਤੇ ਉਹਨਾਂ ਦੇ ਹੱਲ ਦੇ ਲਈ 14 ਦਸੰਬਰ ਨੂੰ ਹਰਿਦੁਆਰ ਵਿਚ ਰਵਿਦਾਸ ਮਹਾਂਪੀਠ ਦੀ ਕਾਰਜਕਾਰਨੀ ਦੀ ਬੈਠਕ ਦਾ ਆਯੋਜਨ ਕੀਤਾ ਗਿਆ ਹੈ।



ਵਿਧਾਇਕ ਰਾਠੌਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਬੈਠਕ ਵਿਚ ਉਤਰਾਖੰਡ ਦੀ ਰਾਜਪਾਲ ਬੇਬੀ ਰਾਣੀ ਮੌਰੀਆ ਅਤੇ ਹਰਿਆਣਾ ਦੇ ਰਾਜਪਾਲ ਸਤਿਆਦੇਵ ਨਰਾਇਣ ਆਰੀਆ ਵੀ ਸ਼ਾਮਲ ਹੋਣਗੇ। ਉਹਨਾਂ ਨੇ ਦੱਸਿਆ ਕਿ ਇਹਨਾਂ ਤੋਂ ਇਲਾਵਾ ਭਾਜਪਾ ਦੇ ਕੌਮੀ ਉਪ ਪ੍ਰਧਾਨ ਅਤੇ ਪੀਠ ਦੇ ਅੰਤਰ ਰਾਸ਼ਟਰੀ ਪ੍ਰਧਾਨ ਦੁਸ਼ਿਅੰਤ ਗੌਤਮ, ਮਹਾਂ ਮੰਤਰੀ ਸੁਰਾਜਭ ਕਟਾਰੀਆ ਸਮੇਤ ਸੂਬਿਆਂ ਦੇ ਪੀਠ ਦੇ ਪ੍ਰਧਾਨ, ਮਹਾਂ-ਪੀਠਾਧੀਸ਼ਵਰਅਤੇ ਭਾਰਤ ਦੇ ਅਨੇਕਾਂ ਕੇਂਦਰੀ ਮੰਤਰੀ ਵੀ ਸ਼ਾਮਲ ਹੋਣਗੇ। ਵਰਣਨਯੋਗ ਹੈ ਕਿ ਸ੍ਰੀ ਗੁਰੂ ਰਵਿਦਾਸ ਵਿਸ਼ਵ ਮਹਾਂਪੀਠ ਦਾ ਗਠਨ ਹਰਿਦੁਆਰ ਦੇ ਪ੍ਰੇਮ ਨਗਰ ਆਸ਼ਰਮ ਵਿਚ 5 ਮਾਰਚ ਨੂੰ ਹੋਇਆ ਸੀ ਅਤੇ ਉਦੋਂ 11 ਸੂਬਿਆਂ ਦੇ ਪ੍ਰਤੀਨਿਧੀਆਂ ਨੇ ਇਸ ਵਿਚ ਭਾਗ ਲਿਆ ਸੀ। ਜਦਕਿ ਅੱਜ ਮਹਾਂਪੀਠ ਦੀਆਂ ਸਾਰੇ ਰਾਜਾਂ ਵਿਚ ਆਪਣੀ ਇਕਾਈ ਹੈ ਜੋ ਸਮਾਜਿਕ ਮੁੱਦਿਆਂ 'ਤੇ ਆਪਣੇ ਸਮਾਜ ਦੀ ਲੜਾਈ ਲੜ ਰਹੇ ਹਨ। ਇਸ ਮੌਕੇ 'ਤੇ ਵਿਧਾਇਕ ਸੁਰੇਸ਼ ਰਾਠੌਰ ਨੇ ਕਿਹਾ ਕਿ ਸੰਤ ਸ਼੍ਰੋਮਣੀ ਗੁਰੂ ਰਵਿਦਾਸ ਦੀਆਂ ਸਿੱਖਿਆਵਾਂ ਅੱਜ ਵੀ ਪ੍ਰਸੰਗਿਕ ਹਨ, ਜਿਹਨਾਂ ਨੇ ਜੀਵਨ ਭਰ ਛੂਆ-ਛਾਤ ਦੀ ਲੜਾਈ ਲੜੀ। ਉਹਨਾਂ ਨੇ ਕਿਹਾ ਕਿ ਅੱਜ ਸਮਾਜ ਪੜ੍ਹ-ਲਿਖ ਤਾਂ ਗਿਆ ਪਰ ਠੀਕ ਤਰੀਕੇ ਨਾਲ ਸਿੱਖਿਅਤ ਨਹੀਂ ਹੋ ਸਕਿਆ। ਉਹਨਾਂ ਨੇ ਉਦਾਹਰਣ ਦਿੰਦਿਆਂ ਦੱਸਿਆ ਕਿ ਗੁਰੂ ਰਵਿਦਾਸ ਆਪਣੇ ਸਮੇਂ ਵਿਚ ਪੜ੍ਹੇ ਲਿਖੇ ਨਹੀਂ ਸਨ ਪਰ ਉਹਨਾਂ ਨੇ ਚੰਗੇ ਵਿਦਵਾਨਾਂ ਨੂੰ ਵੀ ਗਿਆਨ ਵਿਚ ਹਰਾਇਆ।

## ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਸੈਕਰਾਮੈਂਟੋ ਯੂਬਾ ਸਿਟੀ ਦੀ ਮੀਟਿੰਗ

**ਸੈਕਰਾਮੈਂਟੋ–** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਸੈਕਰਾਮੈਂਟੋ ਯੂਬਾ ਸਿਟੀ ਦੀ ਮੀਟਿੰਗ 11 ਨਵੰਬਰ 2018 ਦਿਨ ਐਤਵਾਰ ਨੂੰ ਮਾਊਂਨਟੇਨ ਮਾਈਕ ਪੀਜ਼ਾ ਆਬਰਨ ਬੂਲੇਵਰਡ ਸੈਕਰਾਮੈਂਟੋ ਵਿਖੇ ਜਸਵੰਤ ਸ਼ੀਮਾਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸਭ ਤੋਂ ਪਹਿਲਾਂ ਕੈਲੀਫੋਰਨੀਆ ਵਿਚ ਲੱਗੀਆਂ ਅੱਗਾਂ ਕਾਰਨ ਹੋਏ ਨੁਕਸਾਨ ਤੇ ਦੁੱਖ ਪ੍ਰਗਟ ਕੀਤਾ ਗਿਆ ਅਤੇ ਅੱਗ ਦੀ ਲਪੇਟ ਵਿੱਚ ਆਉਣ ਕਰਕੇ ਮਾਰੇ ਗਏ ਲੋਕਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੋਨ ਧਾਰਨ ਕੀਤਾ ਇਸ ਪਿੱਛੋਂ ਕਾਨਫਰੰਸ ਵਾਰੇ ਵਿਚਾਰਾਂ ਕੀਤੀਆਂ ਗਈਆਂ ਅਤੇ ਕਾਨਫਰੰਸ ਦੀ ਤਾਰੀਖ 27ਅਪ੍ਰੈਲ 2019 ਨਿਰਧਾਰਿਤ ਕੀਤੀ ਗਈ।

ਪੀਜ਼ਾ ਬਰੇਕ ਤੋਂ ਪਿੱਛੋਂ ਕਵੀ ਦਰਬਾਰ ਵਿਚ ਜਿਹਨਾਂ ਕਵੀਆਂ ਨੇ ਆਪਣੀਆਂ ਰਚਨਾਵਾਂ ਨਾਲ ਸਾਂਝ ਪਾਈ ਉਹਨਾਂ ਦੇ ਨਾਮ ਇਸ ਪ੍ਰਕਾਰ ਹਨ- ਰਾਠੇਸ਼ਵਰ ਸੂਰਾਪੁਰੀ, ਹਰਬੰਸ ਜਗਿਆਸੂ, ਜਸਵੰਤ ਸ਼ੀਮਾਰ, ਮਨਜੀਤ ਸੇਖੋਂ, ਅਜੈਬ ਚੀਮਾ, ਗੁਰਪਾਲ ਖਹਿਰਾ, ਹਰਭਜਨ ਢੇਰੀ ਅਤੇ ਫਕੀਰ ਮੱਲੀ।

*****

## ਲੋਕ ਸਾਹਿਤ ਸੰਗਮ ਦੀ ਸਾਹਿਤਕ ਬੈਠਕ ਵਿੱਚ ਕਵੀਆਂ ਨੇ ਰੰਗ ਬਖੇਰੇ




**ਰਾਜਪੁਰਾ (ਡਾ ਗੁਰਵਿੰਦਰ ਅਮਨ) –** ਲੋਕ ਸਾਹਿਤ ਸੰਗਮ ਰਾਜਪੁਰਾ ਦੀ ਸਾਹਿਤਕ ਬੈਠਕ ਰੋਟਰੀ ਭਵਨ ਵਿਚ ਵਿਸ਼ੇਸ਼ ਮਹਿਮਾਨ ਬਲਦੇਵ ਸਿੰਘ ਖੁਰਾਣਾ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਗੁਰਵਿੰਦਰ ਆਜ਼ਾਦ ਨੇ ਆਪਣੀ ਕਵਿਤਾ ਨਾਲ ਸਭਾ ਦਾ ਆਗਾਜ਼ ਕੀਤਾ। ਅਵਤਾਰ ਪੁਆਰ ਦੀ ਗ਼ਜ਼ਲ ਕਾਬਲੇ ਤਾਰੀਫ ਸੀ।ਸੁਰਿੰਦਰ ਸਿੰਘ ਸੋਹਣਾ ਰਾਜੇਮਾਜ਼ਰੀਆ ਨੇ ਸੰਗਮ ਦੀਆਂ ਜੜਾਂ ਲਗਾਉਣ ਵਾਲਿਓ ਕਵਿਤਾ ਸੁਣਾਈ। ਡਾ ਹਰਜੀਤ ਸਿੰਘ ਸੱਧਰ ਨੇ ਸੁਰੀਲੀ ਆਵਾਜ਼ ਵਿਚ ਟੱਪੇ ਸੁਣਾਏ। ਸੰਗਮ ਦੇ ਪ੍ਰਧਾਨ ਡਾ ਗੁਰਵਿੰਦਰ ਅਮਨ ਨੇ ਆਪਣੀ ਕਵਿਤਾ ਕਾਰੀ ਨਾਲ ਸਭਾ ਨੂੰ ਭਾਵੁਕ ਕਰ ਦਿਤਾ। ਜਾਨੀ ਜੀਰਾਕਪੁਰੀਆ ਨੇ ਗੁਡੀ ਕਵਿਤਾ ਸੁਣਾਕੇ ਮਾਹੌਲ ਸਿਰਜਿਆ। ਅੰਗਰੇਜ ਕਲੇਰ ਦੀ ਕਵਿਤਾ ਪ੍ਰੌੜਤਾ ਭਰਪੂਰ ਸੀ। ਬਲਬੀਰ ਸਿੰਘ ਫੌਜੀ ਦੀ ਕਵਿਤਾ ,ਅਮਰਜੀਤ ਸਿੰਘ ਲੁਬਾਣਾ ਅਤੇ ਬਚਨ ਸਿੰਘ ਬਚਨ ਸੋਢੀ ਦੀ ਕਵਾਲੀ ਵਧੀਆ ਸੀ ,ਜਮਨਾ ਪ੍ਰਕਾਸ਼ ਨਾਚੀਜ਼, ਦੇਸ ਰਾਜ ਨਿਰੰਕਾਰੀ ਅਤੇ ਬਲਦੇਵ ਸਿੰਘ ਖੁਰਾਣਾ ਨੇ ਬਹੁਤ ਵਧੀਆ ਸ਼ੇਅਰ ਸੁਣਾਏ।

## ਧੀ ਦੀ ਪੁਕਾਰ

ਮੈਂ ਚੈਨਲਾਂ ਲਈ ਨਿਊਜ਼ ਬਣੀ
ਬਣ ਕਵਿਤਾ ਰਹਿ ਗਈ ਕਵੀਆਂ ਲਈ
ਚਰਚਾ ਬਣ ਅਖ਼ਬਾਰਾਂ ਦਾ
ਖਾਮੋਸ਼ ਹੋ ਗਈ ਸਦੀਆਂ ਲਈ
ਇਹ ਦੁਨੀਆਂਦਾਰੀ ਤੇ' ਬਚਪਨ
ਸ਼ਾਇਦ ਆਇਆ ਹੀ ਨਹੀਂ ਰਾਸ ਮੈਨੂੰ
ਧੀਆਂ ਵਾਲਿਓ ਦੱਸ ਦਿਓ
ਕਿ ਕਦੋਂ ਮਿਲੂ ਇਨਸਾਫ਼ ਮੈਨੂੰ

ਇਨਸਾਨੀਅਤ ਉਦੋਂ ਕਿੱਥੇ ਸੀ
ਜਦੋਂ ਕਹਿਰ ਮੇਰੇ ਤੇ ਢਾਇਆ ਗਿਆ
ਰੱਬ ਮੰਦਰ ਛੱਡ ਕੇ ਦੌੜ ਗਿਆ
ਜਦੋਂ ਡਾਹਢਾ ਜ਼ੁਲਮ ਕਮਾਇਆ ਗਿਆ

ਚੀਕ ਨਾ ਮੇਰੀ ਪੁਕਾਰ ਸੁਣੀ
ਜਿਸ ਰੱਬ ਤੇ ਸੀ ਵਿਸ਼ਵਾਸ ਮੈਨੂੰ
ਦਰਦ ਮੇਰੇ ਨੂੰ ਵੇਖ ਲਇਓ
ਧੀ ਆਪਣੀ ਦੇ ਨਾਲ ਤੋਲ ਕਦੇ
ਤੁਸੀਂ ਸਿਰ ਦੁੱਖਦੇ ਤੋਂ ਤੜਫ ਉੱਠੋ
ਦੁੱਖ ਵੇਖਿਓ ਮੇਰਾ ਫਰੋਲ ਕਦੇ
ਜੋ ਪਲ ਪਲ ਕਰਕੇ ਤੜਫੀ ਹਾਂ
ਤੜਫਾਓਂਦਾ ਉਹ ਅਹਿਸਾਸ ਮੈਨੂੰ

ਕਿਉਂ ਕੰਨਾਂ ਦੇ ਵਿੱਚ ਉਂਗਲਾਂ ਨੇ
ਕਿਉਂ ਬੁੱਲ੍ਹਾਂ ਤੇ ਚੁੱਪ ਧਾਰੀ ਆ
ਇੱਥੇ ਕੱਲ੍ਹ ਨੂੰ ਥੋਡੀ ਧੀ ਹੋਊ
ਮੈਂ ਅੱਜ ਕਿਸੇ ਜਿਉਂ ਮਾਰੀ ਆਂ

"ਵੀਰਪਾਲ" ਇਸ ਦੁਨੀਆਂ ਤੋਂ
ਅੱਜ ਕਾਮ ਦੀ ਆਵੇ ਬਾਸ ਮੈਨੂੰ

**–"ਵੀਰਪਾਲ ਕੌਰ ਭੱਠਲ**
91-97810-13953






# ਹਾਸੇ ਮਜ਼ਾਕ ਅਤੇ ਡਾਂਸ ਨਾਲ ਭਰਪੂਰ ਰਹੀ ਪ੍ਰਿਅੰਕਾ ਤੇ ਨਿੱਕ ਦੀ ਪਾਰਟੀ

**ਜੋਧਪੁਰ–** ਅਭਿਨੇਤਰੀ ਪ੍ਰਿਅੰਕਾ ਚੋਪੜਾ ਅਤੇ ਗਾਇਕ ਨਿਕ ਜੋਨਜ਼ ਨੇ ਅੱਜ ਇਥੇ ਹਿੰਦੂ ਰਸਮਾਂ ਅਨੁਸਾਰ ਫੇਰੇ ਲੈਣ ਤੋਂ ਪਹਿਲਾਂ ਆਏ ਮਹਿਮਾਨਾਂ ਅੱਗੇ ਲਾਈਵ ਪਰਫਾਰਮੈਂਸ ਦਿੱਤੀ ਅਤੇ ਮਹਿਮਾਨਾਂ ਤੇ ਰਿਸ਼ਤੇਦਾਰਾਂ ਨੇ ਜੀਅ ਭਰ ਕੇ ਡਾਂਸ ਕੀਤਾ। ਪ੍ਰਿਅੰਕਾ ਨੇ ਕਿਹਾ ਕਿ ਇਹ ਸੰਗੀਤਮਈ ਸ਼ਾਮ ਉਨ੍ਹਾਂ ਲਈ ਇੱਕ ਦੂਜੇ ਨਾਲ ਜ਼ਿੰਦਗੀ ਦੀ ਬਿਹਤਰੀਨ ਸ਼ੁਰੂਆਤ ਮੌਕੇ ਵਿਸ਼ੇਸ਼ ਰਹੀ ਹੈ। ਪ੍ਰਿਅੰਕਾ ਨੇ ਮਹਿੰਦੀ ਦੀ ਰਸਮ ਦੀਆਂ ਫੋਟੋਆਂ ਸ਼ੇਅਰ ਕਰਦਿਆਂ ਮਸਤੀ ਨਾਲ ਭਰੇ ਸੰਗੀਤ ਸਮਾਰੋਹ ਦੀਆਂ ਫੋਟੋਆਂ ਦਿਖਾਈਆਂ। ਉਸਨੇ ਕਿਹਾ ਕਿ ਐਤਵਾਰ ਦੀ ਸ਼ਾਮ ਉਨ੍ਹਾਂ ਦੋਵਾਂ ਲਈ ਬੇਹੱਦ ਖਾਸ ਸੀ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨੇ ਉਨ੍ਹਾਂ ਦੋਵਾਂ ਲਈ ਖਾਸ ਡਾਂਸ ਪਰਫਾਮੈਂਸ ਦਿੱਤੀ। ਉਸਨੇ ਕਿਹਾ ਕਿ ਇਹ ਸਮਾਰੋਹ ਦੋਵਾਂ ਪਰਿਵਾਰਾਂ ਦੇ ਵਿਚ ਸੰਗੀਤ ਮੁਕਾਬਲੇ ਦੀ ਤਰ੍ਹਾਂ ਜ਼ਬਰਦਸਤ ਢੰਗ ਨਾਲ ਸ਼ੁਰੂ ਹੋਇਆ ਅਤੇ ਪਿਆਰ ਭਰਿਆ ਰਿਹਾ। 'ਨਿਕ ਅਤੇ ਮੈਂ ਸ਼ਾਦੀ ਤੋਂ ਪਹਿਲਾਂ ਦੀ ਇੱਕ ਹੋਰ ਰਸਮ ਲਈ ਉਤਸ਼ਾਹਤ ਸਾਂ। ਪ੍ਰਿਅੰਕਾ ਸੰਗੀਤ ਵਿਚ ਆਪਣੇ ਦੇਸੀ ਕੁੜੀ ਵਾਲੇ ਰੂਪ ਵਿਚ ਨਜ਼ਰ ਆਈ। ਉਸ ਨੇ ਅਬੂਜਾਨੀ ਅਤੇ ਸੰਦੀਪ ਖੋਸਲਾ ਦੀ ਸੁਨਹਿਰੀ ਅਤੇ ਚਾਂਦੀ ਰੰਗ ਦੀ ਕੱਢਾਈ ਵਾਲੀ ਸਾੜ੍ਹੀ ਪਹਿਨੀ ਹੋਈ ਸੀ। ਨਿਕ ਨੀਲੇ ਰੰਗ ਦੀ ਰੇਸ਼ਮੀ ਸ਼ੇਰਵਾਨੀ ਵਿਚ ਬੇਹੱਦ ਫੱਬ ਰਿਹਾ ਸੀ। ਅਭਿ-ਨੇਤਰੀ ਪਰਿਨੀਤੀ



ਚੋਪੜਾ ਨੇ ਇਸ ਮੌਕੇ ਨਵੀਂ ਜੋੜੀ ਲਈ ਖਾਸ ਪੇਸ਼ਕਾਰੀ ਦਿੱਤੀ। ਨਿਕ ਦੀ ਭਰਜਾਈ ਸੋਫੀ ਟਰਨਜ਼ ਵੀ ਪਾਰਟੀ ਵਿਚ ਸ਼ਾਮਲ ਹੋਈ। ਨਿਕ ਦੇ ਭਾਈ ਜੋਇ ਦੇ ਗੀਤ ਉੱਤੇ ਪ੍ਰਿਅੰਕਾ ਨੇ ਆਪਣੀ ਮਾਂ ਮਧੂ ਤੇ ਪਤੀ ਨਿਕ ਨਾਲ ਡਾਂਸ ਕੀਤਾ।

### ਪ੍ਰਿਯੰਕਾ-ਨਿੱਕ ਦੀ ਰਿਸੈਪਸ਼ਨ 'ਚ ਪਹੁੰਚੇ ਪ੍ਰਧਾਨ ਮੰਤਰੀ

ਵਿਆਹ ਤੋਂ ਬਾਅਦ ਪ੍ਰਿਯੰਕਾ ਚੋਪੜਾ ਤੇ ਨਿੱਕ ਜੋਨਸ ਦੀ ਰਿਸੈਪਸ਼ਨ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਇਲਾਵਾ ਕਈ ਮਸ਼ਹੂਰ ਹਸਤੀਆਂ ਤੇ ਨਜ਼ਦੀਕੀ ਦੋਸਤਾਂ ਨੇ ਸ਼ਮੂਲੀਅਤ ਕੀਤੀ। ਇਹ ਜੋੜਾ ਅੱਜ ਕੌਮੀ ਰਾਜਧਾਨੀ ਪਹੁੰਚਿਆ ਤੇ ਰਾਜਾ ਬਾਗ ਖੇਤਰ ਸਥਿਤ ਹੋਟਲ ਤਾਜ ਪੈਲੇਸ 'ਚ ਦੋਵਾਂ ਦੀ ਰਿਸੈਪਸ਼ਨ ਰੱਖੀ ਗਈ। ਇਸ ਹੋਟਲ ਦੁਆਲੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ ਤੇ ਪ੍ਰਧਾਨ ਮੰਤਰੀ ਮੋਦੀ ਦੇ ਆਉਣ ਮਗਰੋਂ ਇੱਥੇ ਵੱਡੇ ਪੱਧਰ 'ਤੇ ਪੁਲੀਸ ਵੀ ਤਾਇਨਾਤ ਰਹੀ। ਸਟੇਜ 'ਤੇ ਪ੍ਰਿਯੰਕਾ ਚੋਪੜਾ ਦੀ ਮਾਂ ਮਧੂ ਚੋਪੜਾ ਅਤੇ ਨਿੱਕ ਜੋਨਸ ਦੇ ਮਾਪੇ ਡੈਨੀਸ ਮਿੱਲਰ ਜੋਨਸ ਅਤੇ ਪੌਲ ਕੇਵਿਨ ਜੋਨਸ ਸਨ। ਜ਼ਿਕਰਯੋਗ ਹੈ ਕਿ ਜੋਧਪੁਰ ਦੇ ਉਮੈਦ ਭਵਨ ਵਿੱਚ ਪ੍ਰਿਯੰਕਾ ਤੇ ਨਿੱਕ ਦੋਵਾਂ ਨੇ ਪਹਿਲੀ ਦਸੰਬਰ ਨੂੰ ਕੈਥੋਲਿਕ ਰੀਤੀ ਰਿਵਾਜ਼ ਮੁਤਾਬਕ ਵਿਆਹ ਕਰਵਾਇਆ ਸੀ ਤੇ ਦੋ ਦਸੰਬਰ ਨੂੰ ਹਿੰਦੂ ਧਰਮ ਮੁਤਾਬਕ ਰਸਮਾਂ ਹੋਈਆਂ ਸਨ।

# ਦੋ ਦਿਨਾਂ ਵਿਸ਼ਵ ਪੰਜਾਬੀ ਕਾਨਫਰੰਸ ਕੁਆਲਾਲੰਪੁਰ, ਮਲੇਸ਼ੀਆ 'ਚ ਪੰਜਾਬੀ ਭਾਈਚਾਰੇ ਨੂੰ ਦਰਪੇਸ਼ ਸਮੱਸਿਆਵਾਂ ਨੂੰ ਵਿਚਾਰਿਆ

ਦੁਨੀਆਂ ਭਰ ਚ ਫੈਲੇ ਪੰਜਾਬੀਆਂ ਦੇ 'ਅਤੀਤ, ਸਮਕਾਲੀ ਅਤੇ ਭਵਿੱਖ' ਦੀਆਂ ਸਮੱਸਿਆਵਾਂ ਅਤੇ ਉਹਨਾਂ ਨਾਲ ਨਿਪਟਣ ਲਈ ਸੰਜੀਦਗੀ ਨਾਲ ਵਿਚਾਰ ਵਟਾਂਦਰਾ ਕਰਨ ਹਿੱਤ ਵਿਸ਼ਵ ਪੰਜਾਬੀ ਭਾਈਚਾਰਾ, ਰਜਿ. ਵੱਲੋਂ ਸੰਦੀਪ ਵਰਮਾ ਚੇਅਰਮੈਨ, ਮਨਦੀਪ ਸਿੰਘ ਪ੍ਰਧਾਨ ਆਜ਼ਾਦ ਪੰਜਾਬੀ ਮੰਚ ਮਲੇਸ਼ੀਆ, ਮਨਦੀਪ ਸਿੰਘ ਮਲੇਸ਼ੀਆ, ਹਰਮੀਤ ਸਿੰਘ ਕਾਲੜਾ ਐਡੀਟਰ ਰਾਜਾ ਫਿਲਮਜ਼, ਸੰਦੀਪ ਬੱਤਰਾ ਅਤੇ ਮਲੇਸ਼ੀਆ ਵਸਦੇ ਸਮੂਹ ਪੰਜਾਬੀਆਂ ਦੇ ਸਹਿਯੋਗ ਨਾਲ ਡਾ.ਕੰਵਰ ਜਸਮਿੰਦਰ ਪਾਲ ਸਿੰਘ ਅਤੇ ਡਾ. ਦੀਪਕ ਮਨਮੋਹਣ ਸਿੰਘ ਦੀ ਸੁਚੱਜੀ ਅਤੇ ਯੋਗ ਅਗਵਾਈ ਹੇਠ ਨੇਤਾਜੀ ਸੁਭਾਸ਼ ਚੰਦਰ ਬੋਸ ਇੰਡੀਅਨ ਕਲਚਰ ਸੈਂਟਰ ਬ੍ਰਿਕਫੀਲਡਜ਼, ਕੁਆਲਾਲੰਪੁਰ (ਮਲੇਸ਼ੀਆ) ਵਿਖੇ ਦੋ ਦਿਨਾਂ ਵਿਸ਼ਵ ਪੰਜਾਬੀ ਕਾਨਫਰੰਸ ਕਰਵਾਈ ਗਈ। ਮੈਨੂੰ ਵੀ ਇਸ ਕਾਨਫਰੰਸ ਵਿਚ ਨਿੱਜੀ ਤੌਰ ਤੇ ਸਮੂਲੀਅਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਇਸ ਵਿੱਚ ਸ੍ਰੀ ਏ.ਕੇ.ਨਾਇਅਰ ਡਾਇਰੈਕਟਰ ਦਫਤਰ ਮਲੇਸ਼ੀਆ ਸਥਿਤ ਭਾਰਤੀ ਹਾਈ ਕਮਿਸ਼ਨਰ ਨੇ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ।ਉਹਨਾਂ ਕਾਨਫਰੰਸ ਦੀ ਸ਼ੁਰੂਆਤ ਸ਼ਮ੍ਹਾਂ ਰੌਸ਼ਨ ਕਰਕੇ ਕੀਤੀ ਗਈ।




ਵਿਸ਼ਵ ਪੰਜਾਬੀ ਕਾਨਫਰੰਸ ਚ ਪ੍ਰੋ:ਨਵਰੂਪ ਕੌਰ ਨੇ ਕਾਨਫਰੰਸ ਦੀ ਸ਼ੁ-ਰੂਆਤ ਕਵੀਤਰੀ ਮਨਜੀਤ ਇੰਦਰਾ ਦੀ ਕਵਿਤਾ "ਗੈਰਾਂ ਦਿਆਂ ਮੋਢਿਆਂ ਦਾ ਆਸਰਾ ਨਾ ਟੋਹਲੀਏ" ਨਾਲ ਕਰਵਾਈ।ਫਿਰ "ਨਾ ਬੂਹਾ ਨਾ ਬਾਰੀ ਨਾ ਕੋਈ ਬਨੇਰਾ ਦੀਵਾ ਜਗਾਕੇ ਵੀ ਰੱਖਾਂਗੇ ਕਿੱਥੇ?" ਨਾਲ ਕਾਨਫਰੰਸ ਨੂੰ ਅਗਲੇ ਪੜਾਅ ਵੱਲ ਤੋਰਿਆ।ਆਜਾਦ ਪੰਜਾਬੀ ਮੰਚ ਦੇ ਚੇਅਰਮੈਨ ਸੰਦੀਪ ਵਰਮਾ ਨੇ "ਮੋਰੀ ਰੱਖਿਓ ਲਾਜ ਗੁਰੂ ਦੇਵ" ਸੁਣਾ ਕੇ ਆਏ ਡੈਲੀਗੇਟਾਂ ਨੂੰ ਜੀ ਆਇਆਂ ਆਖਿਆ।

ਕਾਨਫਰੰਸ ਚ ਡਾ.ਰਵੀ ਰਵਿੰਦਰ ਦਿੱਲੀ ਨੇ ਪਰਚਾ ਪੜਦਿਆਂ ਵਿਦੇਸ਼ਾਂ ਚ ਵਸਦੇ ਪੰਜਾਬੀਆਂ ਦੀਆਂ ਅਗਲੀਆਂ ਪੀੜ੍ਹੀਆਂ ਚੋਂ ਮਾਂ ਬੋਲੀ ਪੰਜਾਬੀ ਅਤੇ ਸੱਭਿਆਚਾਰ ਸੰਬੰਧੀ ਮੋਹ ਦਾ ਘਟਣਾ ਦੇ ਵਿਸ਼ੇ ਤੇ ਗੰਭੀਰ ਚਿੰਤਾ ਦਾ ਪ੍ਰਗਟਾਵਾ ਕੀਤਾ। ਪੰਜਾਬੀਆਂ ਦਾ ਸਾਹਿਤ, ਸਮਾਜ, ਬੋਲੀ, ਭਾਸ਼ਾ ਪ੍ਰਤੀ ਮੋਹ ਦਾ ਭੰਗ ਹੋਣਾ ਆਰਥਿਕ ਸਥਿਤੀ ਤੇ ਨਿਰਭਰ ਕਰੇਗਾ। ਪੰਜਾਬੀਆਂ ਚ ਸਿਧਾਂਤਕ ਅਤੇ ਵਿਵਹਾਰਿਕ ਪਾੜਾ ਵਧ ਗਿਆ ਹੈ। ਸਾਡੇ ਵਿੱਚ ਢੀਠ ਕਿਸਮ ਦੀ ਪ੍ਰਵਿਰਤੀ ਅਤੇ ਜੁਗਾੜੂ ਕਿਸਮ ਦੀ ਸੋਚ ਪ੍ਰਫੁੱਲਤ ਹੋ ਗਈ ਹੈ। ਸਮਕਾਲੀਨ ਦੌਰ ਚ ਦਿਖਾਵਾਪਣ ਭਾਰੂ ਹੋਣ ਕਾਰਣ ਜਨਮ, ਮਰਣ, ਜਨਮ ਦਿਨ, ਵਿਆਹ ਆਦਿ ਸਮਾਗਮਾਂ ਚ ਫਰਕ ਕਰਨਾ ਨਾਮੁਮਕਿਨ ਹੋ ਗਿਆ ਹੈ। ਵਿਦੇਸ਼ੀ ਰੁਝਾਨ ਦੀ ਭੇਡਚਾਲ ਨੇ ਸਾਡੀਆਂ ਸੱਭਿਆਚਾਰਕ ਅਤੇ ਸਮਾਜਿਕ ਪਵਿੱਤਰਤਾ ਭੰਗ ਕਰਕੇ ਸਿਧਾਂਤਕ ਅਤੇ ਵਿਵਹਾਰਿਕ ਪਾੜਾ ਨੂੰ ਵਧਾਉਣ ਚ ਖਤਰਨਾਕ ਭੂਮਿਕਾ ਨਿਭਾਈ ਹੈ। ਟੈਕਨਾਲੋਜੀ ਦੇ ਪਾਸਾਰ ਨੇ ਸੰਵਾਦ ਦੀ ਪ੍ਰਵਿਰਤੀ ਨੂੰ ਗਹਿਰੀ ਸੱਟ ਮਾਰੀ ਹੈ। ਉਹਨਾਂ ਪਰਿਵਾਰਾਂ, ਸਕੂਲਾਂ ਅਤੇ ਸਮਾਜ 'ਚ ਵਿਚਾਰ ਵਟਾਂਦਰਾ ਕਰਨ ਦੀ ਲੋੜ ਤੇ ਜੋਰ ਦਿੱਤਾ।

ਡਾ.ਅਮਰਪਾਲ ਸਿੰਘ ਰੰਧਾਵਾ ਐਡਵੋਕੇਟ ਨੇ ਪੰਜਾਬੀ ਅੱਖਰਾਂ ਦਾ ਆਰਕੀਟੈਕਟ ਸਮਝਾਇਆ ਅਤੇ ਪੰਜਾਬੀ ਬੋਲਣ ਅਤੇ ਲਿਖਣ ਲਈ ਡੂੰਘਾਈ ਨਾਲ ਸਮਝਣ ਦੀ ਲੋੜ 'ਤੇ ਜ਼ੋਰ ਦਿੱਤਾ। ਉਹਨਾਂ ਨਾਹ ਪੱਖੀ ਸੋਚ ਚੋਂ ਹਾਂ ਪੱਖੀ ਸੁਝਾਵਾਂ ਨੂੰ ਉਭਾਰਨ ਦੀ ਪ੍ਰਵਿਰਤੀ ਨੂੰ ਪ੍ਰਫੁਲਿਤ ਕਰਨ ਦਾ ਸੁਝਾਅ ਦਿੱਤਾ। ਡਾ. ਦੀਪਕ ਮਨਮੋਹਨ ਸਿੰਘ ਨੇ ਵਿਸ਼ਵ ਪੰਜਾਬੀ ਭਾਈਚਾਰਾ ਸੰਸਥਾ ਦੇ ਮਾਣਮੱਤੇ ਇਤਿਹਾਸ ਸੰਬੰਧੀ ਜਾਣੂ ਕਰਵਾਉਂਦਿਆਂ ਵਿਦੇਸ਼ੀ ਅਤੇ ਪੰਜਾਬ ਵਸਦੇ ਪੰਜਾਬੀਆਂ ਨੂੰ ਸਮੱਸਿਆਵਾਂ ਦੇ ਜੰਜਾਲ ਚੋਂ ਨਿਕਲਣ ਲਈ ਮਿਲ ਬੈਠ ਕੇ ਸੰਵਾਦ ਰਚਾਉਣ ਅਤੇ ਵਿਚਾਰ ਵਟਾਂਦਰਾ ਕਰਨ ਦੀ ਲੋੜ ਤੇ ਜੋਰ ਦਿੱਤਾ।

ਡਾ. ਅਸ਼ੋਕ ਗੁਪਤਾ ਆਈ.ਏ.ਐਸ. ਪੰਜਾਬੀਆਂ ਨੂੰ ਭਾਸ਼ਾ, ਸੱਭਿਆਚਾਰ, ਸਮਾਜਿਕ, ਪਰਿਵਾਰਕ ਅਤੇ ਨੈਤਿਕ ਕਦਰਾਂ ਕੀਮਤਾਂ ਨੂੰ ਧਾਰਨ ਕਰਨ ਦਾ ਹੋਕਾ ਦਿੰਦਿਆਂ ਪਿੱਤਰੀ ਜੜ੍ਹਾਂ ਨਾਲ ਜੁੜਨ ਅਤੇ ਜ਼ਿੰਦਗੀ ਤਰੱਕੀ ਕਰਨ ਲਈ ਹੋਰ ਭਾਸ਼ਾਵਾਂ ਅਪਣਾਉਣ ਦੀ ਆੜ ਚ ਪੰਜਾਬੀ ਨਾ ਭੁੱਲਣ ਦੀ ਨਸੀਹਤ ਵੀ ਦਿੱਤੀ। ਉਹਨਾਂ ਪੰਜਾਬੀਆਂ ਦੀਆਂ ਜਿੱਤਾਂ ਦਾ ਹਵਾਲਾ ਦਿੰਦਿਆਂ ਉਹਨਾਂ ਨੂੰ ਬਹਾਦਰੀ ਅਤੇ ਜੁਝਾਰੂ ਕੌਮ ਦਾ ਖਿਤਾਬ ਦਿੱਤਾ।

ਕਾਨਫਰੰਸ ਦੇ ਪਹਿਲੇ ਅਕਾਦਮਿਕ ਸ਼ੈਸਨ ਚ ਡਾ.ਸ਼ਿੰਦਰਪਾਲ ਸਿੰਘ ਦੀ ਅਗਵਾਈ ਚ ਪ੍ਰਿੰਸੀਪਲ ਐਸ. ਐਸ. ਸੰਘਾ, ਡਾ.ਬਲਵੰਤ ਸਿੰਘ ਸੰਧੂ, ਡਾ. ਸਤਨਾਮ ਸਿੰਘ ਜੱਸਲ ਅਤੇ ਸਾਹਿਤਕਾਰ ਬੀਬਾ ਬਲਵੰਤ ਨੇ ਪੰਜਾਬੀ ਭਾਈਚਾਰੇ ਦੇ ਮੁੱਦਿਆਂ ਨੂੰ ਉਜਾਗਰ ਕਰਦਿਆਂ ਪੰਜਾਬੀ ਭਾਈਚਾਰੇ ਦੇ ਅਤੀਤ ਦੀਆਂ ਸਮੱਸਿਆਵਾਂ ਤੋਂ, ਭਵਿੱਖ ਦੀਆਂ ਸੰਭਾਵਨਾਵਾਂ ਨੂੰ ਧਾਰਨ ਅਤੇ ਅਜੋਕੇ ਦੌਰ ਚ ਦੁਨੀਆਂ ਦੀਆਂ ਕਾਮਯਾਬ ਕੌਮਾਂ ਤੋਂ ਸੇਧ ਲੈਣ ਲਈ ਪ੍ਰੇਰਿਆ।ਡਾ.ਸਤਨਾਮ ਸਿੰਘ ਜੱਸਲ ਨੇ ਪੰਜਾਬੀ ਭਾਸ਼ਾ ਨੂੰ ਸਿੱਖ ਧਰਮ ਨਾਲ ਜੋੜਨ ਨੂੰ ਪੰਜਾਬੀਅਤ ਲਈ ਨਾਂਹ ਪੱਖੀ ਰੁਝਾਨ ਦੱਸਿਆ। ਉਹਨਾਂ ਸਮੂਹਿਕ ਪੰਜਾਬੀਆਂ ਲਈ ਸਾਂਝੇ ਯਤਨਾਂ ਦੀ ਲੋੜ ਨੂੰ ਉਭਾਰਨ ਤੇ ਜ਼ੋਰ ਦਿੱਤਾ। ਸਟੇਜ ਦੀ ਜੁੰਮੇਵਾਰੀ ਨਿਭਾਉਂਦਿਆਂ ਪ੍ਰੋ. ਨਵਰੀਤ ਕੌਰ ਨੇ ਪੰਜਾਬੀ ਸ਼ੇਅਰੋ ਸ਼ੇਅਰੀ ਨਾਲ ਕਾਨਫਰੰਸ ਦੇ ਪ੍ਰੋਗਰਾਮ ਨੂੰ ਦਿਲਚਸਪ ਬਣਾਇਆ। ਕਵੀ ਦਰਸ਼ਨ ਬੁੱਟਰ ਨੇ

"ਮੈਂ ਹਿਮਾਲਾ ਨੂੰ ਤਲੀ ਤੇ ਮਸਲਿਆ
ਗਲੋਬ ਨੂੰ ਕਿੱਕ ਮਾਰੀ
ਖਿੱਤੀਆਂ ਨੂੰ ਜੇਬ ਚ ਪਾਇਆ
ਪਰ ਸ਼ਾਂਤ ਨਾ ਕਰ ਸਕਿਆ
ਆਪਣੀ ਰੂਹ ਦੇ ਕਲਪਦੇ ਮੋਰ ਨੂੰ" ਕਵਿਤਾਵਾਂ ਰਾਹੀਂ ਚੰਗਾ ਰੰਗ ਬੰਨਿਆ।

ਡਾ. ਬਲਵੰਤ ਸਿੰਘ ਸੰਧੂ ਨੇ ਵਿਸ਼ਵ ਪੰਜਾਬੀ ਭਾਈਚਾਰੇ ਦੀਆਂ ਸਮੱਸਿਆਵਾਂ ਪ੍ਰਤੀ ਅਸਥਾਈ ਦੀ ਥਾਂ ਸਥਾਈ ਯਤਨਾਂ ਨੂੰ ਉਭਾਰਨ ਦੀ ਲੋੜ ਤੇ ਜ਼ੋਰ ਦਿੰਦਿਆਂ ਪੰਜਾਬੀਆਂ ਨੂੰ ਪੰਜਾਬੀਅਤ ਸਾਂਝ ਲਈ ਸੂਤਰਧਾਰ ਕਰਨ ਲਈ ਪ੍ਰੇਰਿਆ।

ਡਾ. ਐਸ. ਐਸ. ਸੰਘਾ (ਪ੍ਰਿੰਸੀਪਲ) ਨੇ ਸਿੱਖਿਆ ਦੇ ਪ੍ਰਬੰਧਕੀ ਢਾਂਚੇ ਚ ਆਏ ਬਦਲਾਅ ਪ੍ਰਤੀ ਜਾਣੂ ਕਰਵਾਉਂਦਿਆਂ ਪੇਂਡੂ ਸਿੱਖਿਆ ਨੂੰ ਮਜਬੂਤ ਕਰਨ ਦੀ ਲੋੜ ਤੇ ਜੋਰ ਦਿੱਤਾ ਅਤੇ ਕਾਮਯਾਬ ਕੌਮਾਂ ਦੀਆਂ ਚੰਗੀਆਂ ਚੀਜ਼ਾਂ ਅਪਣਾਕੇ ਸੁਧਾਰ ਕਰਨ ਚ ਕੋਈ ਹਰਜ ਨਾ ਹੋਣ ਦੀ ਵੀ ਪ੍ਰੋੜ੍ਹਤਾ ਕੀਤੀ। ਸਾਹਿਤਕਾਰ ਬੀਬਾ ਬਲਵੰਤ ਨੇ ਨਾਗਮਣੀ ਪਰਚੇ ਦੇ ਇਤਿਹਾਸ ਦੀਆਂ ਪਰਤਾਂ ਫੋਲਦਿਆਂ ਇਸਦੇ ਸਾਹਿਤ ਅਤੇ ਭਾਸ਼ਾ ਦੇ ਖੇਤਰ ਚ ਯੋਗਦਾਨ ਉੱਪਰ ਚਾਨਣਾ ਪਾਇਆ।

ਡਾ. ਸਵੈਰਾਜ ਸਿੰਘ ਸੰਧੂ ਦੀ ਅਗਵਾਈ ਹੇਠ ਡਾ. ਪ੍ਰਿਥਵੀ ਰਾਜ ਠਾਕੁਰ ਦਿੱਲੀ, ਡਾ. ਨਿਰਮਲ ਸਿੰਘ ਬਾਸੀ, ਸਵੇਤਾ ਮਹਿੰਦਰਾ ਅਤੇ ਡਾ.ਇਕਬਾਲ ਸਿੰਘ ਸੰਧੂ ਨੇ ਪੰਜਾਬੀ ਭਾਈਚਾਰੇ ਦੀ ਉਸਤਤ 'ਚ ਪੰਜਾਬੀਅਤ ਦੀ ਭਾਵਨਾ ਬਾਰੇ ਬੋਲਦਿਆਂ ਕਿਹਾ ਕਿ ਭਾਸ਼ਾ ਕਿਸੇ ਧਰਮ, ਜਾਤ, ਕੌਮ ਆਦਿ ਦੀ ਮੁਥਾਜ ਨਹੀਂ ਹੁੰਦੀ। ਇਸਨੂੰ ਪਾਬੰਦੀਆਂ ਦੀ ਵਲਗਣ 'ਚ ਕੈਦ ਕਰਨਾ ਗਵਾਰਾ ਨਹੀਂ। ਸੂਰਮੇ ਪੰਜਾਬੀ ਦੁਖਾਂਤ ਸਹਿਣਾ ਵੀ ਜਾਣਦੇ ਨੇ ਅਤੇ ਦੁਖਾਂਤ ਚੋਂ ਉਭਰਨਾ ਵੀ ਜਾਣਦੇ ਨੇ।ਇਸਦੀ ਅਹਿਮੀਅਤ ਅਤੇ ਅਹਿਸਾਸ ਨਹੀ ਨੂੰ ਸਮਝਣ ਦੀ ਲੋੜ ਹੈ। ਭਾਸ਼ਾ ਮਨੁੱਖ ਨੂੰ ਵਿਸ਼ਵ ਪੱਧਰ ਤੇ ਸੰਗਠਿਤ ਕਰਨ ਚ ਅਹਿਮ ਰੋਲ ਅਦਾ ਕਰ ਰਹੀ ਹੈ। ਰੰਗ ਮੰਚ ਅਦਾਕਾਰਾ ਸਵੇਤਾ ਮਹਿੰਦਰਾ ਨੇ ਨਾਟਕਾਂ ਰਾਹੀਂ ਭਾਸ਼ਾ ਦੇ ਪ੍ਰਸਾਰ ਤੇ ਵਿਸਥਾਰਤ ਜਾਣਕਾਰੀ ਸਾਂਝੀ ਕੀਤੀ।

ਦੂਸਰੇ ਦਿਨ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਵ ਪੰਜਾਬੀ ਕਾਨਫਰੰਸ ਦੇ ਦੂਜੇ ਅਤੇ ਆਖਰੀ ਦਿਨ ਦੀ ਸ਼ੁਰੂਆਤ ਭਾਰਤ ਸਰਕਾਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਦੇ ਸੰਬੰਧ ਵਿੱਚ ਲਏ ਗਏ ਫੈਸਲਿਆਂ ਦੀ ਪ੍ਰੋੜਤਾ ਕਰਦਿਆਂ ਡਾ. ਸ਼ਿੰਦਰਪਾਲ ਸਿੰਘ ਦੀ ਪ੍ਰਧਾਨਗੀ ਹੇਠ ਵਿਸ਼ਵ ਪੰਜਾਬੀ ਭਾਈਚਾਰੇ ਨੇ ਧੰਨਵਾਦੀ ਮਤਾ ਪਾਸ ਕੀਤਾ। ਕਾਨਫਰੰਸ ਦੇ ਪਹਿਲੇ ਸੈਸ਼ਨ ਚ ਵੀਰਦਵਿੰਦਰ ਸਿੰਘ ਦੀ ਅਗਵਾਈ ਹੇਠ ਕਵੀ ਦਰਸ਼ਨ ਬੁੱਟਰ, ਡਾ. ਬਲਜਿੰਦਰ ਕੌਰ, ਡਾ.ਮਹਿੰਦਰ ਰੰਗਕਰਮੀ, ਤਰਲੋਚਨ ਸਿੰਘ ਤੋਚੀ ਸੰਗੀਤਕਾਰ, ਡਾ. ਇੰਦਰਜੀਤ ਕੌਰ ਅਤੇ ਡਾ. ਮਨਜੀਤ ਇੰਦਰਾ(ਕਵਿਤਰੀ) ਨੇ ਵਿਸ਼ਵ ਪੰਜਾਬੀ ਭਾਈਚਾਰੇ ਦਾ ਸਾਹਿਤ ਅਤੇ ਕਲਾ ਰਾਹੀਂ ਸਮੂਹਿਕ ਪੰਜਾਬੀਆਂ ਦੀ ਇੱਕਮੁੱਠਤਾ 'ਚ ਯੋਗਦਾਨ ਦੇ ਸੰਦਰਭ ਚ ਚਰਚਾ ਹੋਈ।ਕਲਾ ਦੇ ਵੱਖ ਵੱਖ ਖੇਤਰ ਦੀਆਂ ਸਾਹਿਤਕ ਸਖ਼ਸ਼ੀਅਤਾਂ ਨੇ ਪੰਜਾਬੀਆਂ ਨੂੰ ਸੰਸਾਰਕ ਪੱਧਰ ਤੇ ਸੰਘਰਸ਼ਸ਼ੀਲ ਸੰਸਥਾਵਾਂ ਨਾਲ ਮਿਲਕੇ ਕਲਾ ਦੀਆਂ ਵੰਨਗੀਆਂ ਦੇ ਸਾਹਿਤਕਾਰਾਂ ਨੂੰ ਪ੍ਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਨੂੰ ਸਮਝਣ ਅਤੇ ਉਭਾਰਨ ਦੀ ਲੋੜ 'ਤੇ ਜ਼ੋਰ ਦਿੱਤਾ ਅਤੇ ਕਿਹਾ ਕਿ ਵਿਸ਼ਵ ਪੰਜਾਬੀ ਭਾਈਚਾਰੇ ਨੂੰ ਉਪਰਾਲੇ ਕਰਨ ਦੇ ਯਤਨਾਂ ਦੀ ਹਮਾਇਤ ਕਰਨੀ ਚਾਹੀਦੀ ਹੈ। ਸੰਗੀਤਕਾਰ ਤੋਚੀ ਬਾਈ ਨੇ ਅਜੋਕੇ ਪੰਜਾਬੀ ਪੀੜ੍ਹੀ ਦੇ ਕਲਾਕਾਰਾਂ ਦੇ ਸ਼ਬਦ ਉਚਾਰਣ ਚ ਸਮੱਸਿਆ ਉੱਪਰ ਗੰਭੀਰ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਪੰਜਾਬੀ ਮੁਹਾਰਨੀ ਸਿੱਖਣ ਤੇ ਜੋਰ ਦਿੱਤਾ। ਡਾ. ਐਸ. ਐਸ. ਸੰਘਾ, ਡਾ. ਅਸ਼ੋਕ ਗੁਪਤਾ ਆਈ.ਏ.ਐਸ., ਡਾ.ਅਮਰਪਾਲ ਸਿੰਘ ਰੰਧਾਵਾ, ਸਰਬਜੀਤ ਸਿੰਘ ਤੂਰ, ਪ੍ਰੋ.ਰੰਜੂ ਬਾਲਾ ਦਿੱਲੀ ਆਦਿ ਸਾਹਿਤਕ ਹਸਤੀਆਂ ਨੇ ਮੂਲ ਪੰਜਾਬੀਆਂ ਅਤੇ ਵਿਦੇਸ਼ੀ ਪੰਜਾਬੀਆਂ ਦੀਆਂ ਮੁੱਢਲੀਆਂ ਸਮੱਸਿਆਵਾਂ ਦੇ ਮੂਲ ਯਥਾਰਥ ਨੂੰ ਸਮਝਕੇ ਹੱਲ ਕਰਨ ਚ ਸਹਾਇਤਾ ਕਰਨ ਲਈ ਉਪਰਾਲਿਆਂ ਨੂੰ ਅਜਿਹੀਆਂ ਕਾਨਫਰੰਸਾਂ ਰਾਹੀਂ ਵਿਸ਼ਵ ਪੱਧਰ ਤੇ ਉਭਾਰਨ ਦੀ ਜਰੂਰਤ ਜੋਰ ਦਿੱਤਾ।ਉਹਨਾਂ ਅਜੋਕੇ ਦੌਰ ਨੂੰ ਗਲੈਮਰ ਅਤੇ ਚੁੰਧਿਆ ਦੇਣ ਵਾਲੀਆਂ ਖਿੱਚਾਂ ਨਾਲ ਜੋੜ ਕੇ ਆਏ ਨਿਘਾਰਾਂ ਤੋਂ ਸੁਚੇਤ ਹੋਣ ਦਾ ਦਿੱਤਾ। ਉਹਨਾਂ ਛੋਟੀ ਜਿਹੀ ਭਾਸ਼ਾਈ ਵਲਗਣ ਚੋਂ ਨਿੱਕਲਣ ਨਾਲ ਸਾਰਥਕ ਸਿੱਟਿਆਂ ਦੀ ਉਮੀਦ ਚ ਭਰੋਸਾ ਜਤਾਇਆ। ਉਹਨਾਂ ਕਾਨਫਰੰਸ ਚ ਸ਼ਾਮਿਲ ਹਸਤੀਆਂ ਨੂੰ ਸੁਧਾਰਾਂ ਹਿੱਤ ਆਪਣੇ ਮੂਲ ਪਿੰਡਾਂ ਨਾਲ ਜੁੜਨ ਅਤੇ ਪੰਜਾਬੀਅਤ ਲਈ ਕੰਮ ਕਰਨ ਲਈ ਸਲਾਹ ਦਿੱਤੀ। ਡਾ.ਦਰਸ਼ਨ ਬੁੱਟਰ ਨੇ ਕਿਹਾ ਕਿ ਕਲਾ ਅਤੇ ਅੰਦਾਜ਼ ਉਹ ਭਾਵਨਾ ਹੈ ਜੋ ਦੂਸਰੇ ਨੂੰ ਆਪਣੇ ਆਪ ਨਾਲ ਸ਼ਾਮਿਲ ਕਰਨ ਦੀ ਸਮੱਰਥਾ ਰੱਖਦੀ ਹੈ। ਉਹਨਾਂ "ਭਾਨੀ ਮਾਰਨਾ ਵੀ ਇੱਕ ਕਲਾ ਹੈ" ਆਪਣੀ ਕਵਿਤਾ ਰਾਹੀਂ ਨਿਵੇਕਲਾ ਰੰਗ ਬਿਖੇਰਿਆ। ਡਾ. ਅੰਮ੍ਰਿਤਪਾਲ ਕੌਰ ਨੇ ਕਾਨਫਰੰਸ 'ਚ ਵਿਦਵਾਨਾਂ ਵੱਲੋਂ ਕੀਤੀਆਂ ਚਰਚਾਵਾਂ ਦੀ ਵਿਸਥਾਰ ਪੂਰਕ ਰਿਪੋਰਟ ਪੜੀ। ਡਾ.ਅਮਰਪਾਲ ਸਿੰਘ ਰੰਧਾਵਾ ਨੇ ਕਿਹਾ ਕਿ ਵਿਸ਼ਵ ਪੰਜਾਬੀ ਭਾਈਚਾਰਾ ਰਜਿ. ਵਿਸ਼ਵ ਦੇ ਪੰਜਾਬੀਆਂ ਦੇ ਦਿਲਾਂ ਦੇ ਦਰਦ ਨੂੰ ਮਹਿਸੂਸ ਕਰਦਾ ਹੈ ਅਤੇ ਐਨ ਆਰ ਆਈ ਪੰਜਾਬੀ ਵੀ ਤੁਹਾਡੇ ਦਰਦ ਨੂੰ ਸਮਝਣਗੇ ਅਤੇ ਸਹਿਯੋਗ ਲਈ ਅੱਗੇ ਆਉਣਗੇ। ਉਹਨਾਂ ਵਿਵ ਪੰਜਾਬੀ ਭਾਇ-ਚਾਰੇ ਦੀ ਕਾਮਯਾਬੀ ਦੀ ਕਾਮਨਾ ਕੀਤੀ। ਹਰਭਜਨ ਸਿੰਘ ਸੰਘਾ ਮਲੇਸ਼ੀਆ ਨੇ ਵਿਦੇਸ਼ੀ ਪੰਜਾਬੀਆਂ ਦੀਆਂ ਸਮੱਸਿਆਵਾਂ ਨੂੰ ਉਭਾਰਿਆ। ਉਹਨਾਂ ਪੰਜਾਬ ਚ ਜਮੀਨੀ ਝਗੜੇ, ਵੀਜਾ ਫੀਸਾਂ, ਪਰਿਵਾਰਕ ਉਲਝਣਾਂ ਆਦਿ ਉੱਪਰ ਚਾਨਣਾ ਪਾਉਂਦਿਆਂ ਜਮੀਨੀ ਵਾਦ ਵਿਵਾਦ, ਸਿੱਖਿਆ ਅਤੇ ਖੇਡਾਂ ਪ੍ਰਤੀ ਸੂਚੀਬੱਧ ਸੋਚ ਅਪਣ-ਾਉਣ ਤੇ ਜੋਰ ਦਿੱਤਾ। ਐਡ-ਵੋਕੇਟ ਤਰਲੋਚਨ ਸਿੰਘ ਧਾਲੀਵਾਲ ਪ੍ਰਧਾਨ ਸਿੱਖ ਵੈਲਫੇਅਰ ਸੋਸਾਇਟੀ ਨੇ ਮਲੇਸ਼ੀਆ ਵਸਦੇ ਪੰਜਾਬੀਆਂ ਵੱਲੋਂ ਪੰਜਾਬੀ ਭਾਸ਼ਾ, ਸੱਭਿਆਚਾਰ ਲਈ ਕੀਤੇ ਜਾ ਰਹੇ ਯਤਨਾਂ 'ਤੇ ਚਾਨਣਾ ਪਾਇਆ ਅਤੇ ਵਿਸ਼ਵ ਪੰਜਾਬੀ ਭਾਈਚਾਰੇ ਦੇ ਉਪਰਾਲਿਆਂ ਦੀ ਪ੍ਰੋੜਤਾ ਕਰਦਿਆਂ ਅਗਲੇ ਸਾਲ ਪਹਿਲੀ ਪਾਤਸ਼ਾਹੀ ਦੇ ਪ੍ਰਕਾਸ਼ ਪੁਲਬ ਚ ਸਾਰਾ ਸਾਲ ਚੱਲਣ ਪ੍ਰੋਗਰਾਮਾਂ ਦੀ ਲੜੀ 'ਚ ਵਿਸ਼ਵ ਪੰਜਾਬੀ ਕਾਨਫਰੰਸ ਅਕਤੂਬਰ 2019 'ਚ ਦੁਬਾਰਾ ਕਰਵਾਉਣ ਲਈ ਬਚਨਬੱਧਤਾ ਦਾ ਪ੍ਰਗਟਾਵਾ ਕੀਤਾ। ਇਸ ਸਮੇਂ ਕਾਨਫਰੰਸ ਚ ਡਾ.ਕੰਵਰ ਜਸਮਿੰਦਰ ਪਾਲ ਸਿੰਘ, ਡਾ. ਦੀਪਕ ਮਨਮੋਹਨ ਸਿੰਘ, ਮਨਦੀਪ ਸਿੰਘ ਮਲੇਸ਼ੀਆ, ਸੰਦੀਪ ਵਰਮਾ ਨੇ ਸਾਂਝੇ ਤੌਰ ਤੇ ਉਜਾਗਰ ਸਿੰਘ ਕੰਵਲ ਦੀ ਪੁਸਤਕ "ਸੂਰਜਾ ਦੇ ਹਾਣੀ", ਸਿਮਰਤ ਕੌਰ ਸਮਾਇਰਾ ਦਾ ਨਾਵਲ" ਨਾ ਮੁੜ ਵੀ ਆ ਬਾਨੋ", ਕਰਮ ਸਿੰਘ ਅੰਟਾਲ ਦੀ ਪੁਸਤਕ" ਨੈਤਿਕਤਾ"ਅਤੇ ਮਨਜੀਤ ਇੰਦਰਾ ਦੀ ਅੰਗਰੇਜ਼ੀ ਪੁਸਤਕ"ਟੂ ਲਾਈਟ ਜੋਨ" ਦੀ ਘੁੰਢ ਚੁਕਾਈ ਕੀਤੀ ਗਈ।

ਸਾਰੇ ਡੈਲੀਗੇਟਾਂ ਨੂੰ ਆਜ਼ਾਦ ਪੰਜਾਬੀ ਮੰਚ ਵੱਲੋਂ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਕਾਨਫਰੰਸ ਵਿੱਚ ਹੋਰਨਾਂ ਤੋਂ ਇਲਾਵਾ ਮਲੇਸ਼ੀਆਂ ਤੋਂ ਮੋਹਨ ਸਿੰਘ ਸੰਧੂ ਪੀਏ ਟੂ ਮਨਿਸਟਰ ਗੋਬਿੰਦ ਸਿੰਘ, ਜਸਵੀਰ ਸਿੰਘ ਪ੍ਰਧਾਨ ਗੁਰੂਦੁਆਰਾ ਸਾਹਿਬ ਕੰਪਨ ਪਾਡੇਨ, ਪ੍ਰਿੰਸੀਪਲ ਅਵਤਾਰ ਸਿੰਘ, ਪ੍ਰੀਤਮ ਸਿੰਘ, ਚਰਨਜੀਤ ਸਿੰਘ ਚੰਨੀ, ਪਰਦੀਪ ਬਤਰਾ, ਦਾਤੋ ਨਾਭੇਸ ਖੰਨਾ, ਕੇ.ਆਇਆਨਰ ਡਾਇਰੈਕਟਰ ਭਾਰਤੀ ਹਾਈ ਕਮਿਸ਼ਨਰ ਮਲੇਸ਼ੀਆ, ਪ੍ਰੀਤਮ ਸਿੰਘ, ਮਿਸਟਰ ਪਾਤੀ (ਤਾਮਿਲਨਾਡੂ), ਦਾਤੋ ਮਨੀਕੰਡਾਮੁਰਥੀ, ਗੁਰਚਰਨ ਸਿੰਘ ਚੰਨੀ,ਭਾਰਤ ਬਤਰਾ, ਐਡਵੋਕੇਟ ਤਰਲੋਚਨ ਸਿੰਘ ਧਾਲੀਵਾਲ ਚੇਅਰਮੈਨ ਸਿੱਖ ਵੈਲਫੇਅਰ ਸੋਸਾਇਟੀ ਮਲੇਸ਼ੀਆ, ਚਰਨਜੀਤ ਸਿੰਘ ਚੰਨੀ, ਜਸਪਾਲ ਸਿੰਘ ਸੰਧੂ, ਹਰਭਜਨ ਸਿੰਘ ਸੰਘਾ, ਬਲਜਿੰਦਰ ਕੌਰ ਬਾਸੀ ਪੰਜਾਬੀ ਰਸੋਈ, ਕੇ ਵੀ ਗੁਪਤਾ, ਨਰਿੰਦਰ ਕੌਰ, ਗੁਰਵਿੰਦਰ ਸਿੰਘ ਸੰਧੂ, ਮਨਜੀਤ ਸਿੰਘ ਨਿੱਕੂ, ਗਗਨ ਵਰਮਾ ਫਨਟਾਸਟਿਕ ਹੌਲੀਡੇਜ਼ ਆਦਿ ਵੀ ਉਚੇਚੇ ਤੌਰ ਤੇ ਸ਼ਾਮਿਲ ਹੋਏ।

**ਇੰਜੀ. ਸਤਨਾਮ ਸਿੰਘ ਮੱਟੂ 9779708257**

### 6 ਦਸੰਬਰ ਨੂੰ ਯਾਦ ਕਰਦਿਆਂ

# ਵੋਟ ਦਾ ਅਧਿਕਾਰ ਅਤੇ ਭਾਰਤੀ ਵੋਟਰ

6 ਦਸੰਬਰ ਨੂੰ ਹਰ ਸਾਲ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦੇ ਪ੍ਰੀਨਿਰਵਾਣ ਦਿਵਸ ਵਜੋਂ ਦੁਨੀਆਂ ਭਰ ਵਿਚ ਵੱਸੇ ਉਹਨਾਂ ਦੇ ਪ੍ਰਸੰਸਕ ਮਨਾਉਂਦੇ ਹਨ। ਇਸ ਦਿਨ ਨੂੰ ਇਸ ਕਰਕੇ ਵੀ ਵਿਸ਼ੇਸ਼ ਤੌਰ ਤੇ ਯਾਦ ਕੀਤਾ ਜਾਂਦਾ ਹੈ ਕਿਉਂਕਿ ਇਸ ਦਿਨ ਸਾਡੇ ਕੋਲੋਂ ਦੁਨੀਆਂ ਦੇ ਮਹਾਨ ਵਿਦਵਾਨ, ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰੀ ਮੁਲਕ ਦੇ ਸੰਵਿਧਾਨ ਦੇ ਰਚੇਤਾ ਅਤੇ ਸਮਾਜਿਕ ਕ੍ਰਾਂਤੀ ਲਿਆਉਣ ਵਾਲੇ ਡਾ. ਅੰਬੇਡਕਰ ਸਾਡੇ ਕੋਲੋਂ ਵਿੱਛੜ ਗਏ। ਭਾਰਤੀ ਸੰਵਿਧਾਨ ਦੇ ਨਿਰਮਾਣ ਤੋਂ ਪਹਿਲਾਂ ਬਾਬਾ ਸਾਹਿਬ ਡਾ. ਅੰਬੇਡਕਰ ਨੇ ਇਕ ਵੱਡਾ ਸਮਾਜਿਕ ਸੰਘਰਸ਼ ਵਿੱਢਿਆ ਅਤੇ ਭਾਰਤ ਵਿਚ ਨਸਲਵਾਦ ਵਾਂਗ ਪਾਈ ਜਾਂਦੀ ਸਦੀਆਂ ਪੁਰਾਣੀ ਜਾਤ-ਪਾਤੀ, ਛੂਤ-ਛਾਤ ਦੀ ਮਾੜੀ ਸਮਾਜਿਕ ਪ੍ਰਵਿਰਤੀ ਦੇ ਖਿਲਾਫ ਇਕ ਲੰਮਾ ਸੰਘਰਸ਼ ਕੀਤਾ, ਦੱਬੇ-ਕੁਚਲੇ ਲੋਕਾਂ ਨੂੰ ਜਾਗਰਿਤ ਕੀਤਾ ਅਤੇ ਉਹਨਾਂ ਨੂੰ ਬਰਾਬਰ ਦੇ ਅਧਿਕਾਰ ਦਿਵਾਏ, ਆਰਥਿਕ ਤੌਰ ਤੇ ਚੁੱਕਣ ਲਈ ਰਿਜ਼ਰਵੇਸ਼ਨ ਦੀ ਵਿਵਸਥਾ ਕਰਵਾਈ ਅਤੇ ਉਹਨਾਂ ਦਾ ਸ਼ਾਸਨ ਪ੍ਰਣਾਲੀ ਨਾਲ ਜੁੜਨ ਦਾ ਰਾਹ ਪੱਧਰਾ ਕੀਤਾ। ਭਾਰਤੀ ਸੰਵਿਧਾਨ ਵਿਚ ਵੋਟ ਦਾ ਅਧਿਕਾਰ ਹਰੇਕ ਨਾਗਰਿਕ ਨੂੰ ਬਰਾਬਰਤਾ ਦੇ ਆਧਾਰ ਤੇ ਦਿੱਤਾ ਗਿਆ ਹੈ। ਇਸ ਅਧਿਕਾਰ ਨੂੰ ਪ੍ਰਾਪਤ ਕਰਨ ਤੋਂ ਪਹਿਲਾਂ ਅੰਗਰੇਜ਼ ਸਰਕਾਰ ਨੇ ਭਾਰਤ ਵਿਚ ਵੋਟ ਪ੍ਰਣਾਲੀ ਆਰੰਭ ਕੀਤੀ ਸੀ ਪਰ ਉਹ ਵੋਟ ਪ੍ਰਣਾਲੀ ਸਮਾਜਿਕ, ਆਰਥਿਕ ਰੁਤਬੇ ਤੇ ਆਧਾਰਿਤ ਸੀ, ਇਸ ਕਰਕੇ ਉਸ ਦਾ ਕੋਈ ਅਰਥ ਨਹੀਂ ਰਹਿ ਗਿਆ ਸੀ। ਜਦੋਂ ਭਾਰਤ ਆਜ਼ਾਦ ਹੋਇਆ ਤਾਂ ਭਾਰਤ ਵਿਚ ਸਭ ਲਈ ਬਰਾਬਰ ਦੇ ਅਧਿਕਾਰ ਅਤੇ ਸਭ ਲਈ ਵੋਟ ਦੇ ਅਧਿਕਾਰ ਦੀ ਵਿਵਸਥਾ ਕੀਤੀ ਗਈ। ਇਹਨਾਂ ਅਧਿਕਾਰਾਂ ਨੇ ਭਾਰਤ ਵਿਚ ਸਭ ਤੋਂ ਵੱਡੀ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਕ੍ਰਾਂਤੀ ਲਿਆਂਦੀ ਕਿ ਹਰ ਨਾਗਰਿਕ ਨੂੰ ਬਰਾਬਰ ਕਰ ਦਿੱਤਾ ਅਤੇ ਸੱਤਾ ਤੱਕ ਹਰੇਕ ਨਾਗਰਿਕ ਦੀ ਪਹੁੰਚ ਲਈ ਬਰਾਬਰ ਦਾ ਰਸਤਾ ਪੱਧਰਾ ਕਰ ਦਿੱਤਾ। ਭਾਰਤ ਵਿਚ ਵੋਟਾਂ ਵਾਲੇ ਦਿਨ ਰਾਜਾ-ਰੰਕ ਇਕ ਬਰਾਬਰ ਹੁੰਦਾ ਹੈ। ਬਾਬਾ ਸਾਹਿਬ ਨੇ ਖੁਦ ਕਿਹਾ ਸੀ ਕਿ ਉਹ ਭਾਰਤ ਵਿਚੋਂ ਸਦੀਆਂ ਪੁਰਾਣੀ ਰਾਜਾਸ਼ਾਹੀ ਵਿਵਸਥਾ ਦਾ ਬੀਜ ਨਾਸ਼ ਕਰ ਦੇਣਗੇ। ਉਹਨਾਂ ਨੇ ਵੋਟ ਦਾ ਅਧਿਕਾਰ ਹਰੇਕ ਨਾਗਰਿਕ ਨੂੰ ਦੇ ਕੇ ਇਹ ਕਰ ਦਿਖਾਇਆ। ਭਾਰਤ ਵਿਚ ਬੇਸ਼ੱਕ ਹਾਲੇ ਵੀ ਸੱਤਾ ਤੇ ਕਾਬਜ ਲੀਡਰਾਂ ਦੇ ਬੱਚੇ ਅੱਗੇ ਸੱਤਾ ਤੇ ਆਪਣਾ ਅਧਿਕਾਰ ਸਮਝਦੇ ਸਨ ਪਰ ਬਾਬਾ ਸਾਹਿਬ ਦੀ ਸੋਚ ਨੇ ਰਾਜਾ ਅਤੇ ਰੰਕ ਵਿਚਲਾ ਫਰਕ ਮਿਟਾਉਂਦਿਆਂ ਇਕ ਆਮ ਆਦਮੀ ਦੇ ਲਈ ਵੀ ਸੱਤਾ ਦੇ ਦਰਵਾਜ਼ੇ ਖੋਲ੍ਹ ਦਿੱਤੇ। ਵੋਟ ਦਾ ਅਧਿਕਾਰ ਮਿਲਣ ਤੋਂ ਬਾਅਦ ਭਾਰਤ ਦੇ ਵੱਖ-ਵੱਖ ਖਿੱਤਿਆਂ ਤੋਂ ਅਜਿਹੇ ਪ੍ਰਤੀਨਿਧੀ ਵੀ ਚੁਣੀਆਂ ਹੋਈਆਂ ਸੰਸਥਾਵਾਂ ਵਿਚ ਪਹੁੰਚਦੇ ਹਨ, ਜਿਹੜੇ ਆਰਥਿਕ ਪੱਖੋਂ ਕਮਜ਼ੋਰ ਹਨ, ਜਿਹੜੇ ਦੱਬੇ-ਕੁਚਲੇ ਲਤਾੜੇ ਵਰਗਾਂ ਨਾਲ ਸਬੰਧਤ ਹਨ ਅਤੇ ਜਿਹੜੇ ਸੱਤਾ ਦੇ ਗਲਿਆਰਿਆਂ ਤੱਕ ਪਹੁੰਚਣ ਦਾ ਸੁਪਨਾ ਵੀ ਨਹੀਂ ਲੈ ਸਕਦੇ।

ਅਣਵੰਡੇ ਪੰਜਾਬ ’ਚ ਦਲਿਤ ਵਰਗ ਦੀ ਰਾਜਨੀਤੀ ਦੇ ਪਿਤਾਮਾ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਅਤੇ ਰਾਸ਼ਟਰੀ ਪੱਧਰ ’ਤੇ ਬਾਬਾ ਸਾਹਿਬ ਦੀ ਸਮਾਜਿਕ ਅਤੇ ਰਾਜਨੀਤਿਕ ਕ੍ਰਾਂਤੀ ਦੀ ਲਹਿਰ ਨੂੰ, ਉਹਨਾਂ ਤੋਂ ਬਾਅਦ ਸਾਹਿਬ ਸ੍ਰੀ ਕਾਂਸ਼ੀ ਰਾਮ ਨੇ ਅੱਗੇ ਵਧਾਇਆ। ਅੱਜ ਬੇਸ਼ੱਕ ਭਾਰਤ ਵਿਚ ਬਹੁਤ ਸਾਰੇ ਵਰਗ ਹਾਲੇ ਵੀ ਵਾਂਝੇ ਹਨ ਪਰ ਭਾਰਤੀ ਸੰਵਿਧਾਨ ਕਿਸੇ ਨਾਲ ਕੋਈ ਵਿਤਕਰਾ ਕਰਨ ਦੀ ਆਗਿਆ ਨਹੀਂ ਦਿੰਦਾ। ਇਸ ਕਰਕੇ ਜ਼ਰੂਰੀ ਹੈ ਕਿ ਬਾਬਾ ਸਾਹਿਬ ਦੇ ਵਿਚਾਰਾਂ ਨੂੰ ਅੱਗੇ ਵਧਾਈਏ, ਇਹਨਾਂ ਦਾ ਪ੍ਰਚਾਰ ਕਰੀਏ ਅਤੇ ਜਨਤਾ ਤੱਕ ਇਹ ਸੰਦੇਸ਼ ਪਹੁੰਚਾਈਏ ਕਿ ਭਾਰਤ ਤੇ ਸ਼ਾਸ਼ਨ ਉਹਨਾਂ ਦੀ ਇੱਛਾ ਅਤੇ ਮਰਜੀ ਨਾਲ ਹੀ ਕਿਸੇ ਦੁਆਰਾ ਕੀਤਾ ਜਾ ਸਕਦਾ ਹੈ। ਵੋਟਾਂ ਵਾਲੇ ਦਿਨ ਛੋਟੇ-ਮੋਟੇ ਲਾਲਚਾਂ ਨੂੰ ਤਿਆਗ ਕੇ ਇਹ ਵਿਚਾਰ ਕਰਕੇ ਵੋਟ ਦਈਏ ਕਿ ਭਾਰਤ ਦੇ ਬਿਹਤਰੀਨ ਭਵਿੱਖ ਲਈ ਕਿਹੜਾ ਉਮੀਦਵਾਰ ਅਤੇ ਕਿਹੜੀ ਪਾਰਟੀ ਵਧੀਆ ਕੰਮ ਕਰ ਸਕਦੀ ਹੈ।

ਅਦਾਰਾ ‘ਅੰਬੇਦਕਰ ਟਾਈਮਜ਼’ ਅਤੇ ‘ਦੇਸ਼ ਦੁਆਬਾ’ ਬਾਬਾ ਸਾਹਿਬ ਨੂੰ ਉਹਨਾਂ ਦੇ 62ਵੇਂ ਪ੍ਰੀਨਿਰਵਾਨ ਦਿਵਸ ’ਤੇ ਸ਼ਰਧਾ ਪੂਰਵਕ ਨਿੱਘੀ ਸ਼ਰਧਾਂਜਲੀ ਭੇਂਟ ਕਰਦਾ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

ਲੜੀ ਨੰਬਰ-89

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

## ਖਟ ਦਰਸ਼ਨ ਜਾਂ ਖਟ ਸ਼ਾਸ਼ਤਰ ਅਤੇ ਗੁਰਮਤਿ



ਅਵਤਾਰ ਸਿੰਘ ਮਿਸ਼ਨਰੀ
510-432-5827

ਖਟ (ਛੇ) ਦਰਸ਼ਨ (ਸਿਧਾਂਤ) ਅਤੇ ਇਹ ਫਲਸਫਾ ਬ੍ਰਾਹਮਣੀ ਹੈ। ਇਨ੍ਹਾਂ ਦੇ ਖਟ ਦਰਸ਼ਨ (ਸ਼ਾਸ਼ਤਰ) ਭਾਵ ਸਿਧਾਂਤ ਇਹ ਹਨ। ਇਹ ਕੰਪੈਰੇਟਿਵ ਸਟੱਡੀ ਵਾਸਤੇ ਹੇਠਲਾ ਵੇਰਵਾ ਦਿੱਤਾ ਹੈ। ਨੋਟ-ਦਾਸ ਜਾਤ-ਪਾਤ ਦਾ ਹਾਮੀਂ ਨਹੀਂ ਪਰ ਹਵਾਲੇ ਵਾਸਤੇ ਅੱਗੇ ਲੇਖਕ ਦਾ ਨਾਂ ਦਿੱਤਾ ਹੈ। ਪੰਜਾਬੀ ਮੀਡੀਆ ਤੇ “ਡਾ. ਪ੍ਰੀਤਮ ਸਿੰਘ ਸੈਨੀ ਲਿਖਦੇ ਹਨ-

੧. ਨਿਆਏਂ-ਇਸ ਦਾ ਕਰਤਾ ਗੌਤਮ ਰਿਖੀ ਹੈ। ਇਸ ਵਿੱਚ ਈਸ਼ਵਰ ਦੀ ਸਿੱਧੀ ਲਈ ਤਰਕ ਪੂਰਨ ਚਰਚਾ ਕੀਤੀ ਗਈ ਹੈ। ਇਸ ਸ਼ਾਸ਼ਤਰ ਅਨੁਸਾਰ ਪ੍ਰਮਾਤਮਾਂ, ਆਤਮਾਂ ਤੇ ਪ੍ਰਕਿਰਤੀ ਆਦਿ ਅੰਤ ਤੋਂ ਰਹਿਤ ਤੇ ਮੁਕਤੀ ਦਾ ਸਾਧਨ ਤੱਤ ਗਿਆਨ ਹੈ।

੨. ਵੈਸ਼ੇਸ਼ਕ-ਇਸ ਦਾ ਮੋਢੀ ਕਣਾਦ ਮੁਨੀ ਤੇ ਇਸ ਨੇ ਛੇ ਪਦਾਰਥ ਦ੍ਰਵ, ਗੁਣ, ਕਰਮ, ਸਮਾਨਯ, ਵਿਸ਼ੇਸ਼ ਅਤੇ ਸਮਵਾਯ ਮੰਨੇ ਜੋ ਨਿਤ ਅਤੇ ਅਨਿਤ ਹਨ। ਕਣਾਦ ਅਨੁਸਾਰ ਪ੍ਰਮਾਤਮਾਂ ਆਤਮਾਂ ਤੋਂ ਵੱਖਰਾ ਹੈ। ਇਹ ਸ੍ਰਿਸ਼ਟੀ ਦੀ ਰਚਨਾ ਪ੍ਰਮਾਣੂਆਂ ਤੋਂ ਈਸ਼ਵਰ ਦੀ ਇਛਿਆ ਅਨੁਸਾਰ ਤੇ ਛੇ ਪਦਾਰਥਾਂ ਤੋਂ ਮੁਕਤੀ ਹੁੰਦੀ ਮੰਨਦਾ ਹੈ।

੩. ਸ਼ਾਂਖ-ਇਸ ਦਾ ਕਰਤਾ ਕਪਲ ਮੁਨੀ ਹੈ। ਇਸ ਅਨੁਸਾਰ ਸੰਸਾਰ ਅਨਿਤ ਅਤੇ ਪ੍ਰਣਾਮ ਸਰੂਪ ਪ੍ਰਵਾਹ ਨਾਲ ਸਦਾ ਬਦਲਦਾ ਰਹਿੰਦਾ ਹੈ। ਪਰਕਿਰਤੀ ਨੂੰ ਪੁਰਸ਼ ਅਤੇ ਪੁਰਸ਼ ਨੂੰ ਪਰਕਿਰਤੀ ਦੀ ਲੋੜ ਤੇ ਇਕੱਲੇ ਦੋਵੇਂ ਨਿਹਫਲ ਹਨ। ਜਦ ਪੁਰਸ਼ ਵਿਵੇਕ ਨਾਲ ਆਪਣੇ ਆਪ ਨੂੰ ਪ੍ਰਕ੍ਰਿਤੀ ਤੇ ਉਸ ਦੇ ਕਾਰਜਾਂ ਤੋਂ ਭਿੰਨ ਵੇਖਦੈ ਤਦ ਬੁੱਧੀ ਕਾਰਨ ਪ੍ਰਾਤਪ ਹੋਏ ਸੰਤਾਪਾਂ ਤੋਂ ਦੁਖੀ ਨਹੀ ਹੁੰਦਾ ਇਹ ਵੱਖਰਪਨ ਹੀ ਮੁਕਤੀ ਹੈ।

੪. ਯੋਗ-ਇਸ ਦਾ ਕਰਤਾ ਪਤੰਜਲ ਰਿਸ਼ੀ ਹੈ। ਇਸ ਮੁਸਤਬਿਕ ਦ੍ਰਿਸ਼ਟਾ ਤੇ ਦ੍ਰਿਸ਼ਯ ਦੋ ਪਦਾਰਥ ਹਨ। ਪੁਰਸ਼ ਦ੍ਰਿਸ਼ਟਾ ਤੇ ਬਾਕੀ ਪ੍ਰਕ੍ਰਿਤੀ ਰੂਪ ਜਗਤ ਰੂਪ ਜਗਤ ਦ੍ਰਿਸ਼ਯ ਹੈ। ਜਦ ਚਿਤ ਬਿਰਤੀਆਂ ਰੁਕਦੀਆਂ ਨੇ ਤਦ ਹੋਰ ਦ੍ਰਿਸ਼ਯ ਨਾ ਹੋਣ ਕਾਰਣ ਦ੍ਰਿਸ਼ਟਾ ਦੀ ਆਪਣੇ ਰੂਪ ’ਚ ਸਥਿਤੀ ਹੁੰਦੀ ਹੈ।

ਅਭਿਆਸ ਤੇ ਵੈਰਾਗ ਆਦਿਕ ਸਾਧਨਾਂ ਰਾਹੀਂ ਰੋਕੀਆਂ ਚਿਤ-ਵ੍ਰਿਤੀਆਂ ਕਾਰਣ ਚਿਤ ਪੂਰਨ ਇਕਾਗਰਤਾ ਨੂੰ ਪ੍ਰਾਪਤ ਨਹੀਂ ਹੁੰਦਾ ਤੇ ਇਹ ਅਵਸਥਾ ਯੋਗ ਕਹਾਂਦੀ ਹੈ। ਪ੍ਰਕ੍ਰਿਤੀ ਤੇ ਪੁਰਸ਼ ਨੂੰ ਭਿੰਨ ਭਿੰਨ ਜਾਨਣ ਨਾਲ ਹੀ ਗਿਆਨ ਦਾ ਪ੍ਰਕਾਸ਼ ਹੁੰਦੈ ਅਤੇ ਆਤਮਾ ਪ੍ਰਕ੍ਰਿਤੀ ਦੇ ਬੰਧਨਾਂ ਤੋਂ ਮੁਕਤ ਹੁੰਦੀ ਤੇ ਇਸ ਅਵੱਸਥਾ ਦਾ ਨਾਂ ਹੀ ਮੁਕਤੀ ਹੈ।

੫. ਮੀਮਾਂਸਾ-ਇਸ ਦਾ ਕਰਤਾ ਜੈਮਨ ਰਿਸ਼ੀ ਤੇ ਇਸ ਨੇ ਧਰਮ ਦਟ ਪੂਰਨ ਗਿਆਨ ਹੀ ਮੁਕਤੀ ਦਾ ਸਾਧਨ ਮੰਨਿਆ ਤੇ ਵੇਦਾਂ ਦੁਆਰਾ ਦਰਸਾਏ ਗਏ ਯੱਗ ਆਦਿਕ ਕਰਮ ਕਰਨੇ ਹੀ ਧਰਮ ਹੈ। ਚੰਗੇ ਕਰਮਾਂ ਦੇ ਪ੍ਰਭਾਵ ਕਾਰਨ ਹੀ ਪ੍ਰਾਣੀ ਦੇਵਤਾ ਤੇ ਅਵਤਾਰ ਆਦਿ ਉੱਚ ਪਦਵੀਆਂ ਪ੍ਰਾਪਤ ਕਰਦਾ ਤੇ ਸਵਰਗ ’ਚ ਅਨੰਦ ਭੋਗਦਾ ਹੈ।

੬. ਵੇਦਾਂਤ-ਇਸ ਦਾ ਕਰਤਾ ਵੇਦ ਵਿਆਸ ਰਿਸ਼ੀ ਹੈ। ਵੇਦਾਂਤ ਅਨੁਸਾਰ ਬ੍ਰਹਮ ਸਤਾ ਸਹਿਤ ਹੀ ਮਾਇਆ ਦੁਆਰਾ ਸਭ ਕੁਝ ਉਪਜਿਆ ਤੇ ਉਸ ਵਿੱਚ ਹੀ ਲੀਨ ਹੋਵ-ੇਗਾ। ਸ਼ੁੱਧ ਮਾਇਆ ’ਚ ਬ੍ਰਹਮ ਦਾ ਪ੍ਰਤੀਬਿੰਬ ਪ੍ਰਮਾਤਮਾਂ ਅਤੇ ਮਲੀਨ ਮਾਇਆ ਵਿੱਚ ਜੀਵ ਜਾਂ ਆਤਮਾ ਹੈ।

ਬ੍ਰਹਮ ਇਕ ਅਤੇ ਅਭਿਨਾਸ਼ੀ ਹੈ ਪਰ ਉਪਾਧੀ ਭੇਦ ਕਾਰਣ ਭਿੰਨ ਭਿੰਨ ਪ੍ਰਤੀਤ ਹੁੰਦਾ ਹੈ। ਇਹ ਉਪਾਧੀ ਭੇਦ ਮਿਟਾਉਣ ’ਤੇ ਸ਼ੁੱਧ ਬ੍ਰਹਮ ਨਾਲ ਇਕਮਿਕਤਾ ਹੋ ਜਾਂਦੀ ਹੈ। ਬ੍ਰਹਮ ਗਿਆਨ ਦੁਆਰਾ ਸਾਰਾ ਭੇਦ-ਭਾਵ ਮਿਟਾ ਕੇ ਸ਼ੁੱਧ ਸਰੂਪ ਵਿੱਚ, ਬ੍ਰਹਮ ਦਾ ਸਾਖਿਆਤਕਾਰ ਕਰਨਾ ਹੀ ਮੁਕਤੀ ਹੈ”

ਇਹ ਹਨ ਉਪਰ ਬਿਆਨੇ ਖਟ ਸ਼ਾਸ਼ਤਰਾਂ ਦੀਆਂ ਘੁੰਮਣ ਘੇਰੀਆਂ। ਇਵੇਂ ਤਰਕ ਵਤਰਕ ਆਦਿਕ ਗੱਲਾਂ ਤੇ ਬ੍ਰਾਹਮਣੀ ਮੱਤ ਦੀ ਸਾਰੀ ਦਾਰਸ਼ਨਿਕ ਪ੍ਰਨਾਲੀ ਅਧਾਰਿਤ ਹੈ। ਗੁਰਮਤਿ ਦਾ ਨਜਰੀਆ-ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਡੋਲਿ॥ ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ॥(ਮ:੫-੨੬੫) ਖਟ ਸ਼ਾਸਤਰਾਂ ਦੇ ਸਿਧਾਂਤ ਆਪਸ ’ਚ ਮਿਲਦੇ ਨਹੀਂ, ਇਨ੍ਹਾਂ ਦੇ ਕਰਮਕਾਂਡ ਕਰਨ ਵਾਲਿਆਂ ਨੂੰ ਸੁਖ ਸ਼ਾਤੀ ਪ੍ਰਾਪਤ ਨਹੀਂ ਹੁੰਦੀ ਸਗੋਂ ਹੰਕਾਰੀ ਹੋ ਜਾਂਦੇ ਹਨ। ਇਨ੍ਹਾਂ ਦੇ ਕਰਤਾ ਮੰਨਣ ਵਾਲੇ ਜਾਤਾਂ-ਪਾਤਾਂ ਦੀਆਂ ਵੰਡੀਆਂ, ਛੂਆ-ਛਾਤ, ਉਚ-ਨੀਚ ਅਤੇ ਪੁਜਾਰੀਵਾਦ ਤੋਂ ਮੁਕਤਿ ਨਹੀ ਹੋਏ। ਸ਼ਬਦ ਗੁਰੂ ਗ੍ਰੰਥ ਦੀ ਕੋਈ ਸਿਖਿਆ ਦੇਸ਼ ਕਾਲ ਦੀ ਕੈਦ ’ਚ ਆ ਕੇ, ਕਰਮਕਾਂਡਾਂ ਨੂੰ ਮੂਲ ਧਰਮ ਨਹੀਂ ਮੰਨਦੀ ਸਗੋਂ ਫੁਰਮਾਂਦੀ ਹੈ-ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥(੨੬੬) ਭਾਵ ਪ੍ਰਭੂ ਦਾ ਨਾਮ ਜਪਣਾ (ਪ੍ਰਭੂ ਨਿਯਮਾਂ ’ਚ ਰਹਿਣਾ) ਹੀ ਨਿਰਮਲ ਕਰਮ ਅਤੇ ਸਰਬ ਸ੍ਰੇਸ਼ਟ ਧਰਮ ਹੈ। ਇਹ ਖਟ ਸ਼ਾਸ਼ਤਰ ਕਰਮਕਾਂਡਾਂ ਤੇ ਹੰਕਾਰ ਦੀ ਸੰਗਲੀ ’ਚ ਵਲੇਟ ਦਿੰਦੇ ਹਨ-ਬੇਦ ਕੀ ਪੁਤਰੀ ਸਿੰਮ੍ਰਿਤੀ ਭਾਈ॥ ਸਾਂਕਰ ਜੇਵਰੀ ਲੈ ਹੈ ਆਈ॥(ਕਬੀਰ-੩੨੯)

ੴ ਸਤਿਗੁਰ ਪ੍ਰਸਾਦਿ॥ ਹਰਿ ਦਰਸਨੁ ਪਾਵੈ ਵਡਭਾਗਿ॥ ਗੁਰ ਕੈ ਸ਼ਬਦਿ ਸਚੈ ਬੈਰਾਗਿ॥ ਖਟੁ ਦਰਸਨੁ ਵਰਤੈ ਵਰਤਾਰਾ॥ ਗੁਰ ਕਾ ਦਰਸਨੁ ਅਗੰਮ ਅਪਾਰਾ॥ ਗੁਰ ਕੈ ਦਰਸਨਿ ਮੁਕਤਿ ਗਤਿ ਹੋਇ॥ ਸਾਚਾ ਆਪਿ ਵਸੈ ਮਨਿ ਸੋਇ॥੧॥ ਰਹਾਉ॥ ਗੁਰ ਦਰਸਨਿ ਉਧਰੈ ਸੰਸਾਰਾ॥ ਜੇ ਕੋ ਲਾਏ ਭਾਉ ਪਿਆਰਾ॥ ਭਾਉ ਪਿਆਰਾ ਲਾਏ ਵਿਰਲਾ ਕੋਇ॥ ਗੁਰ ਕੈ ਦਰਸਨਿ ਸਦਾ ਸੁਖੁ ਹੋਇ॥੨॥ ਗੁਰ ਕੈ ਦਰਸਨਿ ਮੋਖ ਦੁ-ਆਰੁ॥ ਸਤਿਗੁਰੁ ਸੇਵੇ ਪਰਵਾਰ ਸਾਧਾਰੁ॥ ਨਿਗੁਰੇ ਕੀ ਗਤਿ ਕਾਈ ਨਾਹੀਂ॥ ਅਵਗੁਣਿ ਮੁਠੇ ਚੋਟਾਂ ਖਾਹੀ॥੩॥ ਗੁਰ ਕੈ ਸਬਦਿ ਸੁਖੁ ਸਾਂਤਿ ਸਰੀਰ॥ ਗੁਰਮੁਖਿ ਤਾ ਕਉ ਲਗੈ ਨ ਪੀਰ॥ ਜਮਕਾਲ ਤਿਸੁ ਨੇੜਿ ਨ ਆਵੈ॥ ਨਾਨਕ ਗੁਰਮੁਖਿ ਸਾਚਿ ਸਮਾਵੈ॥੪॥੧॥੪੦॥ (੩੬੦)

# ਵੱਡਾ ਗੁਰਦੁਆਰਾ ਸਾਹਿਬ ਕੰਪਨ ਪਾਡੰਨ ਕੁਆਲਾਲੰਪੁਰ, ਮਲੇਸ਼ੀਆ

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਉਹਨਾਂ ਦੇ ਅਨਿਨ ਸਰਧਾਲੂਆਂ ਨੇ ਪੂਰੀ ਦੁਨੀਆਂ ਚ ਫੈਲਾਉਣ ਚ ਕੋਈ ਕਸਰ ਬਾਕੀ ਨਹੀਂ ਛੱਡੀ।ਗੁਰੂ ਸਾਹਿਬਾਨ ਗੁਰਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਚ ਆਪਣਾ ਪਾਵਨ ਪਵਿੱਤਰ ਸਰੂਪ ਸਾਨੂੰ ਸੌਂਪ ਕੇ ਗਏ ਹਨ।ਗੁਰਬਾਣੀ ਪੰਜਾਬੀਆਂ ਦੀ ਰੂਹਾਨੀਅਤ ਖੁਰਾਕ ਹੈ।ਗੁਰੂ ਸਾਹਿਬ ਦੇ ਸੇਵਕ ਦੁਨੀਆਂ ਚ ਜਿੱਥੇ ਵੀ ਗਏ ਹਨ,ਉੱਥੇ ਹੀ ਜਾਕੇ ਗੁਰਦੁਆਰਾ ਸਾਹਿਬ ਉਸਾਰ ਕੇ ਗੁਰੂ ਸਾਹਿਬ ਸੰਦੇਸ਼,ਸਿੱਖਿਆਵਾਂ ਅਤੇ ਗੁਰਬਾਣੀ ਦਾ ਪ੍ਰਵਾਹ ਸ਼ੁਰੂ ਕਰ ਦਿੱਤਾ ਹੈ।ਇਸੇ ਤਰ੍ਹਾਂ ਮਲੇਸ਼ੀਆ ਦੀ ਧਰਤੀ ਤੇ ਕੁਆਲਾਲੰਪੁਰ ਸ਼ਹਿਰ ਦੇ ਕਸਬੇ ਜਾਲਾਨ ਕੰਪਨ ਪਾਡੰਨ ਵਿਖੇ ਵੱਡਾ ਗੁਰਦੁਆਰਾ ਸਾਹਿਬ ਗੁਰਬਾਣੀ ਦਾ ਪ੍ਰਕਾਸ਼ ਵੰਡ ਰਿਹਾ ਹੈ।



ਸ੍ਰ. ਜਸਵੀਰ ਸਿੰਘ ਪ੍ਰਧਾਨ ਗੁਰਦੁਆਰਾ ਸਾਹਿਬ ਦੀ ਰਹਿਨੁਮਾਈ ਹੇਠ ਗੁਰਬਾਣੀ, ਪੰਜਾਬੀ ਅਤੇ ਪੰਜਾਬੀਅਤ ਦੀਆਂ ਖੁਸ਼ਬੋਆਂ ਵੰਡ ਰਹੇ ਗੁਰਦੁਆਰਾ ਸਾਹਿਬ ਵਿਖੇ ਇਸ ਵਾਰ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 549ਵੇਂ ਪ੍ਰਕਾਸ਼ ਉਤਸਵ ਮੌਕੇ ਇਸ ਪਵਿੱਤਰ ਅਸਥਾਨ ਤੇ ਨਤਮਕ ਹੋਣ ਦਾ ਮੌਕਾ ਮਿਲਿਆ।ਆਜਾਦ ਪੰਜਾਬੀ ਮੰਚ ਦੇ ਪ੍ਰਧਾਨ ਮਨਦੀਪ ਸਿੰਘ, ਸਕੱਤਰ ਸੰਦੀਪ ਵਰਮਾ ਅਤੇ ਮੋਹਨ ਸਿੰਘ ਸੰਧੂ ਪੀਏ ਪੰਜਾਬੀ ਮਨਿਸਟਰ ਗੋਬਿੰਦ ਸਿੰਘ ਮਲੇਸ਼ੀਆ ਦੇ ਯਤਨਾਂ ਸਦਕਾ ਵਿਦੇਸ਼ੀ ਧਰਤੀ ਤੇ ਇਸ ਅਲੌਕਿਕ ਅਤੇ ਗੁਰਬਾਣੀ ਦਾ ਚਾਨਣ ਵੰਡਦੇ ਗੁਰੂ ਘਰ ਦੇ ਨਤਮਸਤਕ ਹੋਣ ਦਾ ਸੁਭਾਗ ਪ੍ਰਾਪਤ ਹੋਇਆ।

ਮਲੇਸ਼ੀਆ ਵਸਦੇ ਪੰਜਾਬੀ ਗੁਰਦੁਆਰਾ ਸਾਹਿਬ ਵਿਚ ਬੈਠੇ ਇਸ ਪਵਿੱਤਰ ਦਿਹਾੜੇ ਤੇ "ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣੁ ਹੋਆ" ਸ਼ਬਦ ਨਾਲ ਗੁਰਬਾਣੀ ਦੇ ਰੰਗ ਵਿੱਚ ਰੰਗੇ, ਮਸਤ ਅਤੇ ਖੁਸ਼ ਨਜਰ ਆਏ।ਅਰਦਾਸ ਤੋਂ ਬਾਅਦ ਮਰਿਆਦਾ ਮੁਤਾਬਿਕ ਕੜਾਹ ਪ੍ਰਸ਼ਾਦ ਵਰਤਾਇਆ ਗਿਆ।

ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਸਵੀਰ ਸਿੰਘ ਨੇ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ ਹਿੱਸਾ ਲੈਣ ਗਏ ਅਤੇ ਗੁਰੂ ਘਰ ਨਤਮਸਤਕ ਹੋਏ ਡੈਲੀਗੇਟਾਂ ਨੂੰ ਸੰਗਤਾਂ ਦੇ ਰੂਬਰੂ ਕਰਵਾਇਆ।ਉਹਨਾਂ ਸਾਰੀ ਕਰਵਾਈ ਸ਼ੁੱਧ ਪੰਜਾਬੀ ਚ ਸੰਪੂਰਨ ਕੀਤੀ।ਪ੍ਰਧਾਨ ਜੀ ਨੇ ਦੱਸਿਆ ਕਿ ਪ੍ਰਿੰਸੀਪਲ ਅਵਤਾਰ ਸਿੰਘ ਅਤੇ ਜਸਵੀਨ ਕੌਰ ਵੱਲੋਂ ਇੱਥੇ ਪੰਜਾਬੀ ਭਾਸ਼ਾ ਅਤੇ ਸੰਗੀਤ ਅਕੈਡਮੀ ਚਲਾਈ ਜਾ ਰਹੀ ਹੈ।ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਹੀ ਪੰਜਾਬੀ ਸਕੂਲ ਚਲਾਇਆ ਜਾ ਰਿਹਾ ਹੈ,ਜਿਸ ਵਿੱਚ ਪੰਜਾਬੀ ਮਾਂ ਬੋਲੀ, ਪੰਜਾਬੀ ਮੁਹਾਰਨੀ ਅਤੇ ਗੁਰਬਾਣੀ ਦੀ ਸਿੱਖਿਆ ਦਿੱਤੀ ਜਾਂਦੀ ਹੈ।ਅਜੇਪਾਲ ਸਿੰਘ, ਜਸਕੀਰਤ ਕੌਰ,ਬਬਨੀਤ ਕੌਰ ਸਮੇਤ ਕਾਫੀ ਬੱਚੇ ਗੁਰਬਾਣੀ ਅਤੇ ਰਾਗੀ ਸਿੱਖਿਆ ਪ੍ਰਾਪਤ ਕਰ ਰਹੇ ਹਨ।ਉਹਨਾਂ ਦੱਸਿਆ ਕਿ ਸਕੂਲ ਵਿੱਚ ਕੁੱਲ 89 ਬੱਚੇ ਪੰਜਾਬੀ ਬੋਲੀ ਸਿੱਖ ਰਹੇ ਹਨ।ਬੀਬੀ ਜਸਵੀਨ ਕੌਰ ਇਸ ਸਕੂਲ ਚ ਮੁਫਤ ਪੜਾਉਂਦੇ ਹਨ ਅਤੇ ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਗੁਰੂ ਸਾਹਿਬਾਨਾਂ ਦੇ ਸੰਦੇਸ਼ ਨੂੰ ਵਿਦੇਸ਼ੀ ਧਰਤੀ ਤੇ ਫੈਲਾਅ ਰਹੇ ਹਨ।ਗੁਰੂ ਸਾਹਿਬਾਨ ਦੇ ਫਲਸਫੇ ਤੋਂ ਅਜੋਕੇ ਪੀੜ੍ਹੀ ਨੂੰ ਜਾਣੂ ਕਰਵਾ ਕੇ ਇੱਕ ਚਾਨਣ ਮੁਨਾਰੇ ਦਾ ਕੰਮ ਕਰ ਰਹੇ ਹਨ।

ਪ੍ਰਿੰਸੀਪਲ ਅਵਤਾਰ ਸਿੰਘ, ਚਰਨਜੀਤ ਸਿੰਘ ਚੰਨੀ ਸਕੱਤਰ, ਜਸਵੀਨ ਕੌਰ,ਜਗਪਾਲ ਸਿੰਘ ਸੰਧੂ, ਸੰਦੀਪ ਵਰਮਾ, ਮਨਦੀਪ ਸਿੰਘ, ਤਰਲੋਚਨ ਸਿੰਘ ਧਾਲੀਵਾਲ ਅਡਵਾਇਜਰ,ਗੁਰਵਿੰਦਰ ਸਿੰਘ ਚਾਹਲ,ਗੁਰਦੇਵ ਸਿੰਘ ਬੱਬੂ, ਗੁਰਜੀਤ ਸਿੰਘ ਪੱਡਾ, ਗੁਰਵਿੰਦਰ ਸਿੰਘ ਸੰਧੂ, ਮਨਜੀਤ ਸਿੰਘ ਨਿੱਕੂ,ਕੁਲਵੰਤ ਸਿੰਘ ਜੌਹਲ,ਸਰਬਜੀਤ ਸਿੰਘ ਚੀਮਾ, ਪ੍ਰੀਤ ਛੀਨਾ ਆਦਿ ਸ਼ਖਸ਼ੀਅਤਾਂ ਦੀ ਕਮੇਟੀ ਇਸ ਗੁਰੂ ਘਰ ਦੀ ਚੜ੍ਹਦੀ ਕਲ੍ਹਾ ਲਈ ਉੱਦਮ ਚ ਜੁਟੀ ਰਹਿੰਦੀ ਹੈ। ਉਹਨਾਂ ਦੱਸਿਆ ਤਿੰਨ ਦਿਨ ਚੱਲਦੇ ਆਖੰਡ ਪਾਠ ਸਾਹਿਬ ਨੂੰ ਬੱਚੇ ਬਹੁਤ ਧਿਆਨ ਪੂਰਵਕ ਪੂਰਵਕ ਸੁਣਦੇ ਹਨ। ਅਖੀਰਲੇ ਦਿਨ ਉਹਨਾਂ ਤੋਂ ਟੈਸਟ ਲਿਆ ਜਾਂਦਾ ਹੈ।ਅਤੇ ਉਤਸ਼ਾਹਿਤ ਕਰਨ ਲਈ ਸਨਮਾਨਿਤ ਵੀ ਕੀਤਾ ਜਾਂਦਾ ਹੈ।ਉਹਨਾਂ ਬੱਚਿਆਂ ਤੋਂ ਟੈਸਟ ਲਈ ਤਿਆਰ ਕੀਤੀਆਂ ਉੱਤਰ ਕਾਪੀਆਂ ਵੀ ਦਿਖਾਈਆਂ। ਗੁਰਬਾਣੀ ਸਿਖਾਉਣ ਅਤੇ ਬੱਚਿਆਂ ਚ ਮਾਨਸਿਕ ਅਤੇ ਧਾਰਮਿਕ ਰੁਚੀ ਪੈਦਾ ਕਰਨ ਅਤੇ ਪੰਜਾਬੀ ਸਿੱਖਿਆ ਨੂੰ ਪ੍ਰਫੁੱਲਤ ਕਰਨ ਦਾ ਇਹ ਨਿਵੇਕਲਾ ਢੰਗ ਬਹੁਤ ਹੀ ਸਲਾਘਾਯੋਗ ਉੱਦਮ ਹੈ।

ਗੁਰਦੁਆਰਾ ਸਾਹਿਬ ਦੇ ਹਾਲ ਦੀ ਖ਼ਾਸੀਅਤ ਇਹ ਹੈ ਇਸ ਵਿਚਕਾਰ ਕੋਈ ਵੀ ਥੰਮ ਜਾਂ ਬੀਮ ਨਹੀਂ ਹੈ। 800 ਸੰਗਤਾਂ ਦੇ ਬੈਠਣ ਦਾ ਪ੍ਰਬੰਧ ਹੈ।ਲੰਗਰ ਹਾਲ ਬਿਲਡਿੰਗ ਅਤੇ ਗ੍ਰੰਥੀ ਦੀ ਰਿਹਾਇਸ਼ ਦਾ ਪੂਰਾ ਪ੍ਰਬੰਧ ਹੈ।ਪੰਜਾਬੀ ਸਕੂਲ ਗੁਰਦੁਆਰਾ ਸਾਹਿਬ ਦੇ ਇੱਕ ਨੁੱਕਰੇ ਹੀ ਚਲਾਇਆ ਜਾਂਦਾ ਹੈ।ਜਿਸ ਵਿੱਚ ਚਾਰ ਕਮਰੇ ਹਨ।ਪੜਾਉਣ ਵਾਲਾ ਸਾਰਾ ਸਮਾਨ ਭਾਵ ਸਟੱਡੀ ਮਟੀਰੀਅਲ ਕਮਰਿਆਂ ਚ ਉਪਲਬਧ ਹੈ।

ਲੰਗਰ ਹਾਲ ਚ ਸੰਗਤਾਂ ਦੀਆਂ ਕਤਾਰਾਂ ਚ ਬਿਠਾ ਕੇ ਲੰਗਰ ਛਕਾਇਆ ਜਾਂਦਾ ਹੈ। ਗੁਰਦੁਆਰਾ ਸਾਹਿਬ ਦੇ ਬਾਹਰ ਮੇਨ ਗੇਟ ਤੇ ਵੀ ਗੁਰਦੁਆਰਾ ਸਾਹਿਬ ਦਾ ਨਾਮ ਪੰਜਾਬੀ ਵਿੱਚ ਲਿਖਿਆ ਹੋਇਆ ਹੈ ਜੋ ਪੰਜਾਬੀਆਂ ਅਤੇ ਪੰਜਾਬੀ ਲਈ ਮਾਣ ਦੀ ਗੱਲ ਹੈ।



ਇੰਜੀਨੀਅਰ ਸਤਨਾਮ ਸਿੰਘ ਮੱਟੂ
91-97797-08257


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
ਅਦਾਰਾ ਦੇਸ਼ ਦੁਆਰਾ ਇਸ ਅਖਬਾਰ ਵਿਚ ਛਪੇ ਇਸ਼ਤਿਹਾਰਾਂ ‘ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ’ਤੇ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ ਨੇ ਮਨਾਇਆ ਸਤਿਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਦਿਹਾੜਾ











**ਫਰਿਜ਼ਨੋ (ਡੀ. ਡੀ. ਬੀ.)–** ਧੰਨ ਧੰਨ ਸਤਿਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਦਿਹਾੜਾ ਪੂਰੇ ਵਿਸ਼ਵ ’ਚ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋਨੇ ਸਮੂਹ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਨਾਨਕ ਸਾਹਿਬ ਦਾ 550ਵਾਂ ਪ੍ਰਕਾਸ਼ ਦਿਹਾੜਾ ਲੰਘੇ ਐਤਵਾਰ 2 ਦਸੰਬਰ ਨੂੰ ਗੁਰੂ ਘਰ ਵਿਖੇ ਮਨਾਇਆ ਗਿਆ। ਇਸ ਮੌਕੇ ਗੁਰੂ ਘਰ ਦੇ ਮੁੱਖ ਗ੍ਰੰਥੀ ਭਾਈ ਰਾਮ ਸਿੰਘ ਜੀ ਤੋਂ ਇਲਾਵਾ ਭਾਈ ਇੰਦਰਜੀਤ ਸਿੰਘ, ਭਾਈ ਅਮਨਜੋਤ ਸਿੰਘ, ਭਾਈ ਹਰਬਲਾਸ ਸਿੰਘ, ਭਾਈ ਮਹਿੰਦਰ ਸਿੰਘ ਕਾਹਲੋਂ, ਭਾਈ ਪਿਆਰਾ ਬਿਰਦੀ ਆਦਿ ਨੇ ਰਸਭਿੰਨਾ ਸ਼ਬਦ ਗਾਇਨ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਨਾਮਵਰ ਗਾਇਕ ਸ੍ਰੀ ਰਾਜ ਬਰਾੜ ਨੇ ਧਾਰਮਿਕ ਗੀਤਾਂ ਨਾਲ ਹਾਜ਼ਰੀ ਭਰੀ। ਭਾਈ ਰਾਮ ਸਿੰਘ ਜੀ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਅਤੇ ਸਟੇਜ ਦੀ ਸੇਵਾ ਸ੍ਰੀ ਅਮਰ ਦੜੌਚ ਨੇ ਨਿਭਾਈ।

9 ਦਸੰਬਰ ਨੂੰ ਡਾ. ਅੰਬੇਡਕਰ ਜੀ ਦਾ ਪ੍ਰੀਨਿਰਵਾਣ ਦਿਵਸ ਮਨਾਇਆ ਜਾਵੇਗਾ। 16 ਦਸੰਬਰ ਨੂੰ ਸੁਖਮਨੀ ਸਾਹਿਬ ਅਤੇ ਲੰਗਰ ਦੀ ਸੇਵਾ ਸ੍ਰੀ ਸਤਨਾਮ ਬੰਗੜ ਅਤੇ ਰਜਿੰਦਰ ਕੌਰ ਪਰਿਵਾਰ ਵੱਲੋਂ ਕੀਤੀ ਜਾਵੇਗੀ ਅਤੇ 23 ਦਸੰਬਰ ਦਿਨ ਐਤਵਾਰ ਨੂੰ ਛੋਟੇ ਅਤੇ ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਪੁਰਬਸ੍ਰੀ ਕੁਲਵੰਤ ਸਿੰਘ ਉਪਲ ਤੇ ਉਹਨਾਂ ਦੇ ਪਰਿਵਾਰ ਵੱਲੋਂ ਸੁਖਮਨੀ ਸਾਹਿਬ ਜੀ ਦਾ ਪਾਠ ਅਤੇ ਲੰਗਰ ਦੀ ਸੇਵਾ ਕੀਤੀ ਜਾਵੇਗੀ।

ਇਸ ਮੌਕੇ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਸ਼ੁੱਕਰਵਾਰ ਨੂੰ ਆਰੰਭ ਹੋਏ ਅਤੇ ਐਤਵਾਰ 2 ਦਸੰਬਰ ਨੂੰ ਭੋਗ ਪਾਏ ਜਾਣ ਉਪਰੰਤ ਸ੍ਰੀ ਸੁਖਜਿੰਦਰ ਸਿੰਘ ਅਤੇ ਸ੍ਰੀਮਤੀ ਦਲਜੀਤ ਕੌਰ ਦਾ ਕਮੇਟੀ ਵੱਲੋਂ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ, ਜਿਹਨਾਂ ਵੱਲੋਂ ਸ੍ਰੀ ਅਖੰਡ ਪਾਠ ਅਤੇ ਲੰਗਰਾਂ ਦੀ ਸੇਵਾ ਕੀਤੀ ਗਈ।



# ਜਮਹੂਰੀ ਹੱਕਾਂ ਦੀ ਲਹਿਰ ਨੂੰ ਦਰਪੇਸ਼ ਚਣੌਤੀਆਂ ਤੇ ਸਾਡੇ ਕਾਰਜ" ਵਿਸ਼ੇ ਸਬੰਧੀ ਸੈਮੀਨਾਰ 9 ਦਸੰਬਰ ਨੂੰ

**ਬਠਿੰਡਾ–** ਕੌਮਾਂਤਰੀ ਮਨੁੱਖੀ ਅਧਿਕਾਰ ਦਿਵਸ ਮੌਕੇ "ਅਜੋਕੀ ਸਥਿਤੀ ਵਿੱਚ ਜਮਹੂਰੀ ਹੱਕਾਂ ਦੀ ਲਹਿਰ ਨੂੰ ਚਣੌਤੀਆ ਤੇ ਸਾਡੇ ਕਾਰਜ" ਵਿਸ਼ੇ ਸਬੰਧੀ 9 ਦਸੰਬਰ ਦਿਨ ਐਂਤਵਾਰ ਸਵੇਰੇ 10 ਵਜੇ ਟੀਚਰਜ਼ ਹੋਮ ਬਠਿੰਡਾ ਵਿਖੇ ਜਮਹੂਰੀ ਅਧਿਕਾਰ ਸਭਾ ਇਕਾਈ ਬਠਿੰਡਾ ਵਲੋਂ ਕਰਵਾਏ ਜਾ ਰਹੇ ਸੈਮੀਨਾਰ ਵਿੱਚ ਕਾਲੇ ਕਨੂੰਨਾ ਦੀ ਵਰਤੋਂ ਰਾਹੀਂ ਸੰਘਰਸ਼ਸ਼ੀਲ ਲੋਕਾਂ ਦੀ ਜੁਬਾਨਬੰਦੀ ਕਰਨ ਦਾ ਵਿਰੋਧ ਕਰਨ ਤੇ ਉਘੇ ਜਮਹੂਰੀ ਕਾਰਕੁੰਨਾਂ ਦੀ ਰਿਹਾਈ ਲਈ ਆਵਾਜ਼ ਬੁਲੰਦ ਕਰਨ ਤੋਂ ਇਲਾਵਾ ਮਨੂੰਵਾਦੀ ਫਾਸ਼ੀਵਾਦ ਆਦਿ ਗੰਭੀਰ ਏਜੰਡਿਆ ਤੇ ਵਿਸਥਾਰ ਵਿੱਚ ਚਰਚਾ ਕੀਤੀ ਜਾਵੇਗੀ। ਇਸ ਸੈਮੀਨਾਰ ਦੇ ਮੁੱਖ ਬੁਲਾਰੇ ਜਮਹੂਰੀ ਹੱਕਾਂ ਨੂੰ ਸਮਰਪਿਤ ਸਖਸ਼ੀਅਤ ਪ੍ਰੋ ਪੰਕਜ ਤਿਆਗੀ ਹੋਣਗੇ। ਇਸ ਸਬੰਧੀ ਜਾਰੀ ਪੈਸ ਨੋਟ ਵਿੱਚ ਸਭਾ ਦੇ ਜਿਲ੍ਹਾ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ, ਜਨਰਲ ਸਕੱਤਰ ਪ੍ਰਿਤਪਾਲ ਸਿੰਘ ਤੇ ਪ੍ਰੈਸ ਸਕੱਤਰ ਡਾਕਟਰ ਅਜੀਤਪਾਲ ਸਿੰਘ ਨੇ ਦਸਿਆ ਕਿ ਇਸ ਸੈਮੀਨਾਰ ਵਿੱਚ ਉਘੇ ਜਮਹੂਰੀ ਕਾਰਕੁੰਨਾ ਨੂੰ "ਸ਼ਹਿਰੀ ਨਕਸਲੀ" ਕਹਿ ਕੇ ਜੇਲਾਂ ਵਿੱਚ ਡੱਕਣ ਪਿੱਛੇ ਕੰਮ ਕਰਦੀ ਹਕੂਮਤੀ ਚਾਲ ਤੇ ਸਿਆਸਤ ਨੂੰ ਸਮਝ ਕੇ ਉਹਨਾਂ ਦੀ ਰਿਹਾਈ ਲਈ ਆਵਾਜ਼ ਉਠਾਉਣ ਤੇ ਇਸ ਬਾਰੇ ਲੋਕਾਂ ਵਿੱਚ ਸੋਝੀ ਦਾ ਪਸਾਰਾ ਕਰਨਾ ਲਈ ਲਾਮਬੰਦੀ ਕੀਤੀ ਜਾਵੇਗੀ।ਮਜ਼ਦੂਰਾਂ, ਮੁਲਾਜ਼ਮਾ, ਕਿਸਾਨਾਂ, ਨੌਜਵਾਨਾਂ ਤੇ ਹੋਰ ਸ਼ੰਘਰਸਸ਼ੀਲ ਤਬਕਿਆ ਦੀ ਜ਼ੁਬਾਨਬੰਦੀ ਕਰਨ ਲਈ ਉਹਨਾਂ ਨੂੰ ਵੱਖ ਵੱਖ ਢੰਗਾਂ ਰਾਹੀ ਦਬਾਉਣ ਦੀ ਨੀਤੀ ਵਿਰੁੱਧ ਲੋਕਾਂ ਵਿੱਚ ਜਾਗਰੂਕਤਾ ਪੈਂਦਾ ਕਰਨ ਦੇ ਉਪਰਾਲੇ ਕੀਤੇ ਜਾਣਗੇ। ਇਸ ਤੋਂ ਇਲਾਵਾ ਵੱਖ ਵੱਖ ਸੂਬਿਆ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਅਤੇ 2019 ਦੀ ਲੋਕ ਸਭਾ ਦੀ ਚੋਣ ਦੇ ਮੱਦੇਨਜ਼ਰ ਲੋਕਾਂ ਦਾ ਧਿਆਨ ਦੇਸ਼ ਦੇ ਬੁਨਿਆਦੀ ਮਸਲਿਆਂ ਤੋਂ ਲਾਂਭੇ ਕਰਨ ਲਈ ਮੰਦਿਰ ਮਸਜਿਦ ਦਾ ਮੁੱਦਾ ਉਛਾਲਣਾ ਅਤੇ "ਕੌਮੀ ਏਕਤਾ ਦੇ ਪ੍ਰਤੀਕ" ਵਜੋਂ ਸਰਦਾਰ ਪਟੇਲ ਦੇ ਦਿਉਕੱਦ ਬੁੱਤ ਦੀ ਉਸਾਰੀ ਕਰਨ ਵਰਗੀਆਂ ਹਿੰਦੂਤਵੀ (ਫਿਰਕੂ) ਹਕੂਮਤ ਦੀਆਂ ਕੋਸ਼ਿਸ਼ਾਂ ਦੇ ਮੱਦੇਨਜ਼ਰ ਜਮਹੂਰੀ ਹੱਕਾਂ ਦੀ ਸਥਿਤੀ ਦੀ ਗੰਭੀਰਤਾ ਨੂੰ ਸਮਝ ਕੇ ਉਸ ਦਾ ਵਿਰੋਧ ਕਰਨ ਵਿਰੁੱਧ ਆਵਾਜ਼ ਬੁਲੰਦ ਜਾਵੇਗੀ। ਸਭਾ ਦੇ ਆਗੂਆ ਨੇ ਅੱਗੈ ਕਿਹਾ ਕਿ ਐਨ ਐਸ ਏ, ਅਫਸਪਾ, ਯੂਏਪੀਏ, 295-ਏ ਏ ਅਤੇ ਨਿਜੀ ਤੇ ਸਰਕਾਰੀ ਜਾਇਦਾਦ ਦਾ ਨੁਕਸਾਨ ਰੋਕੂ ਕਨੂੰਨ ਆਦਿ ਕਾਲੇ ਕਨੂੰਨਾ ਦੀ ਵਰਤੋਂ ਕਰਕੇ ਸੰਘਰਸ਼ਸ਼ੀਲ ਲੋਕਾਂ ਦੀ ਜੁਬਾਨਬੰਦੀ ਕੀਤੀ ਜਾ ਰਹੀ ਹੈ। ਸਭਾ ਦੇ ਆਗੂਆ ਨੇ ਇਹ ਵੀ ਕਿਹਾ ਕਿ ਕੌਮ ਦੇ ਨਿਰਮਾਤਾ ਅਧਿਆਪਕ ਵਰਗ ਦੇ ਘੋਲ ਨੂੰ ਕੁਚਲਣ ਲਈ ਉਹਨਾਂ ਦੀਆਂ ਮੁਅਤਲੀਆ ਤੇ ਦੂਰ ਦਰਾਡੇ ਬਦਲੀਆ ਕਰਕੇ ਉਹਨਾਂ ਦੇ ਹੌਸਲੇ ਤੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਇਸ ਤਰ੍ਹਾਂ ਸਰਕਾਰੀ ਸਕੂਲਾਂ ਨੂੰ ਫੇਲ ਕਰਕੇ ਸਿਖਿਆ ਦੇ ਨਿਜੀਕਰਨ ਲਈ ਰਾਹ ਪੱਧਰਾ ਕੀਤਾ ਹਾ ਰਿਹਾ ਹੈ। ਸਿਹਤ ਤੇ ਸਿਖਿਆ ਸਰਕਾਰ ਦਾ ਸੰਵਿਧਾਨਕ ਫਰਜ਼ ਹੈ ਪਰ ਅਜੋਕੀ ਹਕੂਮਤ ਆਪਣੀ ਇਸ ਜੁੰਮੇਵਾਰੀ ਤੋਂ ਭੱਜ ਰਹੀ ਹੈ।

**– ਡਾਕਟਰ ਅਜੀਤਪਾਲ ਸਿੰਘ**

## ਗੀਤਕਾਰ, ਲੇਖਕ ਅਤੇ ਇੰਜੀਨੀਅਰ ਸਤਨਾਮ ਸਿੰਘ ਮੱਟੂ ਮਲੇਸ਼ੀਆ 'ਚ ਸਨਮਾਨਿਤ



**ਕੁਆਲਾਲੰਪੁਰ (ਮਲੇਸ਼ੀਆ)** ਵਿਸ਼ਵ ਪੰਜਾਬੀ ਭਾਈਚਾਰਾ (ਰਜਿ.) ਦੇ ਚੇਅਰਮੈਨ ਡਾ.ਦੀਪਕ ਮਨਮੋਹਣ ਸਿੰਘ ਅਤੇ ਡਾ.ਕੰਵਰ ਜਸਮਿੰਦਰ ਪਾਲ ਸਿੰਘ ਦੀ ਸੁਚੱਜੀ ਅਤੇ ਯੋਗ ਰਹਿਨੁਮਾਈ ਹੇਠ ਚੇਅਰਮੈਨ ਪਰਦੀਪ ਬਤਰਾ,ਪ੍ਰਧਾਨ ਮਨਦੀਪ ਸਿੰਘ ਅਤੇ ਸਕੱਤਰ ਸੰਦੀਪ ਵਰਮਾ ਆਜ਼ਾਦ ਪੰਜਾਬੀ ਮੰਚ ਮਲੇਸ਼ੀਆ ਦੇ ਸਹਿਯੋਗ ਨਾਲ ਮਲੇਸ਼ੀਆ ਦੇ ਸ਼ਹਿਰ ਕੁਆਲਾਲੰਪੁਰ ਵਿਖੇ ਵਿਸ਼ਵ ਪੰਜਾਬੀ ਕਾਨਫਰੰਸ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਗੀਤਕਾਰ ,ਲੇਖਕ ਅਤੇ ਸਾਹਿਤਕਾਰ ਇੰਜੀਨੀਅਰ ਸਤਨਾਮ ਸਿੰਘ ਮੱਟੂ ਨੇ ਵੀ ਸ਼ਿਰਕਤ ਕੀਤੀ।

ਆਜ਼ਾਦ ਪੰਜਾਬੀ ਮੰਚ ਦੇ ਪ੍ਰਧਾਨ ਮਨਦੀਪ ਸਿੰਘ ਨੇ ਇੰਜੀ. ਮੱਟੂ ਦੀਆਂ ਸਾਹਿਤਕ ਅਤੇ ਸਮਾਜਿਕ ਖੇਤਰ ਚ ਆਪਣੀਆਂ ਲਿਖਤਾਂ ਰਾਹੀਂ ਪਾਏ ਯੋਗਦਾਨ ਨੂੰ ਦੇਖਦਿਆਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ। ਸਤਨਾਮ ਸਿੰਘ ਮੱਟੂ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਪੰਜਾਬ ਵਿੱਚ ਬਤੌਰ ਸਹਾਇਕ ਇੰਜੀਨੀਅਰ ਸੇਵਾਵਾਂ ਨਿਭਾ ਰਹੇ ਹਨ ਅਤੇ ਉਹਨਾਂ ਦੇ ਲਿਖੇ ਲੇਖ ਅਤੇ ਗੀਤ ਪੰਜਾਬ ਅਤੇ ਵਿਦੇਸ਼ਾਂ ਚ ਛਪਦੇ ਪੰਜਾਬੀ ਦੇ ਅਖ਼ਬਾਰਾਂ ਅਤੇ ਮੈਗਜ਼ੀਨਾਂ ਵਿੱਚ ਛਪਦੇ ਰਹਿੰਦੇ ਹਨ। ਉਹਨਾਂ ਨੂੰ ਸਵੱਛ ਭਾਰਤ ਮਿਸ਼ਨ ਚ ਵਧੀਆ ਸੇਵਾਵਾਂ ਨਿਭਾਊਣ ਸਦਕਾਂ ਵੀ ਸਰਕਾਰ ਤੋਂ ਕਈ ਵਾਰ ਸਨਮਾਨ ਮਿਲ ਚੁੱਕੇ ਹਨ।ਪੰਜਾਬ ਚ ਵੀ 21 ਨਵੰਬਰ ਨੂੰ ਪੰਜਾਬ ਸਰਕਾਰ ਵੱਲੋਂ ਵੀ "ਮੇਰਾ ਪਿੰਡ ਮੇਰਾ ਮਾਣ" ਮੁਹਿੰਮ ਚ ਚੰਗੀ ਕਾਰਗੁਜ਼ਾਰੀ ਦਿਖਾਉਣ ਤੇ ਜਿਲ੍ਹੇ ਦਾ ਬੈਸਟ ਇੰਜਨੀਅਰ ਘੋਸ਼ਿਤ ਕਰਕੇ ਪ੍ਰਸ਼ੰਸਾ ਪੱਤਰ ਅਤੇ ਨਕਦ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ ਹੈ।ਇੰਜ.ਸਤਨਾਮ ਸਿੰਘ ਮੱਟੂ ਨੇ ਜਸਬੀਰ ਸਿੰਘ ਐਕਸੀਅਨ ਸਾਹਿਬ ਅਤੇ ਰਸ਼ਪਿੰਦਰ ਸਿੰਘ ਐਸ.ਡੀ.ਈ.ਸਾਹਿਬ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ, ਜਿੰਨਾਂ ਦੀ ਸੁਚੱਜੀ ਅਤੇ ਯੋਗ ਅਗਵਾਈ ਹੇਠ ਉਹਨਾਂ ਨੂੰ ਕੰਮ ਕਰਨ ਦਾ ਮੌਕਾ ਮਿਲਿਆ ਹੈ ਅਤੇ ਇਹ ਮਾਣ ਸਨਮਾਨ ਮਿਲਿਆ ਹੈ।

ਤਸਵੀਰ ਵਿਚ ਸਤਨਾਮ ਸਿੰਘ ਮੱਟੂ ਨੂੰ ਸਨਮਾਨਿਤ ਕਰਦੇ ਹੋਏ ਚਰਨਜੀਤ ਸਿੰਘ ਚੰਨੀ, ਮਨਦੀਪ ਸਿੰਘ, ਸੰਦੀਪ ਵਰਮਾ ਮਲੇਸ਼ੀਆ ਅਤੇ ਡਾ. ਦੀਪਕ ਮਨਮੋਹਨ ਸਿੰਘ।

## ਹਰੇਕ ਸ਼ਹਿਰੀ ਨੂੰ ਆਜ਼ਾਦ ਵਿਚਾਰ ਰੱਖਣ ਤੇ ਪ੍ਰਗਟ ਕਰਨ ਦੀ ਆਜ਼ਾਦੀ ਦਾ ਜਮਹੂਰੀ ਹੱਕ ਹੈ: ਜਮਹੂਰੀ ਅਧਿਕਾਰ ਸਭਾ

**ਬਠਿੰਡਾ–** ਹਰੇਕ ਨਾਗਰਿਕ ਨੂੰ ਆਪਣੇ ਵਿਚਾਰ ਰੱਖਣ ਤੇ ਪ੍ਰਗਟ ਕਰਨ ਦੀ ਆਜ਼ਾਦੀ ਦੇ ਅਧਿਕਾਰ ਤੋਂ ਇਲਾਵਾ ਸ਼ਾਂਤੀ ਪੂਰਵਕ ਢੰਗ ਨਾਲ ਇਕੱਤਰ ਹੋਣ,ਜਥੇਬੰਦੀ ਬਨਾਉਣ ਅਤੇ ਆਪਣੇ ਮੁਲਕ ਅੰਦਰਲੀਆਂ ਸੇਵਾਵਾਂ ਹਾਸਲ ਕਰਦਿਆਂ ਬਰਾਬਰ ਕੰਮ ਲਈ ਬਰਾਬਰ ਤਨਖਾਹ ਦਾ ਹੱਕ ਹੈ। ਇਹ ਵਿਚਾਰ ਜਮਹੂਰੀ ਅਧਿਕਾਰ ਸਭਾ ਇਕਾਈ ਬਠਿੰਡਾ ਦੇ ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ ਤੇ ਜਨਰਲ ਸਕੱਤਰ ਪ੍ਰਿਤਪਾਲ ਸਿੰਘ ਨੇ ਇਕਾਈ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਇਹ ਮੀਟਿੰਗ ਮਨੁੱਖੀ ਅਧਿਕਾਰ ਦਿਵਸ ਮਨਾਉਣ ਦੇ ਪ੍ਰਸੰਗ ਵਿੱਚ ਅਜੋਕੀਆਂ ਹਾਲਤਾਂ ਵਿੱਚ "ਜਮਹੂਰੀ ਹੱਕਾਂ ਦੀ ਲਹਿਰ ਨੂੰ ਦਰਪੇਸ਼ ਚੁਣੌਤੀਆਂ ਅਤੇ ਸਾਡੇ ਕਾਰਜ" ਵਿਸ਼ੇ ਤੇ 9 ਦਸੰਬਰ ਦਿਨ ਐਂਤਵਾਰ ਨੂੰ ਸਵੇਰੇ 11 ਵਜੇ ਟੀਚਰਜ਼ ਹੋਮ ਵਿਖੇ ਰੱਖੀ ਇੱਕ ਕਨਵੈਨਸ਼ਨ ਦੀ ਤਿਆਰੀ ਲਈ ਵਿਸ਼ੇਸ ਤੋਰ ਤੇ ਬੁਲਾਈ ਗਈ, ਜਿਸ ਦੇ ਮੁੱਖ ਬੁਲਾਰੇ ਜਮਹੂਰੀ ਹੱਕਾਂ ਦੀ ਲਹਿਰ ਨੂੰ ਸਮਰਪਿਤ ਸ਼ਖ਼ਸੀਅਤ ਐਡਵੋਕੇਟ ਪੰਕਜ ਤਿਆਗੀ ਸੋਨੀਪਤ ਵਾਲੇ ਹੋਣਗੇ। ਪ੍ਰੈਸ ਸਕੱਤਰ ਡਾ ਅਜੀਤਪਾਲ ਸਿੰਘ ਨੇ ਦੱਸਿਆ ਕਿ ਇਸ ਮੀਟਿੰਗ ਵਿੱਚ ਜ਼ਿਲ੍ਹਾ ਕਮੇਟੀ ਮੈਂਬਰਾਂ ਤੋਂ ਇਲਾਵਾ ਸੂਬਾ ਕਮੇਟੀ ਮੈਂਬਰ ਵੀ ਵਿਸੇਸ਼ ਤੌਰ ਤੇ ਹਾਜਰ ਹੋਏ ਜਿਨ੍ਹਾਂ ਨੇ ਸੰਯੁਕਤ ਰਾਸ਼ਟਰ ਦਾ "ਮਨੁੱਖੀ ਅਧਿਕਾਰਾਂ ਬਾਰੇ ਆਲਮੀ ਐਲਾਨਨਾਮਾ" ਸੰਖੇਪ ਵਿੱਚ ਵਿਚਾਰਿਆ। ਸੂਬਾ ਕਮੇਟੀ ਮੈਂਬਰ ਐਡਵੋਕੇਟ ਐਨ ਕੇ ਜੀਤ ਨੇ ਐਲਾਨ ਨਾਮੇ ਦੇ ਪਿਛੋਕੜ ਬਾਰੇ ਦੱਸਦਿਆਂ ਕਿਹਾ ਕਿ ਬਿਨਾਂ ਕਿਸੇ ਨਸਲ, ਰੰਗ, ਲਿੰਗ, ਜੁਬਾਨ, ਧਰਮ, ਸਿਆਸਤ ਜਾਂ ਅਲੱਗ ਵਿਚਾਰ ਜਾਂ ਕੋਈ ਹੋਰ ਸਮਾਜ ਪਿਛੋਕੜ ਤੇ ਆਧਾਰਿਤ ਕਿਸੇ ਵਿਤਕਰੇ ਦੇ ਇਸ ਐਲਾਨਨਾਮੇ ਵਿੱਚ ਦਰਜ ਸਾਰੇ ਅਧਿਕਾਰਾਂ ਤੇ ਆਜ਼ਾਦੀਆਂ ਨੂੰ ਮਾਨਣ ਦਾ ਹੱਕ ਹਰੇਕ ਸ਼ਹਿਰੀ ਨੂੰ ਹੈ ਅਤੇ ਕਿਸੇ ਵੀ ਵਿਅਕਤੀ ਨੂੰ ਤਸੀਹੇ ਨਹੀਂ ਦਿੱਤੇ ਜਾ ਸਕਦੇ।ਡਾ ਅਜੀਤਪਾਲ ਸਿੰਘ ਨੇ ਵੀ ਆਪਣੇ ਵਿਚਾਰ ਰੱਖਦਿਆਂ ਕਿਹਾ ਕਿ ਹਰੇਕ ਨੂੰ ਆਪਣੀ ਪਸੰਦ ਦਾ ਖਾਣ-ਪੀਣ,ਪਹਿਣਣ-ਪੱਚਰਨ,ਰਹਿਣ-ਸਹਿਣ ਸਮੇਤ ਆਪਣੀ ਤੇ ਆਪਣੇ ਪਰਿਵਾਰ ਦੀ ਸਿਹਤ ਸੰਭਾਲ ਲਈ ਢੁਕਵਾਂ ਮਿਆਰ ਰੱਖਣ, ਮੈਡੀਕਲ ਸੰਭਾਲ ਅਤੇ ਲੋੜੀਂਦੀਆਂ ਸਮਾਜਿਕ ਸੇਵਾਵਾਂ ਹਾਸਲ ਕਰਨ ਦਾ ਬਰਾਬਰ ਹੱਕ ਹੀ ਨਹੀਂ ਬਲਕਿ ਬੇਰੁਜ਼ਗਾਰੀ, ਬਿਮਾਰੀ, ਅੰਗਹੀਣਤਾ, ਰੰਡੇਪੇ, ਬੁਢਾਪੇ ਜਾਂ ਕਿਸੇ ਵਿਅਕਤੀ ਦੇ ਵੱਸੋਂ ਬਾਹਰੇ ਹਾਲਤਾਂ 'ਚ ਜੀਵਨ ਨਿਰਬਾਹ ਕਰਨ ਦੀ ਕਿਸੇ ਹੋਰ ਕਮੀ ਦੀ ਹਾਲਤ 'ਚ ਸੁਰੱਖਿਆ ਹਾਸਲ ਕਰਨ ਦਾ ਵੀ ਅਧਿਕਾਰ ਹੈ ਅਤੇ ਕਿਸੇ ਵੀ ਵਿਅਕਤੀ ਨੂੰ ਆਪ ਹੁਦਰੇ ਢੰਗ ਨਾਲ ਉਸ ਦੀ ਕੌਮੀਅਤ ਤੋਂ ਵਾਂਝੇ ਨਹੀਂ ਕੀਤਾ ਜਾ ਸਕਦਾ। ਸਭਾ ਦੇ ਮੀਤ ਪ੍ਰਧਾਨ ਪ੍ਰਿੰਸੀਪਲ ਰਣਜੀਤ ਸਿੰਘ ਦਾ ਵਿਚਾਰ ਸੀ ਕਿ ਹਰੇਕ ਨੂੰ ਵਿਦਿਆ ਪ੍ਰਾਪਤੀ ਦਾ ਬਰਾਬਰ ਦਾ ਹੱਕ ਹੈ ਅਤੇ ਬੁਨਿਆਦੀ ਪੱਧਰ ਦੀ ਵਿਦਿਆ ਲਾਜਮੀ ਤੇ ਮੁਫ਼ਤ ਮੁਹੱਈਆ ਹੋਣੀ ਚਾਹੀਦੀ ਹੈ। ਸਭਾ ਦੇ ਵਿੱਤ ਸਕੱਤਰ ਸੰਤੋਖ ਸਿੰਘ ਮੱਲਣ, ਜ਼ਿਲ੍ਹਾ ਕਮੇਟੀ ਮੈਂਬਰ ਮੰਦਰ ਸਿੰਘ ਅਤੇ ਪੁਸ਼ਪਲਤਾ ਨੇ ਵੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਕੌਮਾਂਤਰੀ ਐਲਾਨਨਾਮੇ ਵਿੱਚ ਇਹ ਵੀ ਦਰਜ ਹੈ ਕਿ ਆਪ ਹੁਦਰੇ ਢੰਗ ਨਾਲ ਕਿਸੇ ਵੀ ਵਿਅਕਤੀ ਨੂੰ ਗ੍ਰਿਫਤਾਰ ਨਹੀਂ ਕੀਤਾ ਜਾ ਸਕਦਾ ਨਾ ਹੀ ਹਿਰਾਸਤ ਵਿੱਚ ਰੱਖਿਆ ਜਾ ਸਕਦਾ ਹੈ ਕਿਉਂਕਿ ਹਰੇਕ ਨੂੰ ਟਰੇਡ ਯੂਨੀਅਨ ਜਥੇਬੰਦ ਕਰਨ ਤੇ ਉਸ ਵਿੱਚ ਸ਼ਾਮਲ ਹੋਣ ਦਾ ਪੂਰਾ ਹੱਕ ਹੈ। 9 ਦਸੰਬਰ ਦੀ ਕਨਵੈਨਸ਼ਨ ਨੂੰ ਕਾਮਯਾਬ ਕਰਨ ਲਈ ਜ਼ਿਲ੍ਹੇ ਦੀਆਂ ਸਾਰੀਆਂ ਜਨਤਕ ਜੱਥੇਬੰਦੀਆਂ, ਤਰਕਸ਼ੀਲ ਸੁਸਾਇਟੀ ਤੇ ਸਾਹਿਤ ਸਭਾਵਾਂ ਦੇ ਮੈਂਬਰਾਂ ਦੀ ਸ਼ਮੂਲੀਅਤ ਯਕੀਨੀ ਬਣਾਉਣ ਲਈ ਕੰਮ ਵੰਡ ਵੀ ਕੀਤੀ ਗਈ ਅਤੇ ਕਨਵੈਨਸ਼ਨ ਦਾ ਸੱਦਾ ਪੱਤਰ ਸਭ ਨੂੰ ਪਹੁੰਚਾਉਣ ਦਾ ਫੈਸਲਾ ਕੀਤਾ ਗਿਆ।

## ਇੰਜੀਨੀਅਰ ਜਸਵਿੰਦਰ ਸਿੰਘ ਏ ਈ ਨੂੰ ਦਿੱਤੀ ਗਈ ਸ਼ਾਨਦਾਰ ਵਿਦਾਇਗੀ ਪਾਰਟੀ

**ਅਲਾਵਲਪੁਰ (ਮਦਨ ਬੰਗੜ )** ਅਲਾਵਲਪੁਰ ਵਿਖੇ 132 ਕੇਵੀ ਸਬ ਸਟੇਸ਼ਨ ਦੇ ਇੰਜੀਨੀਅਰ ਜਸਵਿੰਦਰ ਸਿੰਘ ਐਸ ਐਸ ਈ ਵਿਭਾਗ ਵਿੱਚ ਆਪਣੀਆਂ ਚੌਤੀ ਸਾਲ ਨਿਭਾਈਆਂ ਸ਼ਾਨਦਾਰ ਸੇਵਾਵਾਂ ਉਪਰੰਤ ਪਿਛਲੇ ਦਿਨ ਸੇਵਾਮੁਕਤ ਹੋ ਗਏ ਇਸ ਮੌਕੇ ਵਿਭਾਗ ਦੇ ਅਧਿਕਾਰੀ ਇੰਜੀਨੀਅਰ ਸ਼ਿਵ ਕੁਮਾਰ ਦੀ ਅਗਵਾਈ ਵਿੱਚ ਅਲਾਵਲਪੁਰ ਪੰਜਾਬ ਰਾਜ ਟਰਾਂਸਮਿਸ਼ਨ ਕਾਰਪੋਰੇਸ਼ਨ ਲਿਮਟਿਡ ਦੇ ਸਮੂਹ ਕਰਮਚਾਰੀਆਂ ਵੱਲੋਂ ਉਨ੍ਹਾਂ ਦੀ ਸੇਵਾ ਮੁਕਤੀ ਤੇ ਸ਼ਾਨਦਾਰ ਵਿਦਾਇਗੀ ਪਾਰਟੀ ਦਾ ਪ੍ਰਬੰਧ ਕੀਤਾ ਗਿਆ ਇਸ ਵਿਦਾਇਗੀ ਪਾਰਟੀ ਮੌਕੇ ਮੁੱਖ ਮਹਿਮਾਨ ਦੇ ਤੌਰ ਤੇ ਇੰਜੀਨੀਅਰ ਸਿਮਰਜੀਤ ਕੌਰ ਸੁਪਰਡੈਂਟ ਪੀ ਐਸ ਟੀ ਸੀ ਐਲ ਮੰਡਲ ਜਲੰਧਰ ਉਚੇਚੇ ਤੌਰ ਤੇ ਸ਼ਾਮਲ ਹੋਏ ਇਸ ਸਮੇਂ ਇੰਜੀਨੀਅਰ ਚੰਦਰਮੋਹਨ ਚਤਰਥ ਮੰਡਲ ਦਸੂਹਾ ਸੀਨੀਅਰ ਕਾਰਜਕਾਰੀ ਇੰਜੀਨੀਅਰ ਹਰਵਿੰਦਰ ਸ਼ਿੰਘ ਮੰਡਲ ਜਲੰਧਰ ਇੰਜੀਨੀਅਰ ਰਾਜੀਵ ਬੈਂਸ ਏ ਐਸ ਐਸ ਈ ਦਸੂਹਾ ਇੰਜੀਨੀਅਰ ਲਖਬੀਰ ਸਿੰਘ ਗਰਿਡ ਜਲੰਧਰ ਇੰਜੀਨੀਅਰ ਮਨਜਿੰਦਰ ਪਾਲ ਸਿੰਘ ਏ ਇੰਜੀਨੀਅਰ ਤਰਸੇਮ ਲਾਲ ਸੁੰਮਨ ਸਬਡਵੀਜ਼ਨ ਅਲਾਵਲਪੁਰ ਇੰਜੀਨੀਅਰ ਬਲਵੰਤ ਸਿੰਘ ਏ ਏ ਈ ਇੰਜੀਨੀਅਰ ਜੋਗਿੰਦਰ ਸਿੰਘ ਏ ਏ ਈ ਇੰਜੀਨੀਅਰ ਜੈ ਦੇਵ ਮੰਡਲ ਦਸੂਹਾ ਇੰਜੀਨੀਅਰ ਜਗਦੀਪ ਸਿੰਘ ਪ੍ਰਦੀਪ ਕੁਮਾਰ ਫੋਰਮੈਨ ਅਨਿਲ ਕੁਮਾਰ ਪਚਰੰਗਾ ਪੰਜਾਬ ਰੋਡਵੇਜ ਮੈਨੇਜਰ ਸੁਖਵਿੰਦਰ ਸਿੰਘ ਐਸ ਐਸ ਏ ਟਾਂਡਾ ਬਲਜੀਤ ਸਿੰਘ ਈ ਓ.,ਸਰਦਾਰ ਬਿੱਕਰ ਸਿੰਘ ਗੁਰਚਰਨ ਸਿੰਘ ਅਡੀਸ਼ਨਲ ਐਸਡੀਓ ਆਦਿ ਵੀ ਹਾਜ਼ਰ ਸਨ



ਇਸ ਸਮਾਗਮ ਸਮੇਂ ਪਹੁੰਚੇ ਮੁੱਖ ਮਹਿਮਾਨ ਇੰਜੀਨੀਅਰ ਸਿਮਰਜੀਤ ਕੌਰ ਨੇ ਕਿਹਾ ਕਿ ਇੰਜੀਨੀਅਰ ਜਸਵਿੰਦਰ ਸਿੰਘ ਨੇ ਵਿਭਾਗ ਵਿੱਚ ਆਪਣੀ 34 ਸਾਲ ਦੀ ਸੇਵਾ ਵਿੱਚ ਮਿਹਨਤ ਲਗਨ ਇਮਾਨਦਾਰੀ ਅਤੇ ਦ੍ਰਿੜਤਾ ਦੇ ਨਾਲ ਸੇਵਾਵਾਂ ਨਿਭਾਈਆਂ ਜਿਨ੍ਹਾਂ ਨੂੰ ਵਿਭਾਗ ਹਮੇਸ਼ਾ ਯਾਦ ਰੱਖੇਗਾ। ਇਸ ਮੌਕੇ ਇੰਜੀਨੀਅਰ ਦਿਆਲ ਕੁਮਾਰ ਇੰਜੀਨੀਅਰ ਅਵਤਾਰ ਸਿੰਘ ਇੰਜੀਨੀਅਰ ਸੱਤਪਾਲ ਸਿੰਘ ਸ਼ਾਮ ਸਿੰਘ ਚਰਨਜੀਤ ਸਿੰਘ ਅਮਰ ਚੰਦ ਓਮਕਾਰ ਸਿੰਘ ਤਰਲੋਕ ਸਿੰਘ ਰਾਮ ਸਿੰਘ ਕ੍ਰਿਸ਼ਨ ਲਾਲ ਜਤਿੰਦਰ ਤੇਜੀ ਬਲਵੀਰ ਸਿੰਘ ਜਨਕ ਰਾਜ ਸੁਖਵਿੰਦਰ ਸਿੰਘ ਰਣਜੀਤ ਸਿੰਘ ਸਤਨਾਮ ਸਿੰਘ ਸੂਬੇਦਾਰ ਬਲਵਿੰਦਰ ਸਿੰਘ ਬਲਜੀਤ ਸਿੰਘ ਜਸਵੀਰ ਸਿੰਘ ਰਾਮ ਨਾਥ ਆਦਿ ਮੌਜੂਦ ਸਨ।

### ਕਾਵਿ ਵਿਅੰਗ — ਦੋਏ ਖਿਡਾਰੀ ਜ਼ਿੰਦਾਬਾਦ!

ਪਹਿਲਾਂ 'ਜੱਫੀ' 'ਤੇ ਭੰਡੀ ਪ੍ਰਚਾਰ ਕੀਤਾ
ਸੂਈ ਸਿੱਧੂ 'ਤੇ ਰੋਜ ਹੀ ਲਾਈ ਰੱਖੀ।

ਰਾਸ਼ਟਰਵਾਦ ਦਾ 'ਸਬਕ' ਪੜ੍ਹਾਉਣ ਲੱਗੇ
ਸਾਰੇ ਚੈਨਲਾਂ ਭੰਡ ਹੀ ਪਾਈ ਰੱਖੀ।

ਸੁਣ ਕੇ ਖਬਰ ਇਮਰਾਨ ਦੀ ਪਹਿਲ ਵਾਲੀ
ਕ੍ਰੈਡਿਟ ਲੈਣ ਲਈ ਪਾਈ ਦੁਹਾਈ ਰੱਖੀ।

ਚੌਧਰ ਵਾਸਤੇ ਆਪਸ 'ਚ ਰਹੇ ਲੜਦੇ
ਬਾਬੇ ਨਾਨਕ ਦੀ ਬਾਤ ਭੁਲਾਈ ਰੱਖੀ।

ਛੱਡੀ ਸਿਆਸਤ ਨਾ ਬੌਣਿਆਂ ਆਗੂਆਂ ਨੇ
ਭਾਸ਼ਣ ਕਰਦਿਆਂ 'ਬੋਲੀਆਂ' ਮਾਰੀਆਂ ਨੇ।

ਸੱਤਰ ਸਾਲ ਤੋਂ ਲਟਕਦੀ ਰੀਝ ਸਾਡੀ
ਲਾਂਘਾ ਖੋਲ੍ਹ 'ਤਾ ਦੋਂਹ ਖਿਡਾਰੀਆਂ ਨੇ!



ਤਰਲੋਚਨ ਸਿੰਘ ਦੁਪਾਲਪੁਰ
001-408-915-1268

### ਪਾਕਿ ਨੇ ਕਰਤਾਰਪੁਰ ਬਾਰਡਰ 'ਤੇ ਇਮੀਗ੍ਰੇਸ਼ਨ ਕੇਂਦਰ ਖੋਲ੍ਹਿਆ

(ਸਫਾ 1 ਦੀ ਬਾਕੀ)

ਖੋਲ੍ਹਣ ਦੇ ਸਬੰਧ 'ਚ ਐਫਆਈਏ ਨੇ ਨਾਰੋਵਾਲ (ਲਾਹੌਰ ਤੋਂ 120 ਕਿਲੋਮੀਟਰ ਦੂਰ) ਵਿਚ ਕਰਤਾਰ-ਪੁਰ ਬਾਰਡਰ 'ਤੇ ਇਮੀਗ੍ਰੇਸ਼ਨ ਕੇਂਦਰ ਖੋਲ੍ਹ ਦਿੱਤਾ ਹੈ। ਉਨ੍ਹਾਂ ਦੱਸਿਆ,'ਐਫਆਈਏ ਦੇ ਅਧਿਕਾਰੀ ਸਿੱਖ ਸ਼ਰਧਾਲੂਆਂ ਦੇ ਦਸਤਾਵੇਜ਼ਾਂ ਦੀ ਜਾਂਚ ਕਰਨਗੇ ਅਤੇ ਬਾਇਓਮੀਟਰਿਕ ਪ੍ਰਣਾਲੀ ਰਾਹੀਂ ਉਨ੍ਹਾਂ ਦੀ ਸ਼ਨਾਖਤ ਕਰਨਗੇ। ਵੀਜ਼ਾ ਪ੍ਰਾਪਤ ਸਿੱਖ ਸ਼ਰਧਾਲੂਆਂ ਨੂੰ ਸ਼ਹਿਰ ਵਿਚ ਪ੍ਰਵੇਸ਼ ਕਰਨ ਦੀ ਆਗਿਆ ਹੋਵੇਗੀ ਜਦਕਿ ਪਰਮਿਟ ਹਾਸਲ ਸ਼ਰਧਾਲੂਆਂ ਨੂੰ ਸਿਰਫ ਗੁਰਦੁਆਰਾ ਦਰਬਾਰ ਸਾਹਿਬ ਜਾਣ ਦੀ ਆਗਿਆ ਹੋਵੇਗੀ।'

### ਘੁਬਾਇਆ

ਐਮ. ਪੀ. ਦਾ ਹਾਂ ਪੁੱਤ ਤੇਰੀ ਪੱਟ ਦੇਊਂ ਗੁੱਤ
ਤੂੰ ਜਾਣਦੀ ਨੀ ਸਾਨੂੰ ਐਸੀ ਕਰੇਂਗੇ ਕੁਪੱਤ
ਕਿਵੇਂ ਕੱਟੇਗੀ ਚਲਾਨ ਤਾਹੀਉਂ ਫੋਨ ਤੈਨੂੰ ਲਾਇਆ
ਦਬਕੇ ਤੂੰ ਦੇਣੇ ਦੱਸ ਕਿੱਥੋਂ ਸਿੱਖੀ ਮੈਨੂੰ ਕਹਿੰਦੇ ਨੇ ਘੁਬਾਇਆ।

ਦਿੱਲੀ ਤੱਕ ਅਪਰੋਚ ਸਾਨੂੰ ਰਾਜੇ ਦੀ ਹੈ ਸਪੋਰਟ
ਕਿਤੇ ਜਾਣ ਦੀ ਨੀ ਲੋੜ ਸਾਰੇ ਕੰਮ ਹੁੰਦੇ ਲੋਟ
ਤਾਹੀਉਂ ਵੋਟਾਂ ਪਾ ਕੇ ਲੋਕਾਂ ਨੇ ਤਾਂ ਮੈਨੂੰ ਤਾਂ ਜਿਤਾਇਆ
ਦਬਕੇ ਤੂੰ ਦੇਣੇ ਦੱਸ ਕਿੱਥੋਂ ਸਿੱਖੀ ........

ਥੋੜ੍ਹੇ ਦਾਅ ਪੇਚ ਸਿੱਖੇ ਤਾਹੀਉਂ ਵਾਰ ਕਰਾਂ ਤਿੱਖੇ
ਤੂੰ ਕੋਈ ਰੱਬ ਤਾਂ ਨਾ ਲੱਗੀ ਸਾਡੇ ਕਿਉਂ ਤੂੰ ਪੈ ਗਈ ਪਿੱਛੇ
ਮੇਰੇ ਇਲਾਕੇ ਵਿਚ ਆ ਕੇ ਫੋਕਾ ਰੋਅਬ ਤੂੰ ਜਮਾਇਆ
ਦਬਕੇ ਤੂੰ ਦੇਣੇ ਦੱਸ ਕਿੱਥੋਂ ਸਿੱਖੀ ........

ਤੇਰੇ ਸਿਰ ਭੂਤ ਹੈ ਸਵਾਰ ਤਾਹੀਉਂ ਕਰੇਂ ਹੰਕਾਰ
ਮੈਨੂੰ ਮੰਨਣਗੇ ਲੋਕ ਔਹ ਗਈ ਥਾਣੇਦਾਰ
ਜੁਲੀ ਬਿਸਤਰਾ ਮੈਂ ਵੇਖੀਂ ਤੇਰਾ ਕੱਲ੍ਹ ਨੂੰ ਚਕਾਇਆ
ਦਬਕੇ ਤੂੰ ਦੇਣੇ ਦੱਸ ਕਿੱਥੋਂ ਸਿੱਖੀ ........

ਗੱਲ ਸਮਝ ਤਾਂ ਆਈ ਅੱਗ 'ਦੇਵ ਘੋਲੀਏ' ਨੇ ਲਾਈ
ਤੂੰ ਤਾਂ ਜੀਹਦੇ ਪਿੱਛੇ ਲੱਗ ਸਾਰੀ ਗੱਲ ਤਾਂ ਵਧਾਈ
ਵੇਖੀ ਥੋੜ੍ਹਿਆਂ ਦਿਨਾਂ 'ਚ ਉਹ ਵੀ ਅੰਦਰ ਕਰਾਇਆ
ਦਬਕੇ ਤੂੰ ਦੇਣੇ ਦੱਸ ਕਿੱਥੋਂ ਸਿੱਖੀ ਮੂੰ ਕਹਿੰਦੇ ਨੇ ਘੁਬਾਇਆ।



**– ਦੇਵ ਘੋਲੀਆ ਖੁਰਦ**
(ਫਰਿਜ਼ਨੋ)
559-232-7764

# ਇਤਿਹਾਸਿਕ ਹਿੰਦੀ ਫਿਲਮ 'ਸ਼ੂਦਰ ਸੇ ਖਾਲਸਾ' ਨੂੰ ਸੈਂਸਰ ਬੋਰਡ ਨੇ ਕੀਤਾ 'ਬੈਨ'

**ਲੁਧਿਆਣਾ–** ਛੇ ਮਹੀਨਿਆਂ ਦੀ ਜਦੋ ਜਹਿਦ ਤੋਂ ਬਾਅਦ ਆਖਰ ਭਾਰਤ ਦੇ ਕੇਂਦਰੀ ਫਿਲਮ ਸੈਂਸਰ ਬੋਰਡ ਨੇ ਇਤਿਹਾਸਿਕ ਤੱਥਾਂ ਦੇ ਅਧਾਰਿਤ ਬਣੀ ਹਿੰਦੀ ਫਿਲਮ 'ਸ਼ੂਦਰ ਸੇ ਖਾਲਸਾ' ਨੂੰ ਜਾਰੀ ਕਰਨ ਤੋਂ ਇਨਕਾਰ ਕਰ ਦਿੱਤਾ ਹੈ ਜਿਸ ਕਾਰਨ ਕਰੋੜਾਂ ਦੇ ਬਜਟ ਨਾਲ ਬਣੀ ਇਸ ਫਿਲਮ ਦੀ ਸਮੁੱਚੀ ਟੀਮ ਵਿੱਚ ਸੈਂਸਰ ਬੋਰਡ ਪ੍ਰਤੀ ਗੁੱਸੇ ਦੀ ਭਾਵਨਾ ਪੈਦਾ ਹੋ ਗਈ ਹੈ ਅਤੇ ਉਨ੍ਹਾਂ ਇਸ ਫਿਲਮ ਨੂੰ ਜਾਰੀ ਕਰਵਾਉਣ ਲਈ ਮਾਨਯੋਗ ਸੁਪਰੀਮ ਕੋਰਟ ਤੱਕ ਕਾਨੂੰਨੀ ਲੜਾਈ ਕਰਨ ਦਾ ਫੈਸਲਾ ਕਰ ਲਿਆ ਹੈ। ਪੂਰੇ ਮਾਮਲੇ ਤੇ ਜਾਣਕਾਰੀ ਦੇਣ ਲਈ ਰੱਖੀ ਗਈ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਾਰਜਕਾਰੀ ਪ੍ਰੋਡਿਊਸਰ ਐਡਵੋਕੇਟ ਹਰਪ੍ਰੀਤ ਸਿੰਘ ਜਮ–ਾਲਪੁਰ ਅਤੇ ਡਾਇਰੈਕਟਰ ਬਾਬਾ ਕਮਲ ਨੇ ਕਿਹਾ ਕਿ ਭਾਰਤ ਦੇ ਸੈਂਸਰ ਬੋਰਡ ਦਾ ਵੀ ਭਗਵਾਂ ਕਰਨ ਹੋ ਚੁੱਕਾ ਹੈ। ਸੈਂਸਰ ਬੋਰਡ ਦੀ ਏਸੇ ਸੋਚ ਦੇ ਕਾਰਨ ਇਸ ਫਿਲਮ ਨੂੰ ਜਾਰੀ ਕਰਨ ਦਾ ਸਰਟੀਫਿਕੇਟ ਨਹੀ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਲੱਗਭਗ ਛੇ ਮਹੀਨਿਆਂ ਤੋਂ ਉਹ ਫਿਲਮ ਨੂੰ ਭਾਰਤ ਦੇ ਸਿਨੇਮਾ ਘਰਾਂ ਵਿੱਚ ਦਿਖਾਉਣ ਲਈ ਸੈਂਸਰ ਬੋਰਡ ਦਾ ਸਰਟੀਫਿਕੇਟ ਲੈਣ ਲਈ ਭੱਜ ਦੌੜ ਕਰ ਰਹੇ ਹਨ। ਸੈਂਸਰ ਬੋਰਡ ਨੇ ਇਸਦੇ ਟ੍ਰੇਲਰ ਅਤੇ ਪ੍ਰੋਮੋ ਨੂੰ ਜੂਨ ਅਤੇ ਜੁਲਾਈ ਮਹੀਨੇ ਵਿੱਚ ਸਰਟੀਫਿਕੇਟ ਦੇ ਦਿੱਤਾ ਸੀ ਪਰ ਫਿਲਮ ਨੂੰ ਜਾਰੀ ਕਰਨ ਤੋਂ ਏਹ ਕਹਿਕੇ ਇਨਕਾਰ ਕਰ ਦਿੱਤਾ ਕਿ 'ਫਿਲਮ ਮਹੱਤਵਪੂਰਨ ਇਤਿਹਾਸਿਕ ਤੱਥਾਂ ਨਾਲ ਛੇੜਛਾੜ ਕਰਕੇ ਬਣਾਈ ਗਈ ਹੈ ਜੋ ਕਿ ਗੁੰਮਰਾਹਕੁੰਨ ਪ੍ਰਚਾਰ ਕਰ ਰਹੀ ਹੈ। ਇਸ ਫਿਲਮ ਨੂੰ ਦਿਖਾਉਣ ਨਾਲ ਦੇਸ਼ ਦੀ ਸਮਾਜਿਕ ਸੱਦਭਾਵਨਾ ਅਤੇ ਰਾਸ਼ਟਰੀ ਏਕਤਾ ਤੇ ਅਖੰਡਤਾ ਨੂੰ ਖਤਰਾ ਪੈਦਾ ਹੋ ਸਕਦਾ ਹੈ।' ਐਡਵੋਕੇਟ ਜਮਾਲਪੁਰ ਨੇ ਕਿਹਾ ਕਿ ਸੈਂਸਰ ਬੋਰਡ ਦੀ ਇਸ ਬੇਹੁਦਾ ਟਿੱਪਣੀ ਤੋਂ ਅਸੀ ਹੈਰਾਨ ਹਾਂ ਕਿ ਹੁਣ ਤੱਕ ਆਈਆਂ 99 ਫੀਸਦੀ ਫਿਲਮਾਂ ਅਤੇ ਟੈਲੀਵਿਜਨ ਸੀਰੀਅਲਾਂ ਵਿੱਚ ਅੰਧ ਵਿਸ਼ਵਾਸ, ਤਰੱਕ ਵਿਹੁਣੀਆਂ ਅਤੇ ਗੈਰ ਵਿਗਿਆਨਿਕ ਗੱਲਾਂ, ਅਖੌਤੀ ਧਰਮਾਂ ਦੇ ਰੂੜੀਵਾਦੀ ਜਾਤੀਵਾਦੀ ਮਾਨਸ਼ਿਕਤਾ ਨੂੰ ਹੋਰ ਮਜਬੂਤ ਕਰਨ ਦੇ ਘਟਨਾਕ੍ਰਮ, ਮਿਥਿਹਾਸ ਤੇ ਆਧਾਰਿਤ ਗੱਪਾਂ ਤੇ ਗੈਵੀ ਸ਼ਕਤੀਆਂ ਦਾ ਪ੍ਰਚਾਰ ਪ੍ਰਸਾਰ ਕੀਤਾ ਜਾਂਦਾ ਹੈ। ਕੀ ਸੈਂਸਰ ਬੋਰਡ ਨੂੰ ਉਹ ਨਜਰ ਨਹੀ ਆ ਰਿਹਾ। ਉਨ੍ਹਾਂ ਕਿਹਾ ਕਿ ਅਸਲ ਵਿੱਚ ਉਪਰੋਕਤ ਕੂੜਾ ਕਰੱਕਟ ਬ੍ਰਾਹਮਣਵਾਦ ਨੂੰ ਜਿਉਂਦਾ ਰੱਖਣ ਲਈ ਉਸਦੀ ਖੁਰਾਕ ਦਾ ਕੰਮ ਕਰਦਾ ਹੈ ਜਦਕਿ ਫਿਲਮ 'ਸ਼ੂਦਰ ਸੇ ਖਾਲਸਾ' ਇਤਿਹਾਸਿਕ ਤੱਥਾਂ ਤੇ ਅਧਾਰਿਤ ਪੂਰਨ ਰੂਪ ਵਿੱਚ ਵਿਗਿਆਨਿਕ ਹੈ ਜੋ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਨਹੀ ਬਲਕਿ ਕੇਵਲ ਤੇ ਕੇਵਲ ਬ੍ਰਾਹਮਣਵਾਦ ਲਈ ਜਰੂਰ ਖਤਰਾ ਹੈ। ਭਗਵਾਂ ਰੂਪ ਲੈ ਚੁੱਕੇ ਸੈਂਸਰ ਬੋਰਡ ਨੂੰ ਏਹੀ ਗੱਲ ਹਜਮ ਨਹੀ ਹੋਈ ਤੇ ਉਸਨੇ ਇਸ ਫਿਲਮ ਨੂੰ ਜਾਰੀ ਕਰਨ ਤੋਂ ਇਨਕਾਰ ਕਰਕੇ ਇਸਤੇ ਬੈਨ ਲਗਾ ਦਿੱਤਾ। ਉਨ੍ਹਾਂ ਕਿਹਾ ਕਿ ਫਿਲਮ ਨੂੰ ਜਾਰੀ ਕਰਵਾਉਣ ਲਈ ਪਹਿਲਾਂ ਸੈਂਸਰ ਬੋਰਡ ਦੇ 'ਫਿਲਮ ਸਰਟੀਫਿਕੇਸ਼ਨ ਅਪੀਲੈਂਟ ਟ੍ਰੀਬਿਊਨਿਲ' ਕੋਲ ਅਪੀਲ ਕਰਾਂਗੇ ਤੇ ਜੇਕਰ ਉਨ੍ਹਾਂ ਨੇ ਭਗਵਾਂ ਸੋਚ ਤੇ ਚੱਲ ਇਨਕਾਰ ਕੀਤਾ ਤਾਂ ਮਾਨਯੋਗ ਸੁਪਰੀਮ ਕੋਰਟ ਤੱਕ ਲੜਾਈ ਲੜੀ ਜਾਵੇਗੀ। ਐਡਵੋਕੇਟ ਜਮਾਲਪੁਰ ਨੇ ਕਿਹਾ ਕਿ ਅੱਜ ਸਾਡੇ ਵੱਲੋਂ ਫਿਲਮ ਦੇ ਪੋਸਟਰ, ਪ੍ਰੋਮੋ, ਟ੍ਰੇਲਰ ਅਤੇ ਸੰਗੀਤ ਜਾਰੀ ਕੀਤਾ ਜਾ ਰਿਹਾ ਹੈ ਅਤੇ ਇੱਕ ਮਹੀਨੇ ਦੇ ਇੰਤਜਾਰ ਤੋਂ ਬਾਅਦ ਵਿਦੇਸ਼ਾਂ ਵਿੱਚ ਫਿਲਮ ਜਾਰੀ ਕਰ ਦਿੱਤੀ ਜਾਵੇਗੀ ਅਤੇ ਭਾਰਤ ਵਿੱਚ ਕਾਨੂੰਨੀ ਲੜਾਈ ਜਾਰੀ ਰੱਖੀ ਜਾਵੇਗੀ। ਉਨ੍ਹਾਂ ਮੂਲਨਿਵਾਸੀ ਬਹੁਜਨ ਸਮਾਜ ਦੇ ਲੋਕਾਂ ਅਤੇ ਇਨ੍ਹਾਂ 'ਚੋਂ ਧਾਰਮਿਕ ਘੱਟ ਗਿਣਤੀਆਂ ਸਿੱਖਾਂ, ਬੋਧੀਆਂ, ਮੁਸਲਮਾਨਾਂ, ਈਸਾਈਆਂ, ਅਖੌਤੀ ਹਿੰਦੂਆਂ ਵਿੱਚ ਤਬਦੀਲ ਹੋਇਆ ਨੂੰ ਅਪੀਲ ਕੀਤੀ ਕਿ ਫਿਲਮ ਮਾਨਵਤਾਵਾਦੀ ਹੈ, ਉਨ੍ਹਾਂ ਦੇ ਇਤਿਹਾਸ ਨਾਲ ਜੁੜੀ ਹੈ ਜਿਸਨੂੰ ਬਣਾਉਣ ਲਈ ਟੀਮ ਦਾ ਬਹੁਤ ਪੈਸਾ ਤੇ ਸਮਾਂ ਲੱਗਾ ਹੈ ਇਸ ਲਈ ਇਸਨੂੰ ਸਾਂਝੀ ਲੜਾਈ ਮੰਨਦੇ ਹੋਏ ਸਹਿਯੋਗ ਦਿੱਤਾ ਜਾਵੇ। ਇਸ ਮੌਕੇ ਭਾਈ ਹਰਪ੍ਰੀਤ ਸਿੰਘ ਮੱਖੂ, ਗੁਰਪ੍ਰੀਤ ਸਿੰਘ ਮਹਿਦੂਦਾਂ, ਡਾਇਰੈਕਟਰ ਬਾਬਾ ਕਮਲ, ਮੁੱਖ ਸਿਤਾਰੇ ਸੁਸ਼ੀਲ ਘਈ, ਕੇਸ਼ਵ ਘਈ, ਗੁਰਿੰਦਰ ਕੌਰ ਮਹਿਦੂਦਾਂ, ਰਾਮਾਨੰਦ, ਲਾਭ ਸਿੰਘ ਭਾਮੀਆਂ, ਡਾ: ਆਰ ਐਨ ਮੌਰੀਆ, ਕਮਲ, ਡਾ: ਆਰ ਐਨ ਮੌਥਠਤ, ਬੰਸੀ ਲਾਲ ਪ੍ਰੇਮੀ, ਕੁਲਵੰਤ ਸਿੰਘ ਕਾਂਤੀ, ਧੰਨਾ, ਪ੍ਰਭੂ ਪਾਲ ਅਤੇ ਹੋਰ ਹਾਜਰ ਸਨ।



# ਸਿਆਸਤ ਦੀ ਗੂਗਲੀ 'ਚ ਸਿੱਧੂ ਮੌਲਿਕ ਰਚਨਾ



ਬਬੀਤਾ, ਨਾਭਾ
ਐਮ ਫ਼ਿਲ (ਪੋਲ ਸਾਇੰਸ)

ਇਹਨੀਂ ਦਿਨੀਂ ਪੰਜਾਬ ਦੀ ਸਿਆਸਤ ਦੀ ਗੂਗਲੀ ਸਿੱਧੂ ਦੇ ਦੁਆਲੇ ਘੁੰਮ ਰਹੀ ਹੈ। ਗੱਲ ਕਰਤਾਰਪੁਰ ਲਾਂਘੇ ਤੋ ਸ਼ੁਰੂ ਹੋ ਕੇ ਕੈਪਟਨ ਨੂੰ ਆਪਣਾ ਨੇਤਾ ਮੰਨਣ ਤੋ ਮੁਨਕਰ ਹੋਣ ਤੱਕ ਆ ਗਈ। ਬਿਨਾ ਸ਼ੱਕ ਕਰਤਾਰਪੂਰ ਲਾਂਘੇ ਬਾਰੇ ਸਿੱਧੂ ਦਾ ਵਿਚਾਰ ਬਹੁਤ ਵਧੀਆ ਸੀ।ਇਹ ਦੋਹਾ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਦੁਆਰਾ ਦਿਖਾਈ ਫਰਾਖ਼ ਦਿਲੀ ਅਤੇ ਪਹਿਲ ਦਾ ਨਤੀਜਾ ਹੈ। ਮੁੱਕਦੀ ਗੱਲ ਇਹ ਕਿ ਜੇ ਅਸੀਂ ਸਾਡੀਆਂ ਧਾਰਮਿਕ ਆਸਥਾਵਾ ਲਈ ਵੀ ਕ੍ਰੈਡਿਟ ਲੈਣ ਦੀ ਹੋੜ ਵਿੱਚ ਲੱਗ ਜਾਂਦੇ ਹਾਂ ਤਾਂ ਅਸੀਂ ਤਾਂ ਗੁਰੂ ਨਾਨਕ ਦੇਵ ਜੀ ਤੋ ਕੁੱਝ ਸਿੱਖਿਆ ਹੀ ਨਹੀਂ। 'ਮੈ' ਨੂੰ ਮਿਟਾਉਣ ਦੀ ਗੱਲ ਹੀ ਤਾਂ ਗੁਰੂ ਸਾਹਿਬ ਦਾ ਪਹਿਲਾ ਉਪਦੇਸ਼ ਹੈ। ਚਲੋ ਜੋ ਵੀ ਹੋਇਆ ਲਾਂਘਾ ਖੁੱਲ੍ਹਣ ਦੀ ਸ਼ੁਰੂਆਤ ਹਰੇਕ ਪੰਜਾਬੀ ਲਈ ਖ਼ੁਸ਼ੀਆਂ ਲੈ ਕੇ ਆਈ। ਪਾਕਿਸਤਾਨ ਵਾਲੇ ਪਾਸੇ ਇਸਦਾ ਉਦਘਾਟਨ ਹੋਣ ਸਮੇਂ ਧੁਰ ਵਿਰੋਧੀ ਹੰਦੇ ਹੋਏ ਵੀ ਹਰਸਿਮਰਤ ਬਾਦਲ ਅਤੇ ਸਿੱਧੂ ਦਾ ਧਾਰਮਿਕ ਕਾਰਜ ਲਈ ਇਕੱਠੇ ਖੜੇ ਦਿਸਣਾ ਇੱਕ ਸਕੂਨ ਵਾਲੀ ਗੱਲ ਸੀ। ਪ੍ਰੰਤੂ ਇਹ ਕੀ, ਪੰਜਾਬ ਆਉਂਦੇ ਹੀ ਤੂਫ਼ਾਨ ਮੱਚ ਗਿਆ ਕਿ ਸਿੱਧੂ ਨੇ ਖ਼ਾਲਿਸਤਾਨੀ ਆਂਤੰਕੀ ਨਾਲ ਫੋਟੋਆਂ ਖਿਚਵਾਈਆਂ। ਪਰ ਇਸਦੇ ਨਾਲ ਹੀ ਭਾਈ ਲੌਗੋਂਵਾਲ ਦੀ ਤਸਵੀਰ ਵੀ ਉਸ ਸ਼ਖ਼ਸ ਦੇ ਨਾਲ ਬੈਠੇ ਆ ਗਈ ਤਾਂ ਵਿਵਾਦ ਕੁੱਝ ਬੈਲੰਸ ਹੋ ਗਿਆ। ਸਿੱਧੂ ਦੁਆਰਾ ਵੀ ਇਹ ਕਿਹਾ ਗਿਆ ਕਿ ਉਸਦੇ ਨਾਲ ਤਾਂ ਬਹੁਤ ਲੋਕ ਫੋਟੋ ਖਿਚਵਾਉਂਦੇ ਨੇ ਉਸਨੂੰ ਕੀ ਪਤਾ ਕਿ ਕੌਣ ਸੀ। ਸਿੱਧੂ ਦਾ ਪਾਕਿਸਤਾਨੀ ਮੀਡੀਆ ਵਿੱਚ ਦਿੱਤਾ ਇੱਕ ਬਿਆਨ ਵੀ ਚਰਚਾਂ ਦਾ ਵਿਸ਼ਾ ਬਣਿਆ ਹੋਇਆ ਸੀ ਕਿ 'ਜਰਨੈਲ ਨੂੰ ਜੱਫੀ ਹੀ ਤਾਂ ਪਾਈ ਸੀ ਰਾਫ਼ੈਲ ਡੀਲ ਤਾਂ ਨਹੀਂ ਕੀਤੀ' ਇਹ ਬਿਆਨ ਉਸਦੇ ਬੜਬੋਲੇ ਪਨ ਦੀ ਮਿਸਾਲ ਦੇ ਰਿਹਾ ਸੀ।ਕਿਸੇ ਬਿਗਾਨੇ ਮੁਲਕ ਵਿੱਚ ਜਾਂ ਕੇ ਆਪਣੇ ਦੇਸ਼ ਦੇ ਅੰਦਰੂਨੀ ਮਸਲਿਆ ਦੇ ਬਾਰੇ ਸੋਚ ਵਿਚਾਰ ਨਾਲ ਗੱਲ ਕਰਨੀ ਚਾਹੀਦੀ ਹੈ। ਸਿੱਧੂ ਸਾਹਿਬ ਵਰਗਾ ਜ਼ਹੀਨ ਜਿਸ ਨੂੰ ਰੱਬ ਨੇ ਕਾਫ਼ੀ ਕਾਬਲੀਅਤ ਦਿੱਤੀ ਹੈ ਸਿਰਫ਼ ਆਪਣੀ ਜ਼ੁਬਾਨ ਕਾਰਨ ਵਿਵਾਦਾਂ ਵਿੱਚ ਫਸ ਜਾਂਦਾ ਹੈ। ਇਸ ਬਿਆਨ ਦੀ ਅੱਗ ਅਜੇ ਮੱਠੀ ਨਹੀਂ ਸੀ ਪਈ ਉਹਨਾਂ ਦਾ ਹੈਦਰਾਬਾਦ ਵਿਖੇ ਦਿੱਤਾ ਤਾਜ਼ਾ ਬਿਆਨ ਸਾਹਮਣੇ ਆ ਗਿਆ 'ਕੌਣ ਕੈਪਟਨ ਮੇਰੇ ਕੈਪਟਨ ਤਾਂ ਰਾਹੁਲ ਗਾਂਧੀ ਹਨ' ਬਹੁਤ ਹੀ ਹਾਂਸੋਹੀਣਾ ਸੀ। ਕੀ ਸਿੱਧੂ ਉਸ ਕੈਪਟਨ ਨੂੰ ਨਹੀਂ ਜਾਣਦੇ ਜਿਸਦੇ ਅਧੀਨ ਪੰਜਾਬ ਸਰਕਾਰ ਚੱਲ ਰਹੀ ਹੈ ਅਤੇ ਉਸੇ ਕੈਪਟਨ ਦੇ ਨਾਅਰੇ ਤੇ ਚੋਣਾ ਲੜੀਆਂ ਗਈਆਂ ਸਨ ਕਿ 'ਚਾਹੁੰਦਾ ਹੈ ਪੰਜਾਬ ਕੈਪਟਨ ਦੀ ਸਰਕਾਰ'। ਉਹਨਾਂ ਦੀ ਜ਼ੁਬਾਨ ਵਿੱਚ ਕੈਪਟਨ ਪ੍ਰਤੀ ਰੰਜਸ਼ ਸਾਫ਼ ਝਲਕਦੀ ਦਿਖਾਈ ਦੇ ਰਹੀ ਹੈ।ਇਹ ਤਾਂ ਇੰਝ ਜਾਪਦਾ ਹੈ ਜਿਵੇਂ ਇੱਕ ਮਿਆਨ ਵਿੱਚ ਰਾਹੁਲ ਗਾਂਧੀ ਦੁਆਰਾ ਦੋ ਤਲਵਾਰਾਂ ਫ਼ਿੱਟ ਕੀਤੀਆਂ ਹੋਣ ਜਿਨ੍ਹਾਂ ਦਾ ਇਕੱਠੇ ਰਹਿਣਾ ਮੁਸ਼ਕਿਲ ਹੀ ਨਹੀਂ ਨਾਮੁਮਕਿਨ ਵੀ ਜਾਪ ਰਿਹਾ। ਕਿਉਂਕਿ ਗਾਹੇ ਬਗਾਨੇ ਸਿੱਧੂ ਫੈਮਿਲੀ ਅਤੇ ਕੈਪਟਨ ਸਾਹਿਬ ਦੇ ਬਿਆਨ ਇੱਕ ਦੂਜੇ ਨੂੰ ਕਾਂਟ ਕਰਨ ਵਾਲੇ ਹੀ ਹੁੰਦੇ ਹਨ। ਅਜੇ ਸਰਕਾਰ ਬਣੀ ਨੂੰ ਮਸਾਂ ਦੋ ਕੁ ਸਾਲ ਹੀ ਹੋਏ ਹਨ ਅਜੇ ਤਿੰਨ ਸਾਲ ਦਾ ਸਮਾ ਹੋਰ ਪਿਆ।ਜੇ ਆਪਸ ਵਿੱਚ ਖਿੱਚੋਤਾਣ ਹੀ ਚੱਲਦੀ ਰਹੀ ਤਾਂ ਲੋਕ ਭਲਾਈ ਦੇ ਫ਼ੈਸਲੇ ਕਿਸ ਤਰਾ ਲਏ ਜਾਣਗੇ। ਪੰਜਾਬ ਦੀ ਜਨਤਾ ਸਿਆਸਤਦਾਨਾਂ ਦੀਆ ਗੂਗਲੀਆਂ ਵਿੱਚ ਫਸੀ ਹੋਈ ਮਹਿਸੂਸ ਕਰ ਰਹੀ ਹੈ।


# SRI GURU RAVIDASS SABHA PITTSBURG (CA)

## 2150 CRESTVIEW DRIVE, Pittsburg CA 94565 Tel: (925) 439-2355

### Programs at Sri Guru Ravidass Temple Pittsburg in November/December 2018

**December 2, 2018**
**Sri Sukhmani Sahib Path and Langar Sewa by Gurdyal Singh Rattu & Raj Rani Rattu**
Sri Sukhmani Sahib Path and Langar Sewa will be hosted by Gurdyal Singh Rattu and Raj Rani Rattu in celebration of their Son (Grandson of Bhai Gurnam Singh Rattu and Bibi Satyamati Rattu) Sahib Singh's 5th Birthday. May Waheguru bless Sahib Singh Rattu with happy healthy and long life

**December 9, 2018**
**Sri Sukhmani Sahib Path and Langar Sewa by Bhai Satnam Singh**
Sri Sukhmani Sahib Path and Langar Sewa will be hosted by Bhai Satnam Singh, Son Amandeep Singh & Bibi Prianka Sidhu for Sukh Shanti and Chardi Kala of their Family. May Waheguru keep family in Chardi Kala.



**December 16, 2018**
**Akhand Path sewa by Bhai Santokh Madhar and Bibi Renu Madhar**
Akhand path will start on Friday 12/14/2018, at 10:00 AM and will be concluded with Bhog ceremony on Sunday morning 12/16/2018. Path and Langar Sewa will be hosted by Bhai Santokh Madhar and Bibi Renu Madhar to thank Waheguru ji for the health and happiness of their family. Jatha of Bahi Suveg Singh will do the Kirtan Sewa. May Waheguru keep Madhar family in Chardi Kala.

**December 23, 2018**
**Shaheedi Divas of Guru Gobind Singh Ji's Sahibzadey**
Sukhmani Sahib Path and Langar will be hosted by Gurughar on the occasion of Barsi of Shri Guru Gobind Singh Ji's four Sahibzadey: Baba Ajit Singh, Baba Jujhar Singh, Baba Zorawar Singh and Baba Fateh Singh. Guru Gobind Singh sacrificed his dear and brave sons, only to prove that when it comes to making sacrifices for the Sikh cause, he would not hesitate to offer his own sons to show the world that the Sikh ideals alone, and not his own sons, were dearer to him. Entire Sangat is humbly requested to participate and do the SEWA.

**December 30, 2018**
**Sukhmani Sahib Path and Langar Sewa by Gurughar*****

**December 31, 2018**
**Rain Sabai New Year's celebrations**
We are celebrating New Year's Eve at Gurughar in welcoming the 2019. Sukhmani Sahib Path and Langar Sewa will be hosted by Sangat. Let us start the New Year with a prayer for love, happiness and prosperity of our Sangat. Jathas of Giani Gurnam Singh/Ompal Singh will do the Shabad Kirtan. The entire Sangat is requested to participate whole heartedly.

| Sangat Sewadars | Chairman | President | General Secretary | Treasurer |
|---|---|---|---|---|
| | Ramesh Suman | Kashmiri Bhatia | Dilbag Singh | Narinder Chahal |
| | 925-366-3618 | 408-460-0262 | 209-834-4641 | 209- 627-7974 |

## 6 ਦਸੰਬਰ ਪ੍ਰੀਨਿਰਵਾਣ ਦਿਵਸ 'ਤੇ ਡਾਕਟਰ ਅੰਬੇਡਕਰ ਨੂੰ ਯਾਦ ਕਰਦਿਆਂ

# ਦਲਿਤ ਸਮਾਜ ਅਤੇ ਮੀਡੀਏ ਦਾ ਰੋਲ



- ਫਤਿਹਜੰਗ ਸਿੰਘ

ਮਨੁੱਖ ਨੇ ਜਿਵੇਂ ਜਿਵੇਂ ਸਮਾਜਿਕ ਤੌਰ 'ਤੇ ਵਿਕਾਸ ਕੀਤਾ ਹੈ, ਤਿਵੇਂ-ਤਿਵੇਂ ਉਹ ਆਪਣੇ ਸਮਾਜਿਕ ਸੰਗਠਨ, ਰਾਜਪਾਟ ਦੇ ਢੰਗ-ਤਰੀਕੇ ਵੀ ਬਦਲਦਾ ਰਿਹਾ ਹੈ। ਕਬੀਲਿਆਂ ਦੇ ਰਾਜ ਆਏ, ਰਾਜਿਆਂ-ਮਹਾਰਾਜਿਆਂ ਦੇ ਰਾਜ ਆਏ, ਤਾਨਾਸ਼ਾਹੀਆਂ ਆਈਆਂ ਪਰ ਅੱਜ ਸੰਸਾਰ ਪੱਧਰ ਤੇ ਲੋਕ-ਰਾਜ ਹੀ ਸਰਬ ਪ੍ਰਵਾਨਿਤ ਰਾਜ ਵਿਧੀ ਮੰਨ ਲਈ ਗਈ ਹੈ। ਲੋਕ ਰਾਜ ਵਿਚ ਲੋਕਾਂ ਰਾਹੀਂ, ਲੋਕਾਂ ਲਈ, ਲੋਕਾਂ ਦੀ ਸਰਕਾਰ ਬਣਨੀ ਚਾਹੀਦੀ ਹੈ ਪਰ ਭਾਰਤ ਵਿਚ ਅਜਿਹਾ ਨਹੀਂ ਹੋ ਰਿਹਾ। ਇੱਥੋਂ ਦੀ ਸਰਕਾਰ ਭਾਵੇਂ ਚੁਣੀ ਤਾਂ ਜਾਂਦੀ ਲੋਕਾਂ ਰਾਹੀਂ ਹੀ ਲੋਕਾਂ ਲਈ ਹੈ ਪਰ ਉਹ ਭੁਗਤਦੀ ਹੈ ਜੋਕਾਂ ਦੇ ਹੱਕ ਵਿਚ।ਇਸੇ ਲਈ ਅੱਜ ਅੱਧੀਓਂ ਵੱਧ ਆਬਾਦੀ ਭੁੱਖਮਰੀ ਦੀ ਸ਼ਿਕਾਰ ਹੈ ਅਤੇ ਮਨੁੱਖੀ ਵਿਕਾਸ ਪੱਖੋਂ ਅਸੀਂ 182 ਦੇਸ਼ਾਂ ਵਿਚੋਂ 136ਵੇਂ ਨੰਬਰ 'ਤੇ ਆ ਗਏ ਹਾਂ।

ਲੋਕ-ਰਾਜ ਦੇ ਚਾਰ ਥੰਮਾਂ ਲੈਜੀਸਲੇਚਰ (ਕਾਨੂੰਨ ਘੜਨਾ), ਐਗਜੈਕਟਿਵ (ਕਾਨੂੰਨ ਲਾਗੂ ਕਰਨਾ), ਜੂਡੀਸ਼ੀਅਰੀ (ਕਾਨੂੰਨ ਦੀ ਰਾਖੀ ਕਰਨਾ) ਅਤੇ ਮੀਡੀਆ (ਪ੍ਰਚਾਰ ਪ੍ਰਸਾਰਣ) ਵਿਚੋਂ ਮੀਡੀਆ ਦਾ ਮਹੱਤਵਪੂਰਨ ਰੋਲ ਹੈ, ਭਾਵੇਂ ਬਾਕੀ ਵੀ ਆਪਣੀ-ਆਪਣੀ ਥਾਂ ਘੱਟ ਮਹੱਤਵਪੂਰਨ ਨਹੀਂ ਹਨ। ਮੀਡੀਆ ਸਮਾਜ ਦੀ ਧੜਕਣ ਹੈ, ਆਵਾਜ਼ ਹੈ, ਜਾਨ ਹੈ। ਮੀਡੀਆ ਦੇ ਸਹੀ ਰੋਲ ਨਾਲ ਬਾਕੀ ਦੇ ਤਿੰਨੇ ਅੰਗ ਵੀ ਸਹੀ ਰੋਲ ਅਦਾ ਕਰ ਸਕਦੇ ਹਨ। ਕਿਸੇ ਦੇਸ਼ ਦਾ ਮੀਡੀਆ ਜਿੰਨਾ ਸ਼ਕਤੀਸ਼ਾਲੀ ਹੋਵੇਗਾ, ਉਨਾ ਹੀ ਮਜ਼ਬੂਤ ਤੇ ਸ਼ਕਤੀਸ਼ਾਲੀ ਉਹ ਦੇਸ਼ ਬਣ ਜਾਵੇਗਾ। ਕਿਸੇ ਵੇਲੇ ਅਮਰੀਕਾ ਵਰਗੇ ਸ਼ਕਤੀਸ਼ਾਲੀ ਦੇਸ਼ ਦੇ ਸ਼ਕਤੀਸ਼ਾਲੀ ਰਾਸ਼ਟਰਪਤੀ ਨੂੰ ਉਥੋਂ ਦੇ ਸ਼ਕਤੀਸ਼ਾਲੀ ਮੀਡੀਏ ਨੇ ਵਾਟਰਗੇਟ ਸਕੈਂਡਲ ਦਾ ਪਰਦਾਫਾਸ਼ ਕਰਕੇ ਰਾਸ਼ਟਰਪਤੀ ਨੂੰ ਤਖਤ ਛੱਡਣ ਲਈ ਮਜਬੂਰ ਕਰ ਦਿੱਤਾ ਸੀ। ਮੀਡੀਆ ਚਾਹੇ ਤਾਂ ਜ਼ੁਲਮ ਅਤੇ ਜਾਲਮ ਨੂੰ ਤਰੇਲੀਆਂ ਲਿਆ ਸਕਦਾ ਹੈ।ਭਾਰਤ ਵਿਚ ਮੀਡੀਆ ਦਾ ਰੋਲ ਬਹੁਤਾ ਕਰਕੇ ਇਕ ਪਾਸੜ ਹੈ ਜੋ ਆਮ ਕਰਕੇ ਆਪਣੇ ਮਾਲਕਾਂ ਦੀ ਬੋਲੀ ਹੀ ਬੋਲਦੀ ਹੈ ਅਤੇ ਆਮ ਲੋਕ ਜਿਹਨਾਂ ਦਾ ਮੀਡੀਆ ਵਿਚ ਹਿੱਸਾ ਹੀ ਨਹੀਂ ਤੇ ਉਹਨਾਂ ਦੀ ਆਵਾਜ਼ ਦੱਬ ਕੇ ਹੀ ਰਹਿ ਗਈ ਹੈ। ਕਾਨੂੰਨ ਜੋ ਆਮ ਲੋਕਾਂ ਦੇ ਹਿੱਤ ਵਿਚ ਬਣਦੇ ਹਨ, ਉਹ ਕਾਬਜ਼ ਜਮਾਤ ਦੇ ਹਿੱਤ ਵਿਚ ਭੁਗਤ ਜਾਂਦੇ ਹਨ। ਇਨਸਾਫ ਆਮ ਲੋਕਾਂ ਲਈ ਦੁਰਲਭ ਵਸਤੂ ਬਣ ਚੁੱਕਿਆ ਹੈ। ਸਮਾਜਿਕ, ਆਰਥਿਕ, ਸਿਆਸੀ ਤੇ ਧਾਰਮਿਕ ਅੱਨਿਆ ਹਰ ਪਾਸੇ ਵਰਤ ਰਿਹਾ ਹੈ ਕਿਉਂਕਿ ਮੀਡੀਆ ਆਪਣਾ ਰੋਲ ਸਹੀ ਨਹੀਂ ਨਿਭਾਅ ਰਿਹਾ।

ਦਲਿਤ ਸਮਾਜ ਸਦੀਆਂ ਤੋਂ ਇਕ ਭਿਆਨਕ ਸਮਾਜਿਕ ਉਤਪੀੜਨ ਦਾ ਸ਼ਿਕਾਰ ਬਣਿਆ ਆ ਰਿਹਾ ਹੈ। ਅੱਜ ਮੀਡੀਆ ਦੇ ਯੁੱਗ ਵਿਚ ਉਸ ਨਾਲ ਉਹੀ ਕੁਝ ਵਾਪਰ ਰਿਹਾ ਹੈ। ਅੱਜ ਭਾਵੇਂ ਵਿੱਦਿਆ ਪ੍ਰਾਪਤ ਕਰਨ ਬਦਲੇ ਉਸਨੂੰ ਸ਼ੰਭੂਕ ਵਾਂਗੂ ਸੀਸ ਤਾਂ ਨਹੀਂ ਕਟਵਾਉਣਾ ਪੈਂਦਾ ਪਰ ਅੰਤਾਂ ਦੀ ਮਹਿੰਗੀ ਬਣਾ ਦਿੱਤੀ ਗਈ ਵਿੱਦਿਆ ਉਸ ਲਈ ਅਜੇ ਵੀ ਉਨੀ ਹੀ ਦੂਰ ਹੈ। ਅੱਜ ਉਸਨੂੰ ਪ੍ਰਾਪਤ ਕਰਨ ਲਈ ਇਕ ਦਾ ਨਹੀਂ ਪੂਰੇ ਪਰਿਵਾਰ ਦਾ ਪੇਟ ਕਟਵਾਉਣਾ ਪੈਂਦਾ ਹੈ, ਸੀਸ ਭਾਵੇਂ ਨਹੀਂ। ਅੱਜ ਭਾਵੇਂ ਜ਼ੁਲਮ ਅਤੇ ਜਾਬਰ ਵਿਰੁੱਧ ਬੋਲਣ ਤੋਂ ਉਸਦੀ ਜੀਭ ਤਾਂ ਨਹੀਂ ਕੱਟੀ ਜਾਂਦੀ ਪਰ ਉਸਦੀ ਆਵਾਜ਼ ਨੂੰ ਮੀਡੀਏ ਰਾਹੀਂ ਬੇ-ਆਵਾਜ਼ ਕਰਕੇ 'ਕਤਲ' ਕਰ ਦਿੱਤਾ ਜਾਂਦਾ ਹੈ। ਜੇ ਦਲਿਤ ਸਮਾਜ ਫਿਰ ਵੀ ਚੀਖ਼ ਪੁਕਾਰ ਕਰੇ ਜਾਂ ਆਪਣੇ ਮਹਾਂਪੁਰਖਾਂ ਦੀ, ਬਜ਼ੁਰਗਾਂ ਦੀ ਆਵਾਜ਼ ਨੂੰ ਬੁਲੰਦ ਕਰਨ ਦੀ ਕੋਸ਼ਿਸ਼ ਕਰੇ ਤਾਂ ਕੋਰਟ-ਕਚਹਿਰੀਆਂ ਵਿਚ ਘਸੀਟ ਕੇ, ਤਰ੍ਹਾਂ-ਤਰ੍ਹਾਂ ਦੀਆਂ ਧਮਕੀਆਂ, ਡਰਾਵੇ ਦੇ ਕੇ ਚੰਗਾ ਬਣਨ ਲਈ ਮਜਬੂਰ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ। ਨਤੀਜੇ ਵਜੋਂ ਅੱਜ ਆਜ਼ਾਦੀ ਦੇ ਸੱਤ ਦਹਾਕੇ ਬੀਤ ਜਾਣ ਬਾਅਦ ਵੀ ਹਾਲਤ ਇਹ ਹੈ ਕਿ ਦਲਿਤ ਸਮਾਜ ਦੀ ਪ੍ਰਤੀਸ਼ਤਤਾ ਨੌਕਰੀਆਂ ਵਿਚ 16, ਵਪਾਰ ਵਿਚ 10 ਅਤੇ ਜ਼ਮੀਨ ਵਿਚ 7 ਹੈ।

ਦਲਿਤ ਸਮਾਜ ਦੀ ਦੁਰਦਸ਼ਾ ਦੇ ਕਾਰਨਾਂ ਵਿਚੋਂ ਮੁੱਖ ਕਾਰਨ ਇਹ ਵੀ ਹੈ ਕਿ ਸਮਾਜ ਤੇ ਕਾਬਜ਼ ਜਮਾਤਾਂ ਨੇ ਅਜਿਹੀ ਵਿਵਸਥਾ ਤਿਆਰ ਕਰ ਦਿੱਤੀ ਹੈ, ਜਿਸ ਵਿਚ ਦਲਿਤ ਸਮਾਜ ਦਾ ਮੀਡੀਆ ਉਸਰਨ ਹੀ ਨਹੀਂ ਦਿੱਤਾ ਗਿਆ। ਟੀ. ਵੀ. ਚੈਨਲ ਦੀ ਗੱਲ ਤਾਂ ਦੂਰ ਦੀ ਹੈ ਕੋਈ ਮਜ਼ਬੂਤ ਰੋਜ਼ਾਨਾ, ਹਫਤਾਵਾਰੀ ਜਾਂ ਪੰਦਰਵਾੜਾ ਅਖ਼ਬਾਰ ਵੀ ਨਹੀਂ ਹੈ। ਦੇਸ਼ ਪੱਧਰ ਦੀਆਂ 40 ਪ੍ਰਮੁੱਖ ਸੰਸਥਾਵਾਂ ਦੇ ਮੁੱਖ ਅਹੁਦੇਦਾਰਾਂ ਵਿਚ ਇਹਨਾਂ ਦੀ ਗਿਣਤੀ 315 ਹੈ। ਉਹਨਾਂ ਵਿਚ ਦਲਿਤ ਇਕ ਵੀ ਨਹੀਂ ਹੈ। ਇਹੀ ਕਾਰਨ ਹੈ ਕਿ ਦਲਿਤ ਸਮਾਜ ਦੀਆਂ ਦੁਸ਼ਵਾਰੀਆਂ ਵਿਚ ਆਏ ਦਿਨ ਵਾਧਾ ਹੁੰਦਾ ਜਾ ਰਿਹਾ ਹੈ ਪਰ ਉਹਨਾਂ ਦੀ ਚੀਕ-ਪੁਕਾਰ ਤੇ ਫਰਿਆਦ ਸੁਣਨ/ਕਰਨ ਵਾਲਾ ਕੋਈ ਸਾਧਨ ਨਹੀਂ।

ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਮੀਡੀਆ ਦੀ ਮਹੱਤਤਾ ਸਮਝਦੇ ਸਨ। ਉਹਨਾਂ ਨੇ ਦਲਿਤ ਸਮਾਜ ਲਈ ਆਪਣਾ ਮੀਡੀਆ ਪੈਦਾ ਕਰਨ ਦੀ ਸਪਿਰਿਟ ਭਰਨ ਦੇ ਇਰਾਦੇ ਨਾਲ 1920 ਵਿਚ 'ਮੂਕ ਨਾਇਕ' ਅਖ਼ਬਾਰ ਸ਼ੁਰੂ ਕੀਤਾ ਸੀ, ਜਿਸਦਾ ਅਰਥ ਹੈ ਗੂੰਗਿਆਂ ਦਾ ਨਾਇਕ- ਗੂੰਗਿਆਂ ਦਾ ਰਹਿਬਰ। ਉਹਨਾਂ ਨੇ ਦੱਸਿਆ ਕਿ ਦਲਿਤ ਸਮਾਜ ਸੱਚੀਮੁੱਚੀ ਗੂੰਗਾ ਹੈ। ਫਿਰ 1927 ਵਿਚ 'ਬਹਿਸ਼ਕ੍ਰਿਤ ਭਾਰਤ' ਜਾਰੀ ਕਰਕੇ ਦੁਨੀਆ ਨੂੰ ਇਹ ਦੱਸਣ ਦੀ ਕੋਸ਼ਿਸ਼ ਕੀਤੀ ਕਿ ਭਾਰਤ ਅਛੂਤ ਹੈ ਕਿਉਂਕਿ ਇਸਦੇ ਸਮਾਜ ਦੇ ਵੱਡੇ ਹਿੱਸੇ ਨੂੰ ਅਛੂਤ ਮੰਨਿਆ ਜਾਂਦਾ ਹੈ। ਫਿਰ 1927 ਵਿਚ ਹੀ 'ਪ੍ਰਬੁੱਧ ਭਾਰਤ' ਸ਼ੁਰੂ ਕਰਕੇ ਇਹ ਸੁਨੇਹਾ ਦਿੱਤਾ ਕਿ ਭਾਰਤ ਬੁੱਧੀਮਾਨ ਬੁੱਧ ਦਾ ਭਾਰਤ ਬਣੇਗਾ। 1930 ਵਿਚ 'ਜਨਤਾ' ਅਖ਼ਬਾਰ ਕੱਢ ਕੇ ਦੱਸਿਆ ਕਿ ਭਾਰਤ ਦੀ ਜਨਤਾ ਕੀ ਤੇ ਕਿਹੋ ਜਿਹੀ ਹੈ ਅਤੇ ਕਿਹੋ ਜਿਹੀ ਹੋਣੀ ਚਾਹੀਦੀ ਹੈ। ਇੰਝ ਕਰਕੇ ਗੂੰਗੇ, ਅਛੂਤ ਭਾਰਤ ਤੋਂ ਬੋਧੀ ਭਾਰਤ ਤੱਕ ਦਾ ਅਤੇ ਫਿਰ ਇਕ ਸਮਾਨਤਾ, ਸੁਤੰਤਰਤਾ ਅਤੇ ਭਾਈਚਾਰੇ ਵਾਲੀ ਜਨਤਾ ਵਿਚ ਤਬਦੀਲ ਹੋਣ ਤੱਕ ਦਾ ਸਫਰ ਬਾਬਾ ਸਾਹਿਬ ਨੇ ਆਪਣੇ ਸੀਮਤ ਮੀਡੀਏ ਰਾਹੀਂ ਬਖ਼ੂਬੀ ਪੇਸ਼ ਕੀਤਾ।

ਬਾਬਾ ਸਾਹਿਬ ਤੋਂ ਬਾਅਦ ਦਲਿਤਾਂ ਵਿਚ ਜਾਗਰਿਤੀ ਦਾ ਅਹਿਸਾਸ ਭਰਨ ਵਾਲੇ ਇਨਕਲਾਬੀ ਮਹਾਂਪੁਰਖ ਕਾਂਸ਼ੀ ਰਾਮ ਜੀ ਨੇ ਮੀਡੀਏ ਦੀ ਮਹੱਤਤਾ ਨੂੰ ਖ਼ੂਬ ਪਛਾਣਿਆ। ਉਹਨਾਂ ਦਾ ਮੰਨਣਾ ਸੀ ਕਿ ਜਦੋਂ ਦਲਿਤਾਂ ਨੂੰ ਰਾਜ ਕਰਨ ਦਾ ਅਵਸਰ ਪ੍ਰਾਪਤ ਹੋਇਆ ਤਾਂ ਉਸ ਵੇਲੇ ਤੱਕ ਜੇ ਉਸ ਕੋਲ ਘੱਟੋ ਘੱਟ 50 ਰੋਜ਼ਾਨਾ ਅਖ਼ਬਾਰਾਂ, ਰਸਾਲਿਆਂ ਅਤੇ ਟੀ.ਵੀ. ਚੈਨਲਾਂ ਦਾ ਕਾਫਲਾ ਨਾ ਹੋਇਆ ਤਾਂ ਉਹ ਮਿਹਨਤ ਨਾਲ ਪ੍ਰਾਪਤ ਕੀਤੇ ਉਸ ਰਾਜ ਨੂੰ ਸੰਭਾਲਣ ਯੋਗ ਨਹੀਂ ਹੋ ਸਕਣਗੇ। ਦਲਿਤ ਸਮਾਜ ਨੂੰ ਮੀਡੀਏ ਦੀ ਮਹੱਤਤਾ ਸਮਝਾਉਣ ਲਈ ਉਹਨਾਂ ਨੇ ਆਪ ਵੀ ਵੱਖ-ਵੱਖ ਭਾਸ਼ਾਵਾਂ ਵਿਚ ਕਈ ਹਫਤਾਵਾਰੀ, ਮਾਸਿਕ ਅਤੇ ਰੋਜ਼ਾਨਾ ਅਖ਼ਬਾਰਾਂ ਦਾ ਸਿਲਸਿਲਾ ਸ਼ੁਰੂ ਕੀਤਾ ਸੀ ਜਿਸ ਸਦਕਾ ਉਹ ਆਪਣੀ ਇਨਕਲਾਬੀ ਲਹਿਰ ਨੂੰ ਇਕ ਅੰਜਾਮ ਤੱਕ ਲਿਜਾ ਸਕੇ ਸਨ। ਉਹਨਾਂ ਨੇ ਨਵੀਂ ਦਿੱਲੀ ਵਿਚ ਇਕ ਸੰਪੂਰਨ 'ਮੀਡੀਆ ਹਾਊਸ' ਵੀ ਉਸਾਰਿਆ ਸੀ ਜੋ ਸ਼ੁਰੂ ਹੋਣ ਤੋਂ ਪਹਿਲਾਂ ਹੀ ਵਿਰੋਧੀਆਂ ਦੀਆਂ ਚਾਲਾਂ ਕਾਰਨ ਉਹਨਾਂ ਦੀ ਭੇਂਟ ਚੜ੍ਹ ਗਿਆ। ਕਾਂਸ਼ੀ ਰਾਮ ਜੀ ਤੋਂ ਬਾਅਦ ਇਸ ਪਾਸੇ ਕੋਈ ਖਾਸ ਧਿਆਨ ਨਾ ਦਿੱਤਾ ਗਿਆ, ਜਿਸ ਕਰਕੇ ਕੋਈ ਤਾਕਤਵਰ ਮੀਡੀਆ ਹੋਂਦ ਵਿਚ ਨਹੀਂ ਆ ਸਕਿਆ।

ਕਾਂਸ਼ੀ ਰਾਮ ਜੀ ਵੇਲੇ ਦਿੱਲੀ ਤੋਂ ਛਪਦਾ ਅੰਗਰੇਜ਼ੀ ਦਾ 'ਔਪਰੈਸਡ ਇੰਡੀਅਨ' ਮਾਸਿਕ ਰਸਾਲਾ ਬੜੀ ਉੱਚ ਪੱਧਰ ਦਾ ਰਸਾਲਾ ਰਿਹਾ ਹੈ। ਇਸ ਤੋਂ ਇਲਾਵਾ 'ਬਹੁਜਨ ਸੰਗਠਨ' ਸਪਤਾਹਿਕ ਪੇਪਰ ਦਿੱਲੀ ਤੋਂ ਬੜੇ ਉੱਚ ਪਾਏ ਦਾ ਛਪਦਾ ਰਿਹਾ। ਇਸੇ ਤਰ੍ਹਾਂ ਮਰਾਠੀ ਵਿਚ 'ਬਹੁਜਨ ਨਾਇਕ' ਸਪਤਾਹਿਕ ਅਤੇ 'ਸ਼ਰਮਿਕ ਸਾਹਿਤ' ਮਾਸਿਕ ਪੱਤਰ ਛਪਦੇ ਰਹੇ। ਗੁਜਰਾਤੀ ਵਿਚ 'ਬਹੁਜਨ ਏਕਤਾ' ਬੜੌਦਾ ਤੋਂ ਛਪਦਾ ਰਿਹਾ। ਅੰਗਰੇਜ਼ੀ ਵਿਚ 'ਬਹੁਜਨ ਟਾਈਮਜ਼' ਦਿੱਲੀ ਤੋਂ ਸ਼ੁਰੂ ਹੋਇਆ ਸੀ ਜੋ ਬਹੁਤਾ ਚਿਰ ਨਾ ਚੱਲ ਸਕਿਆ।

ਪੰਜਾਬੀ ਵਿਚ ਵੀ 9 ਨਵੰਬਰ 1980 ਨੂੰ ਸਪਤਾਹਿਕ 'ਬਹੁਜਨ ਸੰਦੇਸ਼' ਸ਼ੁਰੂ ਹੋਇਆ ਸੀ। ਇਸਦੇ ਨਾਲ ਹੀ 'ਸ਼ੋਸ਼ਿਤ ਸਾਹਿਤ' ਮਾਸਿਕ ਰਸਾਲਾ ਸ਼ੁਰੂ ਹੋਇਆ। 'ਬਹੁਜਨ ਸੰਦੇਸ਼' ਬੜੀ ਸਫਲਤਾ ਨਾਲ ਚਲਦਾ ਰਿਹਾ। ਉਸ ਵੇਲੇ ਦੇ ਸਾਧਨਾਂ ਨਾਲ ਇਹ ਆਪਣੀ ਮੰਗ ਅਨੁਸਾਰ ਵਧਦੀ ਗਿਣਤੀ ਵਿਚ ਨਾ ਛਪ ਸਕਿਆ। ਮੰਗ ਵਧੇਰੇ ਸੀ ਪਰ ਚੰਡੀਗੜ੍ਹ ਵਿਚੋਂ ਇਹ ਛਪਦਾ ਸੀ, ਉਥੇ ਲੋੜੀਂਦੀ ਪ੍ਰੈਸ ਉਪਲਬਧ ਨਹੀਂ ਸੀ। ਲੋਕਾਂ ਵਿਚ ਇਸ ਪੇਪਰ ਨੇ ਇਕ ਵੱਖਰਾ ਹੀ ਜੋਸ਼ ਤੇ ਵਿਸ਼ਵਾਸ ਪੈਦਾ ਕੀਤਾ ਸੀ। ਬੜੀ ਬੇਸਬਰੀ ਨਾਲ ਲੋਕੀ ਇਸਦਾ ਇੰਤਜ਼ਾਰ ਕਰਦੇ ਸਨ ਤੇ ਇਸਨੇ ਬੜੇ ਨਵੇਂ ਲੇਖਕ ਵੀ ਪੈਦਾ ਕੀਤੇ ਸਨ। ਮੈਨੂੰ 'ਬਹੁਜਨ ਸੰਦੇਸ਼' ਨਾਲ ਜੁੜਨ ਦਾ ਅਖੀਰ ਤੱਕ ਮੌਕਾ ਮਿਲਿਆ। ਪੇਪਰ ਦੀ ਐਡੀਟਿੰਗ ਦਾ ਕੰਮ ਮੇਰੇ ਜ਼ਿੰਮੇ ਸੀ ਤੇ ਜਦੋਂ ਛਪ ਜਾਂਦਾ ਸੀ ਤਾਂ ਇਸਦੀ ਫੋਲਡਿੰਗ, ਐਡਰਸ, ਟਿਕਟਾਂ ਆਦਿ ਦੇ ਕੰਮ ਲਈ ਇਕ ਗਰੁੱਪ ਕੰਮ ਕਰਦਾ ਸੀ। ਅੱਜ ਦੇ ਜਾਣੇ-ਪਛਾਣੇ ਤੇ ਸਥਾਪਤ ਲੇਖਕ ਪ੍ਰੋ. ਗੁਰਨਾਮ ਸਿੰਘ ਮੁਕਤਸਰ, ਡਾ. ਗੁਰਮੀਤ ਕੱਲਰਮਾਜਰੀ, ਐਡਵੋਕੇਟ ਐਸ. ਐਲ. ਵਿਰਦੀ, ਦਰਸ਼ਨ ਸਿੰਘ ਬਾਜਵਾ ਆਦਿ ਆਪਣੇ ਮੁਢਲੇ ਸਮਿਆਂ ਵਿਚ 'ਬਹੁਜਨ ਸੰਦੇਸ਼' ਵਿਚ ਛਪਦੇ ਰਹੇ ਹਨ। ਪ੍ਰੋ. ਗੁਰਨਾਮ ਸਿੰਘ ਦੀ ਵੱਡ ਆਕਾਰੀ ਪੁਸਤਕ 'ਭਾਰਤੀ ਲੋਕ ਨੀਚ ਕਿਵੇਂ ਬਣੇ' ਇਸੇ ਪੇਪਰ ਤੋਂ ਛਪਣੀ ਸ਼ੁਰੂ ਹੋਈ ਸੀ, ਜੋ ਮੁੱਢ ਵਿਚ ਪੰਜਾਹ ਕੁ ਸਫ਼ਿਆਂ ਦੀ ਸੀ।

ਬਹੁਜਨ ਸਮਾਜ ਪਾਰਟੀ ਬਣਾਉਣ ਉਪਰੰਤ ਕਾਂਸ਼ੀ ਰਾਮ ਜੀ ਦੀਆਂ ਗਤੀਵਿਧੀਆਂ ਵੀ ਜਦੋਂ ਬਹੁਤਾ ਕਰਕੇ ਸਿਆਸੀ ਹੋ ਗਈਆਂ ਸਨ ਤਾਂ ਮਨੂੰਵਾਦੀ ਮੀਡੀਆ ਬਸਪਾ ਨੂੰ ਫੇਲ੍ਹ ਕਰਨ 'ਤੇ ਪੂਰੀ ਤਰ੍ਹਾਂ ਤੁਲ ਗਿਆ। ਤਰ੍ਹਾਂ-ਤਰ੍ਹਾਂ ਦੀਆਂ ਆਧਾਰ ਰਹਿਤ ਅਫ਼ਵਾਹਾਂ ਨਿੱਤ ਫੈਲਾਈਆਂ ਜਾਂਦੀਆਂ ਸਨ ਤਾਂ ਜੋ ਬਹੁਜਨ ਸਮਾਜ ਵਿਚ ਭੰਬਲਭੂਸਾ ਬਣਿਆ ਰਹੇ। ਬਸਪਾ ਦੀ ਪ੍ਰਗਤੀ ਅਤੇ ਸਮਾਜਿਕ ਸੇਧ ਲਈ ਕਾਂਸ਼ੀ ਰਾਮ ਜੀ ਨੇ ਇਕ ਸਪਤਾਹਿਕ 'ਬਹੁਜਨ ਸਮਾਜ ਬੁਲਿਟਨ' 17 ਨਵੰਬਰ 1996 ਨੂੰ ਸ਼ੁਰੂ ਕੀਤਾ। ਇਸਦੇ ਸੰਪਾਦਕ ਭਾਵੇਂ ਕਾਂਸ਼ੀ ਰਾਮ ਜੀ ਹੀ ਸਨ ਪਰ ਪੂਰੀ ਦੇਖ-ਰੇਖ ਰੈਜੀਡੈਂਟ ਐਡੀਟਰ ਸ੍ਰੀ ਸੀ. ਐਲ. ਚੁੰਬਰ ਕਰਦੇ ਸਨ। ਇਹ ਪੇਪਰ 20 ਹਜ਼ਾਰ ਕਾਪੀਆਂ ਤੋਂ ਸ਼ੁਰੂ ਹੋਇਆ ਸੀ ਤੇ ਜਲਦੀ ਹੀ ਹਰਮਨ ਪਿਆਰਾ ਹੋ ਗਿਆ ਤੇ ਗਿਣਤੀ 25 ਹਜ਼ਾਰ ਤੱਕ ਪੁੱਜ ਗਈ। ਇਹ ਟੀਚਾ ਮਿੱਥਿਆ ਗਿਆ ਸੀ ਕਿ ਹਰ ਪਿੰਡ ਅਤੇ ਕਲੋਨੀ ਵਿਚ ਇਸਦੀ ਇਕ ਕਾਪੀ ਮੁਫ਼ਤ ਦਿੱਤੀ ਜਾਵੇਗੀ।

ਦਲਿਤ ਸਮਾਜ ਨੂੰ ਇਕ ਮਜ਼ਬੂਤ ਮੀਡੀਏ ਦੀ ਸਖ਼ਤ ਲੋੜ ਹੈ। ਜਿੰਨੀ ਜਲਦੀ ਇਹ ਆਪਣੀ ਆਵਾਜ਼, ਆਪਣਾ ਬੁਲਾਰਾ ਪੈਦਾ ਕਰ ਲਵੇਗਾ, ਉਨੀ ਜਲਦੀ ਹੀ ਇਹ ਆਪਣੀਆਂ ਬੇਅੰਤ ਦੁਸ਼ਵਾਰੀਆਂ ਦਾ ਅੰਤ ਕਰਨ ਦੇ ਰਾਹ ਪੈ ਜਾਵੇਗਾ। ਤਾਕਤਵਰ ਮੀਡੀਏ ਦੀ ਹੋਂਦ ਨਾਲ ਹੀ ਇਸਦੇ ਪੈਰ ਮਜ਼ਬੂਤ ਹੋਣਗੇ ਅਤੇ ਆਪਣੀ ਮੰਜ਼ਿਲ ਦੇ ਰਾਹ 'ਤੇ ਮੁਸ਼ਤੈਦੀ ਨਾਲ ਤੁਰ ਸਕਣਗੇ।






ਸਾਹਿਬ ਸ੍ਰੀ ਕਾਂਸ਼ੀ ਰਾਮ ਜੀ 'ਬਹੁਜਨ ਸੰਦੇਸ਼' ਦਾ ਉਦਘਾਟਨ ਕਰਨ ਉਪਰੰਤ ਸ. ਫਤਿਹਜੰਗ ਸਿੰਘ ਜੀ ਦੀ ਧਰਮ ਪਤਨੀ ਸ੍ਰੀਮਤੀ ਤਰਲੋਚਨ ਕੌਰ ਨੂੰ 'ਬਹੁਜਨ ਸੰਦੇਸ਼' ਦੀ ਕਾਪੀ ਭੇਂਟ ਕਰਦੇ ਹੋਏ।









# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਨਾਮਦੇਵ ਦਾ ਪ੍ਰਕਾਸ਼ ਪੁਰਬ ਮਨਾਇਆ






**ਯੂਬਾ ਸਿਟੀ-** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸੰਤ ਸ਼੍ਰੋਮਣੀ ਸਤਿਗੁਰੂ ਨਾਮਦੇਵ ਜੀ ਮਹਾਰਾਜ ਦਾ ਪ੍ਰਕਾਸ਼ ਪੁਰਬ ਧੰਨ ਧੰਨ ਸਤਿਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੀ ਛਤਰ ਛਾਇਆ ਹੇਠ 30 ਨਵੰਬਰ, 1 ਅਤੇ 2 ਦਸੰਬਰ ਨੂੰ ਮਨਾਇਆ ਗਿਆ, ਜਿਸ ਵਿਚ 30 ਨਵੰਬਰ ਦਿਨ ਸ਼ੁੱਕਰਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ, ਜਿਹਨਾਂ ਦੇ ਭੋਗ 2 ਦਸੰਬਰ ਦਿਨ ਐਤਵਾਰ ਨੂੰ ਪਾਏ ਗਏ। ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਭਾਈ ਪ੍ਰਿਤਪਾਲ ਸਿੰਘ ਜੀ ਦੇ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਬੀਬੀ ਲੋਚਨਾ ਰਾਏ, ਭਾਈ ਹੀਰਾ ਸਿੰਘ ਜੀ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਇਲਾਵਾ ਭਾਈ ਕ੍ਰਿਸ਼ਨ ਸਿੰਘ ਜੀ ਨੇ ਸਤਿਗੁਰੂ ਨਾਮਦੇਵ ਜੀ ਮਹਾਰਾਜ ਦੇ ਜੀਵਨ ਤੇ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਗੁਰੂ ਕੇ ਲੰਗਰ ਤਿੰਨੇ ਦਿਨ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਦਸੰਬਰ ਮਹੀਨੇ ਦੇ ਪ੍ਰੋਗਰਾਮ

ਪ੍ਰਕਾਸ਼ ਉਤਸਵ ਸਤਿਗੁਰੂ ਨਾਨਕ ਦੇਵ ਜੀ ਮਹਾਰਾਜ

ਮਿਤੀ 7, 8,9 ਦਸੰਬਰ ਦਿਨ ਸ਼ੁੱਕਰਵਾਰ, ਸਨਿਚਰਵਾਰ, ਐਤਵਾਰ

**7 ਦਸੰਬਰ ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ**

**9 ਦਸੰਬਰ ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ।**

ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ, ਕਥਾਵਾਚਕ ਹਰਿਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ ਜੀ।

16 ਦਸੰਬਰ 2018 ਦਿਨ ਐਤਵਾਰ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਸ੍ਰੀ ਮਥਰਾ ਦਾਸ ਜੀ ਪਰਿਵਾਰ ਵੱਲੋਂ ਕੀਤੀ ਜਾਵੇਗੀ।

16 ਦਸੰਬਰ 2018 ਦਿਨ ਐਤਵਾਰ ਦੇ ਸਵੇਰੇ ਦੇ ਦੀਵਾਨਾਂ ਵਿਚ ਸੰਗਰਾਂਦ ਵੀ ਮਨਾਈ ਜਾਵੇਗੀ।

ਸਿੰਘ ਸਾਹਿਬ ਬਾਬਾ ਜੀਵਨ ਸਿੰਘ ਜੀ, ਬਾਬਾ ਸੰਗਤ ਸਿੰਘ ਜੀ, ਬੀਬੀ ਦਰਸ਼ਨ ਕੌਰ ਜੀ, ਸ੍ਰੀ ਚਮਕੌਰ ਸਾਹਿਬ ਦੇ ਸ਼ਹੀਦਾਂ ਦੀ ਯਾਦ ਵਿਚ ਸ਼ਹੀਦੀ ਜੋੜ ਮੇਲਾ ਮਿਤੀ 21, 22, 23 ਦਸੰਬਰ ਦਿਨ ਸ਼ੁੱਕਰਵਾਰ, ਸ਼ਨਿਚਰਵਾਰ, ਐਤਵਾਰ ਨੂੰ।

**21 ਦਸੰਬਰ ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ**

**23 ਦਸੰਬਰ ਦਿਨ ਐਤਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਜੀ।**

ਭੋਗ ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਰਾਗੀ, ਢਾਡੀ ਹਰਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ।

**ਇਹਨਾਂ ਸਮਾਗਮਾਂ ਵਿਚ ਜੇ ਕਿਸੇ ਵੀ ਗੁਰਮੁਖ ਪਰਿਵਾਰ ਨੇ ਕੋਈ ਵੀ ਸੇਵਾ ਲੈਣੀ ਹੋਵੇ, ਉਹ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰ ਸਕਦੇ ਹਨ ਜੀ।**

ਸ੍ਰੀ ਦਲਵਿੰਦਰ ਰੱਲ੍ਹ (ਪ੍ਰਧਾਨ ਗੁਰੂ ਘਰ) 530-933-3938, ਸ੍ਰੀ ਸ਼ਿੰਗਾਰਾ ਸਿੰਘ ਰੱਲ੍ਹ (ਜਨਰਲ ਸੈਕਟਰੀ) 530-713-1823

ਸ੍ਰੀ ਰਾਮ ਸੇਵਕ ਭਾਟੀਆ (ਹੈਡ ਕੈਸ਼ੀਅਰ) 530-701-4370, ਸ੍ਰੀ ਸੁਸ਼ੀਲ ਕੁਮਾਰ 530-415-6743, ਸ੍ਰੀ ਵਿਜੈ ਕੁਮਾਰ 530-300-6208

**SHRI GURU RAVIDASS TEMPLE 1480 HAYNE AVENUE, YUBA CITY, CA 95993**




"I feel that the constitution is workable, it is flexible and it is strong enough to hold the country together both in peacetime and in wartime. Indeed, if I may say so, if things go wrong under the new Constitution, the reason will not be that we had a bad Constitution. What we will have to say is that Man was vile." -Babasaheb Dr. B.R. Ambedkar

Jai Bhim



We pay our glowing tribute to Bharat Rattan Babasaheb Dr. Bhimrao Ramji Ambedkar on his 62nd Prinirvan Divas

**Hans Raj Kajla**

# Maharani Jindan Play In Pittsburg

**Pitsburg (DDB)-** Maharani Jind Kaur, popularly known as Maharani Jindan, was born in Gujranwala (now in Pakistan) in 1817. She was the wife of Maharaja Ranjit Singh (the first Maharaja of the Sikh Empire) and the mother of the last Maharaja, Duleep Singh. She was very beautiful, energetic, strong, and confident queen with an iron will.

Duleep Singh came to power in September 1843 at the age of 5 and Jind Kaur became Regent on her son's behalf. The British took her son, Maharaja Duleep Singh to England by force and they imprisoned Maharani Jindan. She was permitted to see her son after about thirteen years in 1961 in Calcutta. She was taken to England, where she died on 1 August 1863 at the age of 46.

We saw this great play "Maharani Jindan at California Theatre in Pittsburg on Saturday evening, December 1, 2018. This play dramatizes the legacy of Sikh Raj & its downfall. This is a story of a fight of women against British tyranny and treachery of some of the local powerful leaders who became disloyal after the death of her husband. Separation of Prince Duleep Singh and his mother, Maharani Jindan, made people very emotional. Performance by PUNJAB LOK RANG was outstanding. Lighting, sound system, direction and delivery of dialogues was just perfect.

Surinder Singh Dhanoa has written, directed and produced few other plays in the past. He writes plays about Punjabi culture, social topics and




history. His previous plays "Hukamo Di Haveli" and Umran Langhian Pabba Bhaar" were great plays filled with sentimental scenes.

This was the first historical play performed in the East Bay Area. We are looking forward to seeing their next play.

**Our gracious sponsors are:**
Rajpal Inc, Gursharnjeet Singh Cheema
Hillcrest Restaurant and Tap House, Jaswinder Mattu
Banga Constructions, Pittsburg - Hardial Banga
Chicago Pizza - Pittsburg - Sukhwinder Sing and Malkit Singh
Curry Bowl, Concord - Anoop Cheema
Dass Sweets, Antioch - Anil Kumar
Food Fair, Vacaville - Shashi Paul
K&B Auto Sales , Gilroy - Kashmiri Bhatia
Majestic Homes, Antioch - Ramesh Suman
Spice of India, Pittsburg -Pami and Pardeep
Discount Cigar & Cigarette , Vallejo - Faqira Mehmi
Mehran Restaurant, Pittsburg - Ron and Chris
Dilbag Singh, Pittsburg
Narinder Chahal, Tracy
Anil Kumar
Paramjit Singh Virk - Bay Point
Adesh Siddhu - Concord
Sri Guru Ravidass Temple, Pittsburg

Thanks to the team of Punjab Lok Rang, California Theatre Management and sponsors for making this event possible. Our special thanks to Anoop Singh Cheema, Sonu Rana and Surinder Singh Dhanoa for bringing this event to East Bay. We are also thankful to Wolfgang Crosky, Tim Manly, Janet Glover and Carolyn August for helping with the venue.

If you missed this play in Pittsburg, you must see "MAHARANI JINDAN" at another location.



MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434




















# Maharani Jindan Play In Pittsburg












### ਡਾਕਟਰ ਭੀਮ ਰਾਮ ਰਾਓ ਅੰਬੇਡਕਰ ਦੇ ਪ੍ਰੀਨਿਰਵਾਣ ਦਿਵਸ ਸਬੰਧੀ ਵਿਸ਼ੇਸ਼

# ਸਦੀਆਂ ਤੋਂ ਦੱਬੇ ਕੁਚਲੇ ਵਰਗਾਂ ਦਾ ਜੀਵਨ ਸੰਵਾਰਨ ਲਈ ਅਪਣਾ ਜੀਵਨ ਲਗਾ ਦਿਤਾ ਡਾਕਟਰ ਅੰਬੇਡਕਰ ਨੇ



ਕੁਲਦੀਪ ਚੰਦ
91-9417563054

ਅੱਜ ਅਸੀਂ ਭਾਰਤੀ ਸੰਵਿਧਾਨ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਡਕਰ ਦਾ ਪ੍ਰੀਨਿਰਵਾਣ ਦਿਵਸ ਮਨਾ ਰਹੇ ਹਾਂ। ਡਾਕਟਰ ਅੰਬੇਡਕਰ ਦਾ ਜਨਮ 14 ਅਪ੍ਰੈਲ 1891 ਨੂੰ ਬ੍ਰਿਟਿਸ਼ ਸਰਕਾਰ ਦੁਆਰਾ ਕੇਂਦਰੀ ਪ੍ਰਾਂਤ (ਹੁਣ ਮੱਧ ਪ੍ਰਦੇਸ਼ ਵਿੱਚ) ਵਿੱਚ ਸਥਾਪਿਤ ਨਗਰ ਅਤੇ ਸੈਨਿਕ ਛਾਉਣੀ ਮਊ ਵਿੱਚ ਹੋਇਆ ਸੀ। ਉਹਨਾਂ ਦੇ ਪਿਤਾ ਦਾ ਨਾਮ ਰਾਮਜੀ ਮਾਲੋਜੀ ਸਕਪਾਲ ਅਤੇ ਮਾਤਾ ਦਾ ਨਾਮ ਭੀਮਾਬਾਈ ਮੁਰਬਾਦਕਰ ਸੀ। ਡਾਕਟਰ ਅੰਬੇਡਕਰ ਮਹਾਰ ਜਾਤਿ ਨਾਲ ਸਬੰਧ ਰੱਖਦੇ ਸੀ ਜੋ ਕਿ ਭਾਰਤ ਵਿੱਚ ਅਛੂਤ ਕਹੀ ਜਾਂਦੀ ਸੀ ਅਤੇ ਉਹਨਾਂ ਨਾਲ ਸਮਾਜਿਕ, ਧਾਰਮਿਕ ਅਤੇ ਆਰਥਿਕ ਰੂਪ ਨਾਲ ਭੇਦਭਾਵ ਕੀਤਾ ਜਾਂਦਾ ਸੀ। ਡਾਕਟਰ ਅੰਬੇਡਕਰ ਦੇ ਬਜ਼ੁਰਗ ਲੰਬੇ ਸਮੇਂ ਤੋਂ ਬ੍ਰਿਟਿਸ਼ ਈਸਟ ਇੰਡੀਆਂ ਕੰਪਨੀ ਦੀ ਫੌਜ ਵਿੱਚ ਕੰਮ ਕਰਦੇ ਆ ਰਹੇ ਸਨ ਅਤੇ ਉਨ੍ਹਾਂ ਦੇ ਪਿਤਾ ਵੀ ਮਊ ਛਾਉਣੀ ਵਿੱਚ ਕੰਮ ਕਰਦੇ ਸਨ। ਸਕੂਲੀ ਪੜ੍ਹਾਈ ਵਿੱਚ ਨਿਪੁੰਨ ਹੋਣ ਦੇ ਬਾਵਜੂਦ ਡਾਕਟਰ ਅੰਬੇਡਕਰ ਨੂੰ ਸਕੂਲ ਵਿੱਚ ਅਲੱਗ ਬਿਠਾਇਆ ਜਾਂਦਾ ਸੀ। ਕੁਝ ਸਮੇਂ ਬਾਅਦ ਡਾਕਟਰ ਅੰਬੇਡਕਰ ਦੇ ਪਿਤਾ ਪਰਿਵਾਰ ਸਮੇਤ ਮੁੰਬਈ ਆ ਗਏ ਜਿੱਥੇ ਕਿ ਅੰਬੇਡਕਰ ਐਲਫਿੰਸਟੋਲ ਰੋਡ ਸਥਿਤ ਸਰਕਾਰੀ ਹਾਈ ਸਕੂਲ ਦੇ ਪਹਿਲੇ ਅਛੂਤ ਵਿਦਿਆਰਥੀ ਬਣੇ। ਇੱਥੇ ਵੀ ਉਨ੍ਹਾਂ ਨਾਲ ਜਾਤਿ ਅਧਾਰਿਤ ਭੇਦਭਾਵ ਹੁੰਦਾ ਰਿਹਾ। ਉਨ੍ਹਾਂ ਨੇ ਅਪਣੇ ਇੱਕ ਬ੍ਰਾਹਮਣ ਦੋਸਤ ਅਧਿਆਪਕ ਮਹਾਂਦੇਵ ਅੰਬੇਡਕਰ ਦੇ ਕਹਿਣ ਤੇ ਅਪਣੇ ਨਾਮ ਨਾਲ ਅੰਬੇਡਕਰ ਸ਼ਬਦ ਜੋੜਿਆ। ਮੈਟ੍ਰਿਕ ਪਾਸ ਕਰਨ ਤੋਂ ਬਾਅਦ ਉਨ੍ਹਾਂ ਨੇ ਐਲਫਿਨਸਟਨ ਕਾਲਜ਼ ਬੰਬਈ ਵਿੱਚ ਦਾਖਲਾ ਲਿਆ। ਮਹਾਰਾਜਾ ਬੜੋਦਾ ਦੇ ਗਾਇਕਵਾੜ ਸ਼ਾਸ਼ਕ ਨੇ ਉਹਨਾਂ ਨੂੰ ਉਚੱ ਵਿਦਿਆ ਪ੍ਰਾਪਤ ਕਰਨ ਲਈ ਸਰਕਾਰੀ ਖਰਚੇ ਤੇ ਅਮਰੀਕਾ ਭੇਜ ਦਿੱਤਾ। ਡਾਕਟਰ ਅੰਬੇਡਕਰ ਨੇ ਪੰਜ ਵਿਸ਼ਿਆਂ ਵਿੱਚ ਐਮ. ਏ., ਪੀ. ਐਚ. ਡੀ., ਡੀ. ਐਸ. ਸੀ. ਐਲ. ਐਲ. ਡੀ., ਡੀ. ਲਿੱਟ, ਬਾਰ. ਐਟ ਲਾਅ ਦੀਆਂ ਡਿਗਰੀਆਂ ਪ੍ਰਾਪਤ ਕੀਤੀਆਂ। ਮਹਾਰਾਜਾ ਬੜੌਦਾ ਨੇ ਡਾਕਟਰ ਅੰਬੇਡਕਰ ਨੂੰ ਫੌਜੀ ਸਕੱਤਰ ਨਿਯੁਕਤ ਕਰ ਲਿਆ ਪਰ ਇੱਥੇ ਵੀ ਉਨ੍ਹਾਂ ਨੂੰ ਅਛੂਤ ਹੋਣ ਕਾਰਨ ਉਚੱ ਜਾਤਿ ਦੇ ਕਰਮਚਾਰੀ ਨਫਰਤ ਨਾਲ ਹੀ ਦੇਖਦੇ ਰਹੇ। ਜਦੋਂ ਉਹ ਬੰਬਈ ਦੇ ਕਾਲਜ਼ ਵਿੱਚ ਅਰਥ ਸ਼ਾਸ਼ਤਰ ਦੇ ਪ੍ਰੋਫੈਸਰ ਨਿਯੁਕਤ ਹੋਏ ਤਾਂ ਉਥੇ ਵੀ ਅਛੂਤ ਹੋਣ ਕਾਰਨ ਉਨ੍ਹਾਂ ਨਾਲ ਭੇਦਭਾਵ ਹੁੰਦਾ ਰਿਹਾ। ਬ੍ਰਿਟਿਸ਼ ਸਰਕਾਰ ਵਿੱਚ ਉੱਚੇ ਅਹੁਦੇ ਪਹਿਲਾਂ ਸਿਰਫ ਅੰਗਰੇਜਾ ਲਈ ਹੀ ਰਾਖਵੇਂ ਸਨ ਅਤੇ ਬ੍ਰਿਟਿਸ਼ ਸਰਕਾਰ ਇਸਦਾ ਕਾਰਨ ਇਹ ਮੰਨਦੀ ਸੀ ਕਿ ਭਾਰਤੀਆਂ ਦੀ ਵਿਦਿਅਕ ਪੱਖੋਂ ਮੈਰਿਟ ਅੰਗਰੇਜਾਂ ਨਾਲੋਂ ਹੇਠਾਂ ਹੈ। ਭਾਰਤੀ ਲੋਕਾਂ ਵਲੋਂ ਕਿਤੇ ਅੰਦੋਲਨ ਬਾਦ ਸਾਊਥਬੋਰੋਹ ਸਮਿਤੀ ਦੀ ਸਿਫਾਰਿਸ਼ ਤੇ ਅੰਗਰੇਜ਼ ਸਰਕਾਰ ਨੇ ਆਈ ਸੀ ਐਸ ਦੀਆਂ 11 ਪੋਸਟਾਂ ਭਾਰਤੀਆਂ ਲਈ ਰੱਖੀਆਂ ਜਿਨ੍ਹਾਂ ਵਿਚੋਂ 4 ਹਿੰਦੂਆਂ ਲਈ, 4 ਮੁਸਲਮਾਨਾਂ ਲਈ, 2 ਸਿੱਖਾਂ ਲਈ ਅਤੇ ਇੱਕ ਐਂਗਲੋ ਇੰਡੀਅਨ ਲਈ ਰੱਖੀ ਗਈ। ਡਾਕਟਰ ਅੰਬੇਡਕਰ ਨੇ ਇਸ ਸਮਿਤੀ ਨੂੰ ਮੰਗ ਪੱਤਰ ਦੇਕੇ ਮੰਗ ਕੀਤੀ ਕਿ ਸ਼ੂਦਰਾਂ ਲਈ ਵੀ ਅਲੱਗ ਅਧਿਕਾਰ ਰੱਖੇ ਜਾਣ ਪਰੰਤੂ ਹਿੰਦੂਆਂ ਨੇ ਡਾਕਟਰ ਅੰਬੇਡਕਰ ਦੀ ਇਸ ਮੰਗ ਦਾ ਸੱਖਤੀ ਨਾਲ ਵਿਰੋਧ ਕੀਤਾ। ਡਾਕਟਰ ਅੰਬੇਡਕਰ ਅਤੇ ਹੋਰ ਆਗੂਆ ਨੇ ਇਸ ਵਿਰੋਧ ਪ੍ਰਤੀ ਰੋਸ ਦਾ ਪ੍ਰਗਟਾਵਾ ਕੀਤਾ ਜਿਸਤੋਂ ਬਾਦ ਅੰਗਰੇਜ ਸਰਕਾਰ ਨੇ ਸ਼ੂਦਰਾਂ ਦੀ ਹਾਲਤ ਜਾਨਣ ਲਈ ਸਾਇਮਨ ਕਮਿਸ਼ਨ ਭਾਰਤ ਭੇਜਿਆ। ਇਸ ਸਾਇਮਨ ਕਮਿਸ਼ਨ ਦਾ ਡਾਕਟਰ ਅੰਬੇਡਕਰ ਅਤੇ ਹੋਰ ਆਗੂਆਂ ਜਿਨ੍ਹਾਂ ਵਿੱਚ ਪੰਜਾਬ ਤੋਂ ਆਦਿ ਧਰਮ ਮੁਹਿੰਮ ਦੇ ਆਗੂ ਬਾਬੂ ਮੰਗੂ ਰਾਮ ਮੂਗੋਵਾਲੀਆ ਸ਼ਾਮਿਲ ਸਨ ਨੇ ਗਰਮਜੋਸ਼ੀ ਨਾਲ ਸਵਾਗਤ ਕੀਤਾ




ਅਤੇ ਅਪਣੀਆਂ ਮੰਗਾਂ ਇਸ ਕਮਿਸ਼ਨ ਅੱਗੇ ਰੱਖੀਆਂ। ਕਈ ਹਿੰਦੂ ਆਗੂਆਂ ਨੇ ਇਸ ਕਮਿਸ਼ਨ ਦਾ ਵਿਰੋਧ ਕੀਤਾ। ਇਸਤੋਂ ਬਾਦ ਕਮਿਸ਼ਨ ਦੀਆਂ ਤਿੰਨ ਮੀਟਿੰਗਾਂ ਲੰਡਨ ਵਿੱਚ ਹੋਈਆਂ ਜਿਸ ਵਿੱਚ ਉਨ੍ਹਾਂ ਨੇ ਦਲਿਤਾਂ ਦੀ ਪ੍ਰਤੀਨਿਧਤਾ ਕਰਦਿਆਂ ਅਛੂਤਾਂ ਦੀ ਅਸਲੀ ਸਥਿਤੀ ਤੋਂ ਬ੍ਰਿਟਿਸ਼ ਸਰਕਾਰ ਨੂੰ ਜਾਣੂ ਕਰਵਾਇਆ। 17 ਅਗੱਸਤ 1932 ਨੂੰ ਬ੍ਰਿਟਿਸ਼ ਸਰਕਾਰ ਨੇ ਕਮਿਊਨਲ ਐਵਾਰਡ ਦਾ ਫੈਸਲਾ ਸੁਣਾ ਦਿਤਾ ਜਿਸ ਅਨੁਸਾਰ ਮੁਸਲਮਾਨਾਂ, ਇਸਾਈਆਂ ਅਤੇ ਸਿੱਖਾਂ ਵਾਂਗ ਦਲਿਤਾਂ ਨੂੰ ਵੀ ਘੱਟ ਗਿਣਤੀ ਦੇ ਮੰਨਦੇ ਹੋਏ ਵੱਖਰੇ ਪ੍ਰਤੀਨਿਧੀ ਚੁਣਨ ਦਾ ਅਧਿਕਾਰ ਦੇ ਦਿਤਾ ਜਿਸਦਾ ਕੱਟੜ ਹਿੰਦੂ ਨੇਤਾਵਾਂ ਨੇ ਵਿਰੋਧ ਕੀਤਾ। ਕਾਂਗਰਸੀ ਆਗੂ ਮੋਹਨ ਦਾਸ ਕਰਮ ਚੰਦ ਗਾਂਧੀ ਨੇ ਹਿੰਦੂਆਂ ਦੀ ਪ੍ਰਤੀਨਿਧਤਾ ਕਰਦੇ ਹੋਏ ਇਸ ਫੈਸਲੇ ਖਿਲਾਫ ਮਰਨ ਵਰਤ ਸ਼ੁਰੂ ਕਰ ਦਿਤਾ। ਗਾਂਧੀ ਦੇ ਇਸ ਮਰਨ ਵਰਤ ਕਾਰਨ ਦੇਸ਼ ਵਿੱਚ ਖਲਬਲੀ ਮਚ ਗਈ ਅਤੇ ਉਨ੍ਹਾਂ ਤੇ ਦਬਾਓ ਵੱਧ ਗਿਆ। ਅੰਤ 24 ਸਤੰਬਰ 1932 ਨੂੰ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਗਾਂਧੀ ਵਿਚਕਾਰ ਇੱਕ ਸਮਝੋਤਾ ਹੋਇਆ ਜਿਸ ਵਿੱਚ ਅਛੂਤਾਂ ਨੂੰ ਮਿਲਿਆ ਵੱਖਰੀ ਪ੍ਰਤੀਨਿਧਤਾ ਦਾ ਅਧਿਕਾਰ ਖਤਮ ਕੀਤਾ ਗਿਆ। ਉਨ੍ਹਾਂ ਨੇ 1936 ਵਿੱਚ ਅਜ਼ਾਦ ਲੇਬਰ ਪਾਰਟੀ ਭਾਰਤ ਦੀ ਸਥਾਪਨਾ ਕੀਤੀ ਅਤੇ 1937 ਵਿੱਚ ਹੋਈਆਂ ਕੇਂਦਰੀ ਵਿਧਾਨ ਸਭਾ ਦੀਆਂ ਚੋਣਾਂ ਵਿੱਚ 15 ਸੀਟਾਂ ਤੇ ਜਿੱਤ ਹਾਸਲ ਕੀਤੀ। ਉਨ੍ਹਾਂ ਨੇ ਹਿੰਦੂ ਧਰਮ ਅਤੇ ਮੁਸਲਿਮ ਧਰਮ ਵਿੱਚ ਹੋ ਰਹੇ ਅਛੂਤਾਂ ਨਾਲ ਵਿਤਕਰੇ ਬਾਰੇ ਖੁੱਲਕੇ ਲਿਖਿਆ। ਉਨ੍ਹਾਂ ਨੇ ਮੂਕ ਨਾਇਕ-ਗੂੰਗਿਆਂ ਦਾ ਆਗੂ ਹਫਤਾਵਾਰੀ ਅਖਬਾਰ ਸ਼ੁਰੂ ਕੀਤਾ। ਉਨ੍ਹਾਂ ਨੇ ਬਹਿਸ਼ਕ੍ਰਿਤ ਹਿਤਕਾਰਨੀ ਸਭਾ ਦਾ ਗਠਨ ਕੀਤਾ ਅਤੇ ਦਲਿਤਾਂ ਦੇ ਵਿਦਿਅਕ, ਸਮਾਜਿਕ ਅਤੇ ਆਰਥਿਕ ਵਿਕਾਸ ਲਈ ਕੰਮ ਕੀਤਾ। ਉਨ੍ਹਾਂ ਨੇ ਰੱਖਿਆ ਸਲਾਹਕਾਰ ਸਮਿਤੀ ਅਤੇ ਵਾਇਸਰਾਇ ਦੀ ਕਾਰਜਕਾਰੀ ਪ੍ਰੀਸ਼ਦ ਲਈ ਲੇਬਰ ਮੰਤਰੀ ਦੇ ਤੋਰ ਤੇ ਕੰਮ ਕੀਤਾ। ਉਨ੍ਹਾਂ ਨੇ ਹਿੰਦੂ ਧਰਮ ਵਿੱਚ ਫੈਲੇ ਗੱਲਤ ਰੀਤੀ ਰਿਵਾਜਾਂ ਖਿਲਾਫ ਜੋਰਦਾਰ ਅਵਾਜ਼ ਚੁੱਕੀ, ਉਨ੍ਹਾਂ ਨੇ ਮਨੂੰ ਸਮ੍ਰਤਿ ਨੂੰ 25 ਦਸੰਬਰ, 1927 ਨੂੰ ਜਲਾਇਆ। 13 ਅਕਤੂਬਰ, 1935 ਨੂੰ ਐਲਾਨ ਕੀਤਾ ਕਿ ਉਹ ਹਿੰਦੂ ਧਰਮ ਵਿੱਚ ਪੈਦਾ ਹੋਏ ਹਨ ਪਰ ਹਿੰਦੂ ਧਰਮ ਵਿੱਚ ਮਰਨਗੇ ਨਹੀਂ।

ਉਨ੍ਹਾਂ ਨੇ ਲੱਖਾਂ ਅਛੂਤਾਂ ਨੂੰ ਹਿੰਦੂ ਧਰਮ ਦਾ ਤਿਆਗ ਕਰਨ ਲਈ ਤਿਆਰ ਕਰ ਲਿਆ। ਉਹ ਸਿੱਖ ਧਰਮ ਜਿਸ ਵਿੱਚ ਦਲਿਤਾਂ ਦੇ ਰਹਿਵਰ ਗੁਰੂਆਂ ਨੂੰ ਵਿਸ਼ੇਸ਼ ਸਥਾਨ ਦਿਤਾ ਗਿਆ ਹੈ ਅਤੇ ਜੋਕਿ ਸਭਨੂੰ ਬਰਾਬਰਤਾ ਦਾ ਸੁਨੇਹਾ ਦਿੰਦਾ ਹੈ ਨੂੰ ਅਪਣਾਉਣ ਲਈ ਤਿਆਰ ਹੋ ਗਏ। 1936 ਵਿੱਚ ਉਨ੍ਹਾਂ ਨੇ ਅਪਣੇ ਪੁੱਤਰ ਜਸ਼ਵੰਤ ਰਾਓ ਅਤੇ ਭਤੀਜੇ ਨੂੰ ਦਰਬਾਰ ਸਾਹਿਬ ਭੇਜਿਆ ਜਿੱਥੇ ਉਹ ਲੱਗਭੱਗ ਡੇਢ ਮਹੀਨਾ ਰਹੇ। ਕੁੱਝ ਉੱਚ ਜਾਤੀ ਦੇ ਲੀਡਰਾਂ ਨੇ ਉਨ੍ਹਾਂ ਨੂੰ ਸਿੱਖ ਧਰਮ ਅਪਣਾਉਣ ਤੋਂ ਰੋਕਣ ਲਈ ਚਾਲ ਚੱਲੀ ਅਤੇ ਅੰਤ ਇਹ ਚਾਲ ਕਾਮਯਾਬ ਹੋ ਗਈ ਅਤੇ ਦੇਸ਼ ਦੇ 6 ਕਰੋੜ ਅਛੂਤ ਸਿੱਖ ਧਰਮ ਨਾਂ ਅਪਣਾ ਸਕੇ। ਸੱਚੀ ਸਾਖੀ ਕਿਤਾਬ ਦੇ ਲੇਖਕ ਅਤੇ ਸਾਬਕਾ ਆਈ ਸੀ ਐਸ ਅਫਸਰ ਅਤੇ ਸਾਬਕਾ ਵਿਧਾਇਕ ਅਤੇ ਲੋਕ ਸਭਾ ਮੈਂਬਰ ਸਰਦਾਰ ਕਪੂਰ ਸਿੰਘ ਅਨੁਸਾਰ ਸਿੱਖ ਧਰਮ ਅਤੇ ਅਕਾਲੀ ਦੱਲ ਵਿੱਚ ਬੈਠੇ ਕੁੱਝ ਉਚੱ ਜਾਤਿ ਦੇ ਆਗੂਆਂ ਨੇ ਅਪਣੀ ਕੁਰਸੀ ਕਾਇਮ ਰੱਖਣ ਲਈ ਗੁੱਝੀਆਂ ਚਾਲਾਂ ਚੱਲਕੇ ਡਾਕਟਰ ਅੰਬੇਡਕਰ ਅਤੇ ਕਰੋੜਾਂ ਅਛੂਤਾਂ ਨੂੰ ਸਿੱਖ ਧਰਮ ਵਿੱਚ ਆਣ ਤੋਂ ਰੋਕਿਆ। 15 ਅਗਸਤ 1947 ਨੂੰ ਭਾਰਤ ਅਜ਼ਾਦ ਹੋ ਗਿਆ ਅਤੇ ਡਾਕਟਰ ਅੰਬੇਡਕਰ ਦੇਸ਼ ਦੇ ਪਹਿਲੇ ਕਨੂੰਨ ਮੰਤਰੀ ਬਣੇ। ਅਜ਼ਾਦ ਭਾਰਤ ਦਾ ਅਪਣਾ ਸੰਵਿਧਾਨ ਲਿਖਣ ਲਈ 29 ਅਗਸਤ, 1947 ਨੂੰ ਬਣਾਈ ਗਈ ਕਮੇਟੀ ਵਿੱਚ ਉਹ ਕਮੇਟੀ ਦੇ ਚੇਅਰਮੈਨ ਬਣਾਏ ਗਏ ਅਤੇ ਉਨ੍ਹਾਂ ਨੇ ਸੰਵਿਧਾਨ ਤਿਆਰ ਕੀਤਾ ਜਿਸ ਵਿੱਚ ਦੇਸ ਦੇ ਸਮੂਹ ਵਰਗਾਂ ਵਿਸ਼ੇਸ਼ ਤੋਰ ਤੇ ਸਦੀਆਂ ਤੋਂ ਲਿਤਾੜੇ ਗਏ ਵਰਗਾਂ ਦੇ ਹਿੱਤਾਂ ਦੀ ਰਾਖੀ ਅਤੇ ਵਿਕਾਸ ਲਈ ਲਿਖਿਆ ਗਿਆ। 1951 ਵਿੱਚ ਸੰਸਦ ਵਿੱਚ ਹਿੰਦੂ ਕੋਡ ਬਿੱਲ ਜੋਕਿ ਕਰੋੜ੍ਹਾਂ ਅਛੂਤਾਂ ਵਾਂਗ ਸਦੀਆਂ ਤੋਂ ਵਿਤਕਰੇ ਦਾ ਸ਼ਿਕਾਰ ਭਾਰਤੀ ਮਹਿਲਾਵਾਂ ਨੂੰ ਬਰਾਬਰਤਾ ਦਾ ਅਧਿਕਾਰ ਦੇਣ ਲਈ ਸੀ ਦੇ ਵਿਰੋਧ ਵਿੱਚ ਸੰਸਦ ਦੇ ਬਹੁਤੇ ਮੈਂਬਰਾਂ ਵਲੋਂ ਵੋਟ ਪਾਏ ਜਾਣ ਕਾਰਨ ਉਨ੍ਹਾਂ ਨੇ ਲੋਕ ਸਭਾ ਤੋਂ ਅਸਤੀਫਾ ਦੇ ਦਿਤਾ। 1952 ਵਿੱਚ ਉਨ੍ਹਾਂ ਨੇ ਅਜਾਦ ਉਮੀਦਵਾਰ ਵਜੋਂ ਚੋਣ ਲੜੀ ਪਰ ਇਹ ਚੋਣ ਹਾਰ ਗਏ। ਮਾਰਚ 1952 ਵਿੱਚ ਉਹ ਰਾਜ ਸਭਾ ਦੇ ਮੈਂਬਰ ਚੁਣੇ ਗਏ ਅਤੇ ਜਿੰਦਗੀ ਦੇ ਅੰਤਿਮ ਸਮੇਂ ਤੱਕ ਉਹ ਰਾਜ ਸਭਾ ਮੈਂਬਰ ਬਣੇ ਰਹੇ। 1955 ਵਿੱਚ ਉਨ੍ਹਾਂ ਨੇ ਬੋਧ ਸੋਸਾਇਟੀ ਆਫ ਇੰਡੀਆ ਦੀ ਸਥਾਪਨਾ ਕੀਤੀ। 14 ਅਕਤੂਬਰ, 1956 ਨੂੰ ਡਾਕਟਰ ਅੰਬੇਡਕਰ ਨੇ ਲੱਖਾਂ ਸਾਥੀਆ ਸਮੇਤ ਬੁੱਧ ਧਰਮ ਅਪਣਾਇਆ। ਅੰਤ ਦਿੱਲੀ ਵਿੱਚ ਅੱਜ ਦੇ ਦਿਨ 6 ਦਸੰਬਰ 1956 ਨੂੰ ਡਾਕਟਰ ਅੰਬੇਡਕਰ ਸਾਨੂੰ ਸਦੀਵੀ ਵਿਛੋੜਾ ਦੇ ਗਏ। ਬਾਬਾ ਸਾਹਿਬ ਨੂੰ 1990 ਵਿੱਚ ਭਾਰਤ ਰਤਨ ਨਾਲ ਸਨਮਾਨਿਤ ਕੀਤਾ ਗਿਆ ਜੋ ਕਿ ਭਾਰਤ ਦਾ ਸਰਵਉੱਚ ਨਾਗਰਿਕ ਪੁਰਸਕਾਰ ਹੈ। ਭਾਰਤ ਸਰਕਾਰ ਨੇ 1991 ਦਾ ਸਾਲ ਅੰਬੇਡਕਰ ਸ਼ਤਾਬਦੀ ਵਜੋਂ ਐਲਾਨਿਆ ਸੀ। ਅੱਜ ਸਿਰਫ ਭਾਰਤ ਹੀ ਨਹੀਂ ਸਗੋਂ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿੱਚ ਬਾਬਾ ਸਾਹਿਬ ਦੇ ਪ੍ਰੀਨਿਰਵਾਣ ਦਿਵਸ ਸਬੰਧੀ ਸਰਕਾਰੀ ਅਤੇ ਗੈਰ ਸਰਕਾਰੀ ਪੱਧਰ ਤੇ ਸਮਾਗਮ ਕਰਵਾਏ ਜਾ ਰਹੇ ਹਨ ਅਤੇ ਬਾਬਾ ਸਾਹਿਬ ਨੂੰ ਸ਼ਰਧਾਂਜ਼ਲੀ ਦਿਤੀ ਜਾ ਰਹੀ ਹੈ।

# ਕੀ ਡਾ. ਅੰਬੇਡਕਰ ਸਿਰਫ਼ ਦਲਿਤਾਂ ਦੇ ਮਸੀਹਾਂ ਸੀ?

ਇੰਦਰਜੀਤ ਸਿੰਘ ਕਠਾਰ
91-97793-24972

ਸਮੁੱਚੇ ਵਿਸ਼ਵ ਦੇ ਇਤਿਹਾਸ ਦੇ ਸੁਨਹਿਰੀ ਪੰਨੇ ਇਸ ਗੱਲ ਦੇ ਗਵਾਹ ਹਨ ਕਿ ਸਮੇਂ-ਸਮੇਂ ਸਿਰ ਦੁਖੀਆਂ, ਮਜਲੂਮਾਂ, ਗਰੀਬਾਂ, ਗੁਲਾਮਾਂ ਦੇ ਕਲਿਆਣ ਲਈ ਮਸੀਹੇ ਪੈਦਾ ਹੋਏ ਹਨ। ਉਹਨਾਂ ਮਹਾਂ-ਮਾਨਵਾ ਵਿੱਚ ਡਾਕਟਰ ਭੀਮ ਰਾਓ ਅੰਬੇਡਕਰ ਦਾ ਨਾਂ ਵੀ ਸ਼ਾਮਿਲ ਹੈ। ਜਿਸਨੂੰ ਅੱਜ ਪੂਰੇ ਵਿਸ਼ਵ ਵਿੱਚ "ਸਿੰਬਲ ਔਫ ਨੱਲਜ" ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਹ ਗੱਲ ਸੱਚ ਹੈ ਕਿ ਡਾ. ਅੰਬੇਡਕਰ ਨੇ ਆਪਣਾ ਸਾਰਾ ਜੀਵਨ ਅਛੂਤਾਂ, ਦਲਿਤਾਂ ਦੀ ਗੁਲਾਮੀ ਦੀਆ ਜੰਜੀਰਾ ਕੱਟਣ ਲਈ ਲੱਗਾ ਦਿੱਤਾ ਸੀ। ਪਰ ਇਹ ਕਹਿਣਾ ਵੀ ਗਲਤ ਹੋਵੇਗਾ ਕਿ ਉਹ ਸਿਰਫ਼ ਤੇ ਸਿਰਫ਼ ਦਲਿਤਾਂ ਦਾ ਮਸੀਹਾਂ ਸੀ। ਉਸ ਮਹਾਨ ਸ਼ਖਸ਼ੀਅਤ ਨੇ ਆਪਣਾ ਸਾਰਾ ਜੀਵਨ ਇਨਸਾਨਿਅਤ ਨੂੰ ਮੁੱਖ ਰੱਖਦਿਆ, ਲੋਕਾਂ ਦੇ ਕਲਿਆਣ ਨੂੰ ਸਮਰਪਿਤ ਕੀਤਾ ਸੀ। ਡਾ. ਅੰਬੇਡਕਰ ਦੇ ਜੀਵਨ ਦੀ ਕਹਾਣੀ ਇੱਕ ਸੰਘਰਸ਼ ਦੀ ਕਹਾਣੀ ਹੈ। ਜਿਸ ਸਮੇਂ ਡਾ. ਅੰਬੇਡਕਰ ਦਾ ਜਨਮ ਹੋਇਆ, ਉਸ ਸਮੇਂ ਛੂਆ-ਛਾਤ, ਜਾਤ-ਪਾਤ, ਊਚ-ਨੀਚ, ਅੰਧ-ਵਿਸ਼ਵਾਸ ਆਦਿ ਬਿਮਾਰੀਆਂ ਨਾਲ ਪੂਰਾ ਵਾਤਾਵਰਨ ਦੂਸ਼ਿਤ ਹੋ ਚੁੱਕਾ ਸੀ। ਹੇਠਲੇ ਵਰਗ (ਅਛੂਤ) ਵਿੱਚ ਜਨਮੇ ਅੰਬੇਡਕਰ ਦਾ ਛੂਆ-ਛਾਤ, ਜਾਤ-ਪਾਤ ਦਾ ਸਾਹਮਣਾ ਕਰਨਾ ਵੀ ਸੰਭਾਵਿਕ ਸੀ। ਜਿਵੇਂ ਰੂਸ ਵਿੱਚ ਗੁਲਾਮ, ਅਮਰੀਕਾ ਵਿੱਚ ਹਬਸ਼ੀ, ਬਰਤਾਨੀਆ ਵਿੱਚ ਗੁਲਾਮ ਅਤੇ ਜਰਮਨ ਵਿੱਚ ਯਹੂਦੀ ਸਨ ਉਸੇ ਤਰ੍ਹਾਂ ਭਾਰਤ ਵਿੱਚ ਅਛੂਤ (ਸ਼ੂਦਰ) ਵਰਗ ਸੀ। ਜੋ ਇੱਕ ਤਰ੍ਹਾਂ ਦਾ ਗਲਾਮ ਵਰਗ ਸੀ। ਇਸ ਵਰਗ ਦੇ ਦੁੱਖ ਨੂੰ ਜਗਤ ਪ੍ਰਸਿੱਧ ਦਾਰਸ਼ਨਿਕ ਸ਼ਾਇਰ ਡਾ. ਇਕਬਾਲ ਜਿਸਨੇ, "ਸਾਰਾ ਜਹਾਂ ਸੇ ਅੱਛਾ ਹਿੰਦੁਸਤਾ ਹਮਾਰਾ" ਲਿਖਿਆ ਸੀ, ਇਉਂ ਬਿਆਨ ਕਰਦੇ ਹਨ,

"ਆਹ! ਸ਼ੂਦਰ ਕੇ ਲੀਏ ਹਿੰਦੋਸਤਾਨ ਗ਼ਮਖਾਨਾ ਹੈ,
ਦਰਦੇ ਇਨਸਾਨੀ ਸੇ ਇਸ ਬਸਤੀ ਕਾ ਦਿਲ ਬੇਗਾਨਾ ਹੈ।"

ਇੱਕ ਮਹਾਨ ਵਿਆਕਤੀ ਦਾ ਇੱਕ ਕਥਨ ਹੈ "ਕੇਵਲ ਸਮਾਨ ਲੋਕਾਂ ਵਿੱਚ ਹੀ ਸ਼ਾਂਤੀ ਬਣੀ ਰਹਿ ਸਕਦੀ ਹੈ।" ਪਰ ਉਸ ਸਮੇਂ ਸਮਾਜ ਵਿੱਚ ਸਮਾਨਤਾ ਨਹੀਂ ਸੀ। ਛੂਆ-ਛਾਤ, ਜਾਤ-ਪਾਤ, ਊਚ-ਨੀਚ ਨੂੰ ਆਪਣੇ ਪਿੰਡੇ ਤੇ ਹੰਡਾਉਣ ਵਾਲੇ ਡਾ. ਅੰਬੇਡਕਰ ਨੇ ਇਸ ਨੂੰ ਖਤਮ ਕਰਨ ਦਾ ਪ੍ਰਣ ਲਿਆ। ਉਹ ਮਹਾਨ ਹਸਤੀ ਸਭ ਨੂੰ ਬਰਾਬਰ ਨਿਗ੍ਹਾ ਨਾਲ ਤੱਕਦੀ ਸੀ। ਸਮਾਜ ਵਿੱਚ ਬਰਾਬਰਤਾ ਲਿਆਉਣਾ ਉਸਦਾ ਪਹਿਲਾ ਸੁਪਨਾ ਸੀ। ਇਸ ਲਈ ਡਾ. ਅੰਬੇਡਕਰ ਨੇ ਆਪਣਾ ਸਾਰਾ ਜੀਵਨ ਸਮਾਜ ਵਿੱਚ ਬਰਾਬਰਤਾ ਲਿਆਉਣ ਵਿੱਚ ਲਗਾ ਦਿੱਤਾ। ਸਦੀਆ ਤੋਂ ਲਿਤਾੜੇ ਜਾਂਦੇ, ਗੁਲਾਮ, ਅਛੂਤ,ਦਲਿਤ, ਮੂਕ ਵਰਗ ਦੀ ਅਵਾਜ ਬਣ ਉਹ ਉਹਨਾਂ ਦੇ ਨਾਇਕ ਬਣ ਗਏ।

ਜੇਕਰ ਅਤੀਤ ਦੀ ਬੁੱਕਲ ਵਿੱਚ ਝਾਤ ਮਾਰੀਏ ਤਾਂ ਪਹਿਲਾਂ ਔਰਤ (ਚਾਹੇ ਉਹ ਕਿਸੇ ਵੀ ਜਾਤ\ਵਰਗ ਦੀ ਹੋਵੇ) ਦੀ ਹਾਲਤ ਬਹੁਤ ਤਰਸਯੋਗ ਸੀ। ਉਹ ਵੀ ਹੇਠਲੇ ਵਰਣ ਵਾਂਗ ਗੁਲਾਮ ਹੀ ਸੀ। ਉਸਨੂੰ ਪੜਨ ਦਾ ਕੋਈ ਅਧਿਕਾਰ ਨਹੀਂ ਸੀ। ਕੁੜੀ ਦਾ ਜਨਮ ਹੀ ਅਸ਼ੁੱਭ ਮੰਨਿਆ ਜਾਂਦਾ ਸੀ। ਉਹ ਸਮਾਜ ਤੇ ਸਿਰਫ ਇੱਕ ਭਾਰ ਦੇ ਬਰਾਬਰ ਸੀ। ਉਸਨੂੰ ਇੱਕ ਪਸ਼ੂ ਦੇ ਸਮਾਨ ਮੰਨਿਆ ਜਾਂਦਾ ਸੀ। ਉਸਨੂੰ ਘਰੋ ਬਾਹਰ ਨਿਕਲਣ ਦਾ ਅਧਿਕਾਰ ਨਹੀਂ ਸੀ। ਉਸਦੇ ਮੰਦਿਰ ਵਿੱਚ ਪ੍ਰਵੇਸ਼ ਕਰਨ ਉੱਤੇ ਵੀ ਪਾਬੰਦੀ ਸੀ। ਔਰਤ ਦੀ ਅਜਿਹੀ ਹਾਲਤ ਤੋਂ ਪ੍ਰਭਾਵਿਤ ਹੋ ਕੇ ਸਾਹਿਰ ਲੁਧਿਆਣਵੀ ਨੇ ਲਿਖਿਆ ਸੀ,

"ਮਦਦ ਚਾਹਤੀ ਹੈ, ਹਵਾ ਕੀ ਬੇਟੀ,
ਯਸ਼ੋਧਾ ਕੀ ਹਮਜਿਨਸ, ਰਾਧਾ ਕੀ ਬੇਟੀ,
ਪਯੰਬਰ ਕੀ ਉਮੱਤ, ਜੁਲੇਖਾ ਕੀ ਬੇਟੀ,
ਸਨਾਖਾਨੇ ਤਕਦੀਸੇ ਮਸ਼ਰਕ ਕਹਾਂ ਹੈ?"

ਔਰਤ ਰੋਂਦੀ ਰਹੀ, ਕਰਲਾਉਂਦੀ ਰਹੀ, ਉਸਦੀ ਕਿਸੇ ਨੇ ਨਾ ਸੁਣੀ। ਉਸਦੀ ਆਵਾਜ ਪੱਥਰਾਂ, ਚਟਾਨਾ ਨਾਲ ਟਕਰਾਉਂਦੀ ਰਹੀ। ਉਸਦੀ ਇੱਜਤ ਦੀਆ ਧੱਜੀਆਂ ਉਡਦੀਆਂ ਰਹੀਆਂ। ਕਿਸੇ ਨੇ ਉਸਦੀ ਬਾਂਹ ਨਾ ਫੜੀ। ਫਿਰ ਸਮੇਂ ਨੇ ਕਰਵਟ ਲਈ ਤੇ ਡਾ. ਅੰਬੇਡਕਰ ਨੇ ਔਰਤ ਦੀ ਗੁਲਾਮੀ ਦੀਆਂ ਜੰਜੀਰਾਂ ਕੱਟਣ ਲਈ 20-20 ਘੰਟੇ ਜਾਗ ਕੇ, ਆਪਣੀ ਸਿਹਤ




ਗੁਆ ਕੇ, 5 ਫਰਵਰੀ 1957 ਨੂੰ ਕੇਂਦਰੀ ਵਿਧਾਨ ਮੰਡਲ ਵਿੱਚ ਹਿੰਦੂ ਕੋਡ ਬਿਲ ਪੇਸ਼ ਕੀਤਾ ਤੇ ਘੋਰ ਵਿਰੋਧਤਾ ਦੇ ਬਾਵਜੂਦ ਉਸਨੂੰ ਪਾਸ ਕਰਵਾਇਆ। ਜਿਸ ਉਪਰੰਤ ਔਰਤ ਅੱਜ ਬਰਾਬਰ ਦਾ ਦਰਜਾ ਰੱਖਣ ਲੱਗ ਪਈ ਹੈ। ਸ਼੍ਰੀਮਤੀ ਇੰਦਰਾ ਗਾਂਧੀ, ਜੋ ਭਾਰਤ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਬਣੀ, ਸ਼੍ਰੀਮਤੀ ਪ੍ਰਤਿਭਾ ਪਾਟਿਲ ਜੋ ਭਾਰਤ ਦੀ ਪਹਿਲੀ ਮਹਿਲਾ ਰਾਸ਼ਟਰਪਤੀ ਬਣੀ ਤੇ ਹੋਰ ਮਹਿਲਾਵਾਂ ਜੋ ਅੱਜ ਦੇਸ਼ ਦੇ ਸਨਮਾਨ ਜਨਕ ਅਹੁਦੇ ਤੇ ਬਿਰਾਜਮਾਨ ਹਨ ਉਹ ਕੇਵਲ ਡਾ. ਅੰਬੇਡਕਰ ਦੀ ਬਦੋਲਤ ਹੀ ਹਨ। ਜਿਸਨੇ ਸਤੀ-ਪ੍ਰਥਾ, ਬਾਲ ਵਿਆਹ ਆਦਿ ਜਿਹੀਆ ਕੁਰੀਤੀਆਂ ਨੂੰ ਖਤਮ ਕਰ ਪੈਰਾਂ ਵਿੱਚ ਰੁਲਦੀ ਔਰਤ ਨੂੰ ਸਿਰ ਦਾ ਤਾਜ ਬਣਾ ਦਿੱਤਾ।

ਜੇਕਰ ਮਜਦੂਰ ਵਰਗ ਦੀ ਗੱਲ ਕਰੀਏ ਤਾਂ ਉਸ ਸਮੇਂ ਮਜਦੂਰਾਂ ਦੀ ਹਾਲਤ ਵੀ ਬਹੁਤ ਤਰਸਯੋਗ ਸੀ। ਉਹਨਾਂ ਨੂੰ ਸ਼ਰੇਆਮ ਖ੍ਰੀਦਿਆ ਤੇ ਵੇਚਿਆ ਜਾਂਦਾ ਸੀ ਤੇ ਕੀਮਤ ਵੀ ਕੋਈ ਬਹੁਤੀ ਨਹੀਂ ਸੀ ਹੁੰਦੀ। ਮਜਦੂਰ (ਕਾਮਿਆ) ਦੇ ਜੀਵਨ ਨੂੰ ਡਾ. ਅੰਬੇਡਕਰ ਨੇ ਬਹੁਤ ਨੇੜਿਆ ਤੱਕਿਆ। ਉਹਨਾਂ ਰੋਟੀ ਵਾਲੇ ਡੱਬੇ ਢੋਏ, ਰੇਲਵੇ ਸਟੇਸ਼ਨ ਤੇ ਕੁਲੀ-ਮਜਦੂਰ ਦਾ ਕੰਮ ਕੀਤਾ, ਉਹ ਬੇਗਾਰ ਕਰਦੇ ਮਜਦੂਰ ਮਰਦ-ਔਰਤ, ਨੋਜਵਾਨ ਲੜਕੇ-ਲੜਕੀਆਂ ਨੂੰ ਦੇਖ ਬਹੁਤ ਦੁਖੀ ਹੋਏ। ਤੇ ਉਹਨਾਂ ਦੀਆਂ ਗਲਾਮੀ ਦੀਆਂ ਜੰਜੀਰਾਂ ਕੱਟਣ ਦੀ ਕਸਮ ਖਾਧੀ ਤੇ ਉਹਨਾ ਨੂੰ ਬਣਦਾ ਸਨਮਾਨ ਦਵਾਇਆ। ਉਹ ਮਹਾਨ ਸ਼ਖਸ਼ੀਅਤ ਇਨਸਾਨਿਅਤ ਦੀ ਪੁਜਾਰੀ ਸੀ ਤੇ ਲੋਕਾਂ ਦੇ ਹੱਕਾ ਨੂੰ ਤਰਜੀਹ ਦਿੰਦੀ ਸੀ। ਉਸਨੇ 22-22 ਘੰਟੇ ਜਾਗ ਕੇ ਭਾਰਤੀ ਸਵਿਧਾਨ ਦਾ ਮਸੋਦਾ ਤਿਆਰ ਕੀਤਾ। ਉਸਨੇ ਭਾਰਤੀ ਸਵਿਧਾਨ ਦੀ ਸ਼ੁਰੂਆਤ "ਅਸੀਂ ਭਾਰਤ ਦੇ ਲੋਕ" ਤੋਂ ਕਰਕੇ ਇਹ ਸਬੂਤ ਦੇ ਦਿੱਤਾ ਕਿ ਉਸ ਦੀਆ ਨਜਰਾਂ ਵਿੱਚ ਲੋਕਾਂ ਤੋਂ ਵੱਧ ਹੋਰ ਕੋਈ ਨਹੀਂ। ਉਸਦੇ "ਅਸੀਂ ਪਹਿਲਾਂ ਵੀ ਭਾਰਤੀ ਤੇ ਅੰਤ ਵਿੱਚ ਵੀ ਭਾਰਤੀ" ਸ਼ਬਦ ਵੀ ਉਸਦੀ ਦੇਸ਼ ਭਗਤੀ ਤੇ ਇਨਸਾਨਿਅਤ ਦਾ ਸਬੂਤ ਦਿੰਦੇ ਹਨ। ਭਾਰਤੀ ਸਵਿਧਾਨ ਦੀ ਪ੍ਰਸਤਾਵਨਾ, ਜੋ ਸਮੁੱਚੇ ਭਾਰਤ ਵਿੱਚ ਵੱਸਦੇ (ਚਾਹੇ ਉਹ ਕਿਸੇ ਵੀ ਜਾਤ ,ਧਰਮ ਆਦਿ ਦੇ ਹੋਣ) ਲੋਕਾਂ ਦੀ ਸਮਾਜਿਕ, ਧਾਰਮਿਕ, ਆਰਥਿਕ ਤੇ ਰਾਜਨੀਤਿਕ ਆਜਾਦੀ ਨੂੰ ਦਰਸਾਉਂਦੀ ਹੈ। ਭਾਵ ਕਿ ਉਸ ਮਹਾਨ ਸ਼ਖਸ਼ੀਅਤ ਨੇ ਸਾਰੇ ਲੋਕਾਂ ਨੂੰ ਹਰ ਪੱਖ ਤੋਂ ਸਵਤੰਤਰਤਾ ਦਾ ਅਧਿਕਾਰ ਦਵਾਇਆ ਹੈ। ਅੱਜ ਕੋਈ ਵੀ ਜਦ ਚਾਹੇ ਪੂਰੀ ਆਜਾਦੀ ਨਾਲ ਆਪਣਾ ਧਰਮ ਬਦਲ ਸਕਦਾ ਹੈ। ਅੱਜ ਹਰ ਨਾਗਰਿਕ ਆਪਣੀ ਮਨਮਰਜੀ ਦੀ ਸਰਕਾਰ ਚੁਣ ਸਕਦਾ ਹੈ। ਅੱਜ ਕੋਈ ਵੀ ਕਿਸੇ ਉੱਤੇ ਜੁਲਮ ਜਾਂ ਉਸਦਾ ਸ਼ੋਸ਼ਣ ਨਹੀਂ ਕਰ ਸਕਦਾ। ਭਾਰਤ ਦੇ ਹਰ ਵਿਆਕਤੀ ਨੂੰ ਸਮਾਨਤਾ (ਬਰਾਬਰਤਾ) ਅਤੇ ਸਵਤੰਤਰਤਾ

(ਬਾਕੀ ਸਫਾ 22 'ਤੇ)

# ਕਰਤਾਰਪੁਰ ਨੂੰ ਅਮਰਬੇਲ ਤੋਂ ਬਚਾਉਣ ਦੀ ਸਖ਼ਤ ਲੋੜ



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

ਆਪਣੇ ਮੁਲਕ ਅਤੇ ਪਰਾਏ ਮੁਲਕਾਂ ਵਿਚ ਵੱਸਦੇ ਸਮੂਹ ਪੰਜਾਬੀਆਂ, ਖ਼ਾਸ ਕਰਕੇ ਸਿੱਖ ਸ਼ਰਧਾਲੂਆਂ ਦੇ ਮਨਾਂ ਵਿਚ ਭਾਰਤ ਅਤੇ ਪਾਕਿਸਤਾਨ ਦਰਮਿਆਨ ਡੇਰਾ ਬਾਬਾ ਨਾਨਕ ਤੋਂ ਕਰਤਾਰਪੁਰ ਸਾਹਿਬ (ਗੁਰਦੁਆਰਾ ਦਰਬਾਰ ਸਾਹਿਬ) ਤੱਕ ਲਾਂਘਾ ਉਸਾਰਨ ਬਾਰੇ ਹੋਈ ਸਹਿਮਤੀ ਅਤੇ ਦੋਹਾਂ ਮੁਲਕਾਂ ਦੀਆਂ ਸਰਕਾਰਾਂ ਵੱਲੋਂ ਇਸ ਦੀ ਰਸਮੀ ਸ਼ੁਰੂਆਤ ਨਾਲ ਖੁਸ਼ੀ ਦੀ ਆਮਦ ਹੋਈ ਹੈ। ਪਿਛਲੇ ਲੰਬੇ ਸਮੇਂ ਤੋਂ ਸਿੱਖ ਸ਼ਰਧਾਲੂ ਇਸ ਲਾਂਘੇ ਦੀ ਮੰਗ ਕਰ ਰਹੇ ਸਨ, ਪਰ ਦੋਵਾਂ ਮੁਲਕਾਂ ਦਰਮਿਆਨ ਸੁਖਾਵੇਂ ਰਿਸ਼ਤੇ ਨਾ ਹੋਣ ਕਾਰਨ ਅਜਿਹਾ ਨਹੀਂ ਹੋ ਸਕਿਆ ਸੀ।

ਸ੍ਰੀ ਗੁਰੂ ਨਾਨਕ ਦੇਵ ਨੇ 22 ਸਾਲਾਂ ਤੱਕ ਦੱਖਣੀ ਏਸ਼ੀਆ ਅਤੇ ਮੱਧ ਪੂਰਬ ਦੇ ਮੁਲਕਾਂ ਵਿਚ ਉਦਾਸੀਆਂ ਕਰਕੇ ਉੱਥੋਂ ਦੇ ਲੋਕਾਂ ਨੂੰ ਅਮਨ ਅਤੇ ਸਦਭਾਵਨਾ ਦਾ ਸੰਦੇਸ਼ ਦਿੱਤਾ। ਇਸ ਤੋਂ ਬਾਅਦ ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ ਆਖ਼ਰੀਲੇ 18 ਸਾਲ ਕਰਤਾਰਪੁਰ ਸਾਹਿਬ ਖੇਤੀ ਕੀਤੀ ਅਤੇ ਆਮ ਲੋਕਾਂ ਨੂੰ ਸੰਦੇਸ਼ ਦਿੱਤਾ ਕਿ ਖੇਤੀ ਸਾਰੇ ਕੰਮਾਂ ਵਿਚੋਂ ਉੱਤਮ ਹੈ। ਉਨ੍ਹਾਂ ਖੇਤੀ ਨੂੰ ਇਮਾਨਦਾਰੀ ਦੀ ਕਿਰਤ ਕਰਾਰ ਦਿੱਤਾ ਅਤੇ ਕਿਰਤੀ ਵਰਗ ਦੀ ਪਵਿੱਤਰਤਾ ਨੂੰ ਅੱਗੇ ਰੱਖਦੇ ਹੋਏ ਮਲਕ ਭਾਗੋ ਦੇ ਸ਼ਾਹੀ ਪਕਵਾਨਾਂ ਨੂੰ ਠੁਕਰਾਉਂਦੇ ਹੋਏ ਭਾਈ ਲਾਲੋ ਦੀ ਸੱਚੀ-ਸੁੱਚੀ ਕਿਰਤ ਵਾਲੀ ਰੋਟੀ ਖਾਧੀ।



ਧਾਰਮਿਕ ਸ਼ਰਧਾ ਦੇ ਪੱਖ ਤੋਂ ਕਰਤਾਰਪੁਰ ਸਾਹਿਬ ਦੇ ਲਾਂਘੇ ਬਾਰੇ ਦੋਵਾਂ ਮੁਲਕਾਂ ਦਰਮਿਆਨ ਸਹਿਮਤੀ ਅਤੇ ਸ਼ੁਰੂਆਤ ਬਾਰੇ ਤਾਂ ਕੋਈ ਕਿੰਤੂ-ਪ੍ਰੰਤੂ ਨਹੀਂ ਹੋ ਸਕਦਾ ਪਰ ਗੁਰੂ ਨਾਨਕ ਦੇਵ ਵੱਲੋਂ ਖੇਤੀ ਅਤੇ ਸੱਚੀ-ਸੁੱਚੀ ਕਿਰਤ ਨੂੰ ਦਿੱਤੀ ਮਹੱਤਤਾ ਨੂੰ ਨਾ ਕੋਈ ਵਾੜ ਜਾਂ ਸਰਹੱਦ ਹੈ ਅਤੇ ਇਸ ਕਰਕੇ ਨਾ ਹੀ ਕਿਸੇ ਲਾਂਘੇ ਦੀ ਲੋੜ ਹੈ। ਗੁਰੂ ਨਾਨਕ ਨੇ ਜਿਹੜੀ ਖੇਤੀ ਅਤੇ ਸੱਚੀ-ਸੁੱਚੀ ਕਿਰਤ ਨੂੰ ਸਭ ਤੋਂ ਉੱਤਮ ਮੰਨਿਆ ਸੀ, ਅੱਜਕੱਲ੍ਹ ਉਹ ਖੇਤੀ ਅਤੇ ਸੱਚੀ-ਸੁੱਚੀ ਕਿਰਤ ਨੂੰ ਮੁਲਕ ਦੇ ਹਾਕਮਾਂ ਅਤੇ ਸਰਮਾਏਦਾਰ ਜਗਤ ਵੱਲੋਂ ਦੁਰਕਾਰਿਆ ਅਤ ਲਤਾੜਿਆ ਜਾ ਰਿਹਾ ਹੈ।

ਜਦੋਂ 1960 ਵਿਆਂ ਦੌਰਾਨ ਮੁਲਕ ਭੁੱਖਮਰੀ ਦਾ ਸਾਹਮਣਾ ਕਰ ਰਿਹਾ ਸੀ ਤਾਂ ਕੇਂਦਰ ਸਰਕਾਰ ਨੂੰ ਮੁਲਕ ਨਿਵਾਸੀਆਂ ਨੂੰ ਰੋਟੀ ਦੇਣ ਲਈ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਦਾ ਸਾਹਮਣਾ ਕਰਨਾ ਪਿਆ। ਇਸ ਸਮੱਸਿਆ ਉੱਤੇ ਕਾਬੂ ਪਾਉਣ ਲਈ ਮੁਲਕ ਦੇ ਹੁਕਮਰਾਨਾਂ ਨੇ ਖੇਤੀਬਾੜੀ ਦੀ ਨਵੀਂ ਜੁਗਤ ਅਪਣਾਉਣ ਦਾ ਫੈਸਲਾ ਕੀਤਾ। ਇਹ ਜੁਗਤ ਵੱਧ ਝਾੜ ਦੇਣ ਵਾਲੇ ਬੀਜਾਂ, ਯਕੀਨੀ ਸਿੰਜਾਈ, ਰਸਾਇਣਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ, ਮਸ਼ੀਨਰੀ ਅਤੇ ਖੇਤੀਬਾੜੀ ਕਰਨ ਦੇ ਆਧੁਨਿਕ ਢੰਗਾਂ ਦਾ ਪੈਕੇਜ ਸੀ। ਕੇਂਦਰ ਸਰਕਾਰ ਨੇ ਇਸ ਜੁਗਤ ਦੇ ਸੰਬੰਧ ਮੁਲਕ ਦੇ ਵੱਖ ਵੱਖ ਖੇਤਰਾਂ ਦਾ ਅਧਿਐਨ ਕਰਨ ਤੋਂ ਬਾਅਦ ਇਸ ਨੂੰ ਤਰਜੀਹੀ ਤੌਰ ਉੱਤੇ ਪੰਜਾਬ ਵਿਚ ਸ਼ੁਰੂ ਕਰਨ ਦਾ ਫੈਸਲਾ ਕੀਤਾ। ਇਸ ਫੈਸਲੇ ਪਿੱਛੇ ਪੰਜਾਬ ਦੇ ਹਿੰਮਤੀ ਕਿਸਾਨ, ਖੇਤ ਮਜ਼ਦੂਰ, ਪੇਂਡੂ ਛੋਟੇ ਕਾਰੀਗਰ ਅਤੇ ਅਮੀਰ ਕੁਦਰਤੀ ਸਾਧਨ ਸਨ। ਪੰਜਾਬ ਦੇ ਖੇਤੀਬਾੜੀ ਨਾਲ ਸੰਬੰਧਿਤ ਤਿੰਨਾਂ ਵਰਗਾਂ ਦੀ ਹੱਡ-ਭੰਨਵੀਂ ਮਿਹਨਤ ਨੇ ਆਪਣਾ ਰੰਗ ਲਿਆਂਦਾ ਅਤੇ ਮੁਲਕ ਦੀ ਸਰਕਾਰ ਦਾ ਬਾਹਰਲੇ ਮੁਲਕਾਂ ਤੋਂ ਅਨਾਜ ਮੰਗਵਾਉਣ ਲਈ ਠੂਠਾ ਫੜਨ ਵਰਗੀ ਨੌਬਤ ਤੋਂ ਖਹਿੜਾ ਛੁੱਟਿਆ। ਪੰਜਾਬ ਦੀ ਇਹੀ ਖੇਤੀਬਾੜੀ ਗੁਰੂ ਨਾਨਕ ਦੇਵ ਵੱਲੋਂ ਸ਼ੁਰੂ ਕੀਤੀ ਖੇਤੀ ਅਤੇ ਸੱਚੀ-ਸੁੱਚੀ ਕਿਰਤ ਸੀ, ਪਰ ਮੁਲਕ ਦੇ ਹੁਕਮਰਾਨਾਂ ਵਲੋਂ ਖੇਤੀਬਾੜੀ ਖੇਤਰ ਵਿਰੁਧ ਬਣਾਈਆਂ ਨੀਤੀਆਂ ਨੇ ਪੰਜਾਬ ਨੂੰ ਗੰਭੀਰ ਸੰਕਟ ਦੀ ਘੁੰਮਣਘੇਰੀ ਵਿਚ ਫਸਾਇਆ ਹੋਇਆ ਹੈ ਜੋ ਮੁੱਖ ਤੌਰ ਉੱਤੇ ਖੇਤੀਬਾੜੀ ਉੱਪਰ ਆਧਾਰਿਤ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ, ਧਰਤੀ ਹੇਠਲੇ ਪਾਣੀ ਅਤੇ ਵਾਤਾਵਰਨ ਦੇ ਵਿਗਾੜਾਂ ਦੇ ਰੂਪ ਵਿਚ ਦਿਖਾਈ ਦਿੰਦਾ ਹੈ। ਪੰਜਾਬ ਖੇਤਰਫਲ ਪੱਖੋਂ ਬਹੁਤ ਹੀ ਛੋਟਾ (1.54 ਫ਼ੀਸਦ) ਹੈ, ਪਰ ਪਿਛਲੇ ਚਾਰ ਦਹਾਕਿਆਂ ਤੋਂ ਵੱਧ ਸਮੇਂ ਤੋਂ ਦੋ ਮੁੱਖ ਅਨਾਜ ਜਿਨਸਾਂ ਕਣਕ ਅਤੇ ਚੌਲਾਂ ਦੇ ਸੰਬੰਧ ਕੇਂਦਰੀ ਅਨਾਜ ਭੰਡਾਰ ਵਿਚ ਸ਼ਾਨਦਾਰ ਯੋਗਦਾਨ ਪਾ ਰਿਹਾ ਹੈ। ਕਾਫ਼ੀ ਲੰਬੇ ਸਮੇਂ ਦੌਰਾਨ ਇਹ ਯੋਗਦਾਨ 50 ਫ਼ੀਸਦ ਦੇ ਕਰੀਬ ਰਿਹਾ ਹੈ। ਪਿਛਲੇ ਕੁਝ ਸਮੇਂ ਦੌਰਾਨ ਕੇਂਦਰ ਸਰਕਾਰ ਵੱਲੋਂ ਦੂਜੇ ਸੂਬਿਆਂ ਦੇ ਖੇਤੀਬਾੜੀ ਵਿਕਾਸ ਨੂੰ ਵਿਸ਼ੇਸ਼ ਤਰਜੀਹ ਦਿੱਤੇ ਜਾਣ ਕਾਰਨ ਇਸ ਯੋਗਦਾਨ ਵਿਚ ਕੁਝ ਕਮੀ ਵੀ ਆਈ ਹੈ, ਪਰ ਹਾਲੇ ਵੀ ਇਹ ਯੋਗਦਾਨ 35-36 ਫ਼ੀਸਦ ਦੇ ਕਰੀਬ ਹੈ ਜਿਹੜਾ ਕਿਸੇ ਵੀ ਹੋਰ ਸੂਬੇ ਨਾਲੋਂ ਕਿਤੇ ਜ਼ਿਆਦਾ ਬਣਦਾ ਹੈ। ਇਸ ਬਾਬਤ ਧਿਆਨ ਮੰਗਦਾ ਪੱਖ ਇਹ ਵੀ ਹੈ ਕਿ ਜਦੋਂ ਮੁਲਕ ਵਿਚ ਕੁਦਰਤੀ ਕਹਿਰ ਜਿਵੇਂ ਹੜ੍ਹ, ਸੋਕਾ ਆਦਿ ਖੇਤੀਬਾੜੀ ਦਾ ਨੁਕਸਾਨ ਕਰਦੀਆਂ ਹਨ ਤਾਂ ਪੰਜਾਬ ਦਾ ਯੋਗਦਾਨ ਸਿਰਫ਼ ਅਡੋਲ ਹੀ ਨਹੀਂ ਰਹਿੰਦਾ ਸਗੋਂ ਸੋਕੇ ਮੌਕੇ ਤਾਂ ਕਿਸਾਨ ਆਪਣੀ ਉਤਪਾਦਨ ਲਾਗਤ ਵਧਾ ਕੇ (ਸਿੰਜਾਈ ਲਈ ਮਹਿੰਗੇ ਡੀਜ਼ਲ ਦੀ ਵਰਤੋਂ) ਉਤਪਾਦਨ ਨੂੰ ਪਿਛਲੇ ਸਾਲ ਨਾਲੋਂ ਵੀ ਵਧਾ ਦਿੰਦੇ ਹਨ।

ਪੰਜਾਬ ਸਰਕਾਰ ਲਈ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਬਾਰੇ ਕੀਤੇ ਸਰਵੇਖਣ ਤੋਂ ਸਾਹਮਣੇ ਆਇਆ ਹੈ ਕਿ 2000-15 ਦਰਮਿਆਨ 16606 ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਖ਼ੁਦਕੁਸ਼ੀ ਕੀਤੀ ਹੈ। ਹੁਣ ਤਾਂ ਖੇਤ ਮਜ਼ਦੂਰ ਔਰਤਾਂ ਅਤੇ ਕਿਸਾਨ ਖੇਤ ਮਜ਼ਦੂਰ ਪਰਿਵਾਰਾਂ ਦੇ ਬੱਚਿਆਂ ਵੱਲੋਂ ਵੀ ਖ਼ੁਦਕੁਸ਼ੀਆਂ ਕੀਤੀਆਂ ਜਾ ਰਹੀਆਂ ਹਨ।

ਸਰਵੇਖਣ ਅਨੁਸਾਰ, ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੁਆਰਾ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਪਿੱਛੇ ਸਭ ਤੋਂ ਵੱਡਾ ਕਾਰਨ ਉਨ੍ਹਾਂ ਸਿਰ ਖੜ੍ਹਾ ਕਰਜ਼ਾ ਹੈ। ਇੰਡੀਅਨ ਕੌਂਸਲ ਆਫ਼ ਸ਼ੋਸ਼ਲ ਸਾਇੰਸ ਰਿਸਰਚ ਦੇ 2014-15 ਲਈ ਕੀਤੇ ਸਰਵੇਖਣ ਵਿਚ ਸਾਹਮਣੇ ਆਇਆ ਕਿ ਪੰਜਾਬ ਦੇ ਵੱਡੇ ਕਿਸਾਨਾਂ ਨੂੰ ਛੱਡ ਕੇ ਬਾਕੀ ਦੇ ਸੀਮਾਂਤ, ਛੋਟੇ, ਅਰਧ-ਦਰਮਿਆਨੇ, ਦਰਮਿਆਨੇ ਕਿਸਾਨਾਂ ਅਤੇ ਖੇਤ ਮਜ਼ਦੂਰ ਸਿਰ ਇੰਨਾ ਕਰਜ਼ਾ ਹੈ ਕਿ ਉਹ ਕਰਜ਼ਾ ਮੋੜਨ ਬਾਰੇ ਸੋਚ ਹੀ ਨਹੀਂ ਸਕਦੇ; ਸਗੋਂ ਉਨ੍ਹਾਂ ਦੀ ਵਰਤਮਾਨ ਆਮਦਨ ਵਿਚੋਂ ਤਾਂ ਉਹ ਵਿਆਜ ਦੇਣ ਦੀ ਹਾਲਤ ਵਿਚ ਵੀ ਨਹੀਂ ਹਨ, ਉਨ੍ਹਾਂ ਨੂੰ ਤਾਂ ਆਪਣਾ ਚੁੱਲ੍ਹਾ ਬਲਦਾ ਰੱਖਣ ਲਈ ਵੀ ਕਰਜ਼ਾ ਲੈਣਾ ਪੈਂਦਾ ਹੈ। ਪਿਛਲੇ ਕੁਝ ਸਮੇਂ ਤੋਂ ਨਿਮਨ ਕਿਸਾਨਾਂ ਵਿਚੋਂ ਕੁਝ ਤਾਂ ਇਸ ਧੰਦੇ ਵਿਚੋਂ ਬਾਹਰ ਨਿੱਕਲ ਰਹੇ ਹਨ। ਖੇਤ ਮਜ਼ਦੂਰਾਂ ਦੀ ਹਾਲਤ ਤਾਂ ਨਿਮਨ ਕਿਸਾਨਾਂ ਤੋਂ ਵੀ ਭੈੜੀ ਹੈ। ਉਨ੍ਹਾਂ ਕੋਲ ਉਤਪਾਦਨ ਦੇ ਸਾਧਨ ਹੀ ਨਹੀਂ ਹਨ। ਇਨ੍ਹਾਂ ਵਿਚੋਂ ਸਭ ਤੋਂ ਮਾੜੀ ਹਾਲਤ ਔਰਤਾਂ ਅਤੇ ਬਾਲ ਮਜ਼ਦੂਰਾਂ ਦੀ ਹੈ।

2011 ਦੀ ਮਰਦਮਸ਼ੁਮਾਰੀ ਅਨੁਸਾਰ ਪਿਛਲੇ ਇਕ ਦਹਾਕੇ ਦੌਰਾਨ ਪੰਜਾਬ ਵਿਚ 12 ਫ਼ੀਸਦ ਕਿਸਾਨਾਂ ਅਤੇ 21 ਫ਼ੀਸਦ ਖੇਤ ਮਜ਼ਦੂਰਾਂ ਦੀ ਕਮੀ ਦਰਜ ਕੀਤੀ ਗਈ ਹੈ। ਪੇਂਡੂ ਕਾਰੀਗਰਾਂ ਦੀ ਖੇਤੀਬਾੜੀ ਵਿਚ ਸ਼ਿਰਕਤ ਘਟਾਈ ਗਈ ਹੈ ਅਤੇ ਜਿਹੜੇ ਹਾਲੇ ਵੀ ਇਸ ਖੇਤਰ ਵਿਚ ਹਨ, ਉਨ੍ਹਾਂ ਦੀ ਹਾਲਤ ਬਹੁਤ ਤਰਸਯੋਗ ਹੈ। ਪੰਜਾਬ ਦੇ ਨਿਮਨ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਲਈ ਖੇਤੀਬਾੜੀ ਖੇਤਰ ਵਿਚ ਰੁਜ਼ਗਾਰ ਘਟਣ ਲਈ ਮੁੱਖ ਤੌਰ ਉੱਤੇ ਮਸ਼ੀਨਰੀ ਅਤੇ ਨਦੀਨਨਾਸ਼ਕਾਂ ਦੀ ਵਧਦੀ ਵਰਤੋਂ ਜ਼ਿੰਮੇਵਾਰ ਹੈ।

ਖੇਤੀਬਾੜੀ ਦੇ ਵਪਾਰੀਕਰਨ ਦੇ ਵਰਤਾਰੇ ਵਿਚੋਂ ਟੁੱਟ ਰਹੇ ਸਮਾਜਿਕ ਸੰਬੰਧ ਸਾਹਮਣੇ ਆਏ ਹਨ। ਆਵਤ, ਵਿੜੀ, ਸਾਂਝੀ-ਸੀਰੀ ਪ੍ਰਬੰਧ ਅਤੇ ਵੱਡੇ ਕਿਸਾਨਾਂ ਵੱਲੋਂ ਨਿਮਨ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਪਰਿਵਾਰਾਂ ਦੀਆਂ ਧੀਆਂ ਦੇ ਵਿਆਹਾਂ ਜਾਂ ਉਨ੍ਹਾਂ ਪਰਿਵਾਰਾਂ ਵਿਚ ਬਿਮਾਰੀ/ਹਾਦਸਿਆਂ ਮੌਕੇ ਆਰਥਿਕ ਮਦਦ ਕਰਨਾ ਗਾਇਬ ਹੋ ਗਏ ਹਨ। ਅਮੀਰ-ਗ਼ਰੀਬ ਵਿਚ ਵਧ ਰਹੀਆਂ ਆਰਥਿਕ ਅਸਮਾਨਤਾਵਾਂ ਅਤੇ ਮੁਲਕ ਵਿਚ ਰੁਜ਼ਗਾਰ ਦੇ ਲਗਾਤਾਰ ਘਟਦੇ ਮੌਕੇ ਪੰਜਾਬ ਦੇ ਨੌਜਵਾਨ ਬੱਚਿਆਂ ਨੂੰ ਵੱਡੀ ਗਿਣਤੀ ਵਿਚ ਬਾਹਰਲੇ ਮਲਕਾਂ ਵੱਲ ਧੱਕ ਰਹੇ ਹਨ।

1960ਵਿਆਂ ਦੇ ਆਖ਼ੀਰ ਵਿਚ ਪੰਜਾਬ ਵਿਚ ਸ਼ੁਰੂ ਕੀਤੀ ਗਈ ਖੇਤੀਬਾੜੀ ਦੀ ਨਵੀਂ ਜੁਗਤ ਸਦਕਾ ਕਣਕ ਦੀ ਉਤਪਾਦਕਤਾ ਅਤੇ ਉਤਪਾਦਨ ਵਿਚ ਹੋਏ ਅਥਾਹ ਵਾਧੇ ਅਤੇ ਇਸ ਦੇ ਕੇਂਦਰੀ ਅਨਾਜ ਭੰਡਾਰ ਵਿਚ ਪਾਏ ਗਏ ਯੋਗਦਾਨ ਨੂੰ ਦੇਖਦੇ ਹੋਏ ਕੇਂਦਰ ਸਰਕਾਰ ਨੇ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਦੁਆਰਾ ਝੋਨੇ ਦੀ ਫਸਲ ਪੰਜਾਬ ਦੇ ਸਿਰ ਮੜ੍ਹ ਦਿੱਤੀ ਜਿਸ ਦੇ ਨਤੀਜੇ ਵਜੋਂ ਧਰਤੀ ਹੇਠਲੇ ਪਾਣੀ ਦਾ ਪੱਧਰ ਥੱਲੇ ਜਾ ਰਿਹਾ ਹੈ।

1960-61 ਦੌਰਾਨ ਪੰਜਾਬ ਵਿਚ ਟਿਊਬਵੈਲਾਂ ਦੀ ਗਿਣਤੀ ਸਿਰਫ਼ 7445 ਸੀ ਜੋ ਧਾਨ ਦੀ ਫਸਲ ਦੀ ਸਿੰਜਾਈ ਦੀ ਵਧ ਰਹੀ ਲੋੜ ਲਈ 14 ਲੱਖ ਦਾ ਅੰਕੜਾ ਪਾਰ ਕਰ ਗਈ। ਪੰਜਾਬ ਦੇ ਤਿੰਨ-ਚੌਥਾਈ ਤੋਂ ਵੱਧ ਵਿਕਾਸ ਖੰਡਾਂ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਖ਼ਤਰਨਾਕ ਪੱਧਰ ਤੱਕ ਥੱਲੇ ਚਲਾ ਗਿਆ ਹੈ ਅਤੇ ਕਿਸਾਨਾਂ ਨੂੰ ਮਜਬੂਰੀਵਸ ਸਬਮਰਸੀਬਲ ਮੋਟਰਾਂ ਲਵਾਉਣੀਆਂ ਪਈਆਂ। ਕੇਂਦਰ ਸਰਕਾਰ ਲੰਬੇ ਸਮੇਂ ਤੋਂ ਦਰਿਆਈ ਪਾਣੀਆਂ ਦੀ ਵੰਡ ਬਾਰੇ ਪੰਜਾਬ ਨਾਲ ਬੇਇਨਸਾਫ਼ੀ ਕਰਦੀ ਆ ਰਹੀ ਹੈ।

ਪੰਜਾਬ ਵਿਚ ਸ਼ੁਰੂ ਕੀਤੀ ਗਈ ਖੇਤੀਬਾੜੀ ਦੀ ਨਵੀਂ ਜੁਗਤ ਸਦਕਾ ਰਸਾਇਣਕ ਖਾਦਾਂ, ਕੀਟਨਾਸ਼ਕਾਂ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਵਿਚ ਬਹੁਤ ਵਾਧਾ ਹੋਇਆ ਹੈ। ਝੋਨੇ ਲਈ ਛੱਪੜ-ਸਿੰਜਾਈ ਅਤੇ ਕਣਕ ਦੀ ਨਾੜ ਅਤੇ ਝੋਨੇ ਦੀ ਪਰਾਲੀ ਨੂੰ ਮਜਬੂਰੀਵਸ ਅੱਗ ਲਾਉਣ ਅਤੇ ਰਸਾਇਣਾਂ ਦੀ ਵਰਤੋਂ ਕਾਰਨ ਸੂਬੇ ਵਿਚ ਧਰਤੀ ਅਤੇ ਹਵਾ ਦੇ ਪ੍ਰਦੂਸ਼ਣ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਜਿਸ ਦੀ ਕੀਮਤ ਇੱਥੋਂ ਦੇ ਲੋਕਾਂ ਨੂੰ ਵੱਖ ਵੱਖ ਬਿਮਾਰੀਆਂ ਝੱਲਣ ਅਤੇ ਕੁਝ ਨੂੰ ਆਪਣੀ ਜ਼ਿੰਦਗੀ ਤੋਂ ਹੱਥ ਧੋਣ ਦੇ ਰੂਪ ਵਿਚ ਦੇਣੀ ਪੈ ਰਹੀ ਹੈ।

ਅੱਜ ਗੁਰੂ ਨਾਨਕ ਦੇਵ ਦੇ ਕਰਤਾਰਪੁਰ (ਪੰਜਾਬ ਦੇ ਖੇਤੀਬਾੜੀ) ਨੂੰ ਸਰਕਾਰ, ਖ਼ਾਸ ਕਰਕੇ ਕੇਂਦਰੀ ਸਰਕਾਰ, ਕਾਰਪੋਰੇਸ਼ਨਾਂ ਅਤੇ ਬਾਹਰਲੇ ਮੁਲਕਾਂ ਵਿਚ ਐਨਆਰਆਈ ਕਾਰੋਬਾਰੀਆਂ (ਜੋ ਪੰਜਾਬ ਤੋਂ ਪਰਵਾਸ ਕੀਤੇ ਬੰਦਿਆਂ ਦੀ ਲੁੱਟਮਾਰ ਕਰਦੇ ਹਨ) ਦੀ ਅਮਰਬੇਲ ਦੁਰਕਾਰਦੀ ਅਤੇ ਫਿਟਕਾਰਦੀ ਹੋਈ ਉਜਾੜ ਰਹੀ ਹੈ। ਸੋ, ਸਮੇਂ ਦੀ ਲੋੜ ਹੈ ਕਿ ਇਸ ਅਮਰਬੇਲ ਤੋਂ ਕਰਤਾਰਪੁਰ ਨੂੰ ਬਚਾਇਆ ਜਾਵੇ।

*****

# ਬਾਬਰੀ ਮਸਜਿਦ : ਅਯੁਧਿਆ ਵਿੱਚ ਹਾਲਾਤ ਖਤਰਨਾਕ

## ਮੁਸਲਮਾਨ ਘਰਾਂ ਨੂੰ ਤਾਲੇ ਲਾ ਕੇ ਅਯੋਧਿਆ ਚੋਂ ਭੱਜ ਗਏ



ਫਰੈਡੀ ਜੋਜ਼ਫ

ਰਾਮ ਮੰਦਰ ਦੀ ਉਸਾਰੀ ਨੂੰ ਲੈ ਕੇ ਅਯੁਧਿਆ ਵਿੱਚ ਹਾਲਾਤ 6 ਦਸੰਬਰ 1992 ਵਰਗੇ ਬਣ ਗਏ ਹਨ। ਉਥੇ ਧਾਰਾ 144 ਦੇ ਬਾਵਜੂਦ 3 ਲੱਖ ਰਾਮ ਭਗਤ ਪੁੱਜ ਗਏ ਹਨ। ਰਾਜਨੀਤਿਕ ਕਾਰਣਾਂ ਕਰਕੇ ਰਾਮ ਮੰਦਰ ਦੀ ਉਸਾਰੀ ਨੂੰ ਲੈ ਕੇ ਹਿੰਦੂ ਆਪਸ ਵਿੱਚ ਬਹੁਤ ਬੁਰੀ ਤਰ੍ਹਾਂ ਪਾਟ ਗਏ ਹਨ। ਸ਼ਿਵ ਸੈਨਾ ਭਾਜਪਾ ਤੋਂ ਇਹ ਮੁੱਦਾ ਖੋਹਣ ਲਈ ਤੱਤਪਰ ਹੈ। ਉਸਨੇ ਅਯੁਧਿਆ ਵਿੱਚ 2 ਲੱਖ ਸ਼ਿਵ ਸੈਨਿਕ ਇੱਕਠੇ ਕਰ ਲਏ ਹਨ। ਉਸ ਤੋਂ ਇਲਾਵਾ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਵਰਕਤ ਅਤੇ ਬਹੁਤ ਸਾਰੇ ਹਿੰਦੂ ਸੰਤ ਵੀ ਅਯੋਧਿਆ ਵਿਚ ਪੁੱਜ ਗਏ ਹਨ। ਜਿਸ ਕਰਕੇ ਅਯੁਧਿਆ ਵਾਸੀਆਂ ਤੇ ਖਾਸ ਕਰਕੇ ਮੁਸਲਮਾਨਾਂ ਵਿੱਚ ਭਾਰੀ ਦਹਿਸ਼ਤ ਹੈ ਅਤੇ ਬਹੁਤ ਸਾਰੇ ਲੋਕਾਂ ਨੇ ਉਥੋਂ ਭਜਣਾ ਸ਼ੁਰੂ ਕਰ ਦਿੱਤਾ ਹੈ। ਦੱਸਿਆ ਜਾ ਰਿਹਾ ਹੈ ਕਿ 90 ਫੀਸਦੀ ਤੋਂ ਵੱਧ ਮੁਸਲਮਾਨ ਆਪਣੇ ਘਰਾਂ ਨੂੰ ਤਾਲੇ ਲਾ ਕੇ ਉਥੋਂ ਭੱਜ ਗਏ ਹਨ। ਹਾਲਾਤ ਵਿਗੜਨ ਦੇ ਖਦਸ਼ੇ ਕਾਰਣ ਲੋਕਾਂ ਨੇ ਰਾਸ਼ਨ ਪਾਣੀ ਜਮਾ ਕਰਨਾ ਸ਼ੁਰੂ ਦਿੱਤਾ ਹੈ। 6 ਦਸੰਬਰ 1992 ਵਿੱਚ ਭੀੜ ਨੇ ਬਹੁਤ ਸਾਰੇ ਮੁਸਲਮਾਨਾਂ ਦੇ ਘਰ ਢਾਹ ਦਿੱਤੇ ਸਨ ਜਾਂ ਜਲਾ ਦਿੱਤੇ ਸਨ। ਬਾਬਰੀ ਮਸਜਿਦ ਢਾਹ ਦਿੱਤੇ ਜਾਣ ਕਾਰਣ ਦੇਸ਼ ਭਰ ਵਿੱਚ ਲੋਕ ਫਿਰਕੂ ਲੀਹਾਂ ਤੇ ਪਾਟ ਗਏ ਸਨ। ਹਜ਼ਾਰਾਂ ਲੋਕ ਮਾਰ ਦਿੱਤੇ ਗਏ ਸਨ। ਦਾਊਦ ਨੇ ਬੰਬੇ ਸ਼ਹਿਰ ਨੂੰ ਉਡਾਉਣ ਲਈ ਇੱਕ ਬਹੁਤ ਵੱਡੀ ਸਾਜ਼ਿਸ਼ ਰਚੀ ਸੀ। ਉਸਨੇ ਸਾਰੀ ਬੰਬਈ ਵਿੱਚ ਬੰਬਾਂ ਦਾ ਜਾਲ ਵਿਛਾ ਦਿਤਾ ਸੀ। ਉਸਦੀ ਇਹ ਸਾਜ਼ਸ਼ ਪੂਰੀ ਤਰ੍ਹਾਂ ਕਾਮਯਾਬ ਤਾਂ ਨਹੀਂ ਰਹੀ ਪਰ ਬਹੁਤ ਵੱਡੇ ਪੱਧਰ ਤੇ ਜਾਨੀ ਅਤੇ ਮਾਲੀ ਨੁਕਸਾਨ ਹੋ ਗਿਆ ਸੀ। ਇਸ ਘਟਨਾ ਦਾ ਦੇਸ਼ ਦੀ ਸਿਆਸਤ ਅਤੇ ਹਿੰਦੂ ਮੁਸਲਮਾਨਾਂ ਦੇ ਮੇਲ ਮਿਲਾਪ ਉੱਤੇ ਬਹੁਤ ਮਾੜਾ ਅਸਰ ਪਿਆ। ਕਾਂਗਰਸ ਨੂੰ ਭਾਰੀ ਢਾਹ ਲੱਗੀ ਤੇ ਹਿੰਦੂਤਤਵੀ ਉਭਰ ਕੇ ਸਾਮ੍ਹਣੇ ਆ ਗਏ ਜਿਸਦੇ ਨਤੀਜੇ ਵਜੋਂ ਕਾਂਗਰਸ ਬੈਕ ਫੁੱਟ ਤੇ ਆ ਗਈ ਤੇ ਹਿੰਦੂਤਤਵੀ ਤਾਕਤਾਂ ਭਾਰਤ ਦੀ ਸਿਆਸਤ ਉੱਤੇ ਛਾ ਗਈਆਂ।

ਬਾਬਰੀ ਮਸਜਿਦ ਢਾਹੁਣ ਸਮੇਂ ਯੂ.ਪੀ. ਵਿੱਚ ਕਲਿਆਣ ਸਿੰਘ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਸੀ ਅਤੇ ਕੇਂਦਰ ਵਿਚ ਨਰਸਿਮ੍ਹਾ ਰਾਓ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਸੀ। ਯੂ.ਪੀ. ਦੇ ਮੁਖ ਮੰਤਰੀ ਕਲਿਆਣ ਸਿੰਘ ਨੇ ਕੇਂਦਰ ਨੂੰ ਭਰੋਸਾ ਦਿੱਤਾ ਸੀ ਕਿ ਉਹ ਬਾਬਰੀ ਮਸਜਿਦ ਢਹਿਣ ਨਹੀਂ ਦੇਣਗੇ ਜਦਕਿ ਉਹ ਬਾਬਰੀ ਮਸਜਿਦ ਢਾਹੁਣ ਵਾਲਿਆਂ ਨਾਲ ਅੰਦਰ ਖਾਤੇ ਮਿਲੇ ਹੋਏ ਸਨ ਅਤੇ ਉਨ੍ਹਾਂ ਦੀ ਸਾਜ਼ਿਸ਼ ਕਾਰਣ ਹੀ ਬਾਬਰੀ ਮਸਜਿਦ ਢਹਿ ਗਈ। ਇਹ ਵੀ ਸ਼ੱਕ ਕੀਤਾ ਜਾਂਦਾ ਹੈ ਕਿ ਨਰਮਿਸਾ ਰਾਓ ਵੀ ਬੇਇਮਾਨ ਨਿਕਲੇ। ਉਹ ਵੀ ਮਸਜਿਦ ਢਾਹੁਣ ਵਾਲਿਆਂ ਨਾਲ ਰਲੇ ਹੋਏ ਸਨ। ਉਹ ਚਾਹੁੰਦੇ ਤਾਂ ਬਾਬਰੀ ਮਸਜਿਦ ਨੂੰ ਢਾਹੁਣ ਤੋਂ ਰੋਕ ਸਕਦੇ ਸਨ ਪਰ ਉਨ੍ਹਾਂ ਨੇ ਅਜੇਹਾ ਨਹੀਂ ਕੀਤਾ ਜਿਸ ਕਰਕੇ ਕਾਂਗਰਸ ਉਨ੍ਹਾਂ ਦੇ ਵਿਰੁਧ ਹੋ ਗਈ ਅਤੇ ਉਨ੍ਹਾਂ ਦੀ ਸਿਆਸੀ ਜ਼ਿੰਦਗੀ ਤਬਾਹ ਹੋ ਗਈ। ਕਾਂਗਰਸੀਆਂ ਵਿੱਚ ਉਨ੍ਹਾਂ ਵਿਰੁਧ ਭਾਰੀ ਰੋਹ ਸੀ ਕਿ ਉਹ ਸੈਕੁਲਰਿਜ਼ਮ ਦੀ ਰੱਖਿਆ ਨਹੀਂ ਕਰ ਸਕੇ ਬਲਕਿ ਉਨ੍ਹਾਂ ਨੇ ਜਾਣ ਬੁਝ ਕੇ ਸੈਕੁਲਰਿਜ਼ਮ ਦੀ ਰੱਖਿਆ ਨਹੀਂ ਕੀਤੀ। ਉਨ੍ਹਾਂ ਦੀ ਇਸ ਹੱਦ ਤੱਕ ਮਿੱਟੀ ਪਲੀਤ ਹੋ ਗਈ ਕਿ ਉਨ੍ਹਾਂ ਦੀ ਮ੍ਰਿਤੂ ਤੇ ਉਨ੍ਹਾਂ ਦੀ ਲਾਸ਼ ਨੂੰ ਕਾਂਗਰਸ ਦਫਤਰ ਵਿੱਚ ਨਹੀਂ ਲਿਜਾਣ ਦਿੱਤਾ ਗਿਆ।

2014 ਵਿੱਚ ਭਾਜਪਾ ਦੀ ਸਰਕਾਰ ਇਸ ਵਾਅਦੇ ਨਾਲ ਹੋਂਦ ਵਿੱਚ ਆਈ ਸੀ ਕਿ ਉਹ ਅਯੁਧਿਆ ਵਿਚ ਰਾਮ ਮੰਦਰ ਬਣਾਏਗੀ ਪਰ ਉਸਨੇ ਅਜੇਹਾ ਨਹੀਂ ਕੀਤਾ ਜਿਸ ਕਰਕੇ ਉਸ ਵਿਰੁਧ ਹਿੰਦੂਆਂ ਦਾ ਰੋਸ ਵਧਦਾ ਗਿਆ ਅਤੇ ਅੱਜ ਦੇਸ਼ ਦੇ ਬਹੁਤ ਸਾਰੇ ਹਿੰਦੂ ਅਤੇ ਸਾਧੂ ਸੰਤ ਉਸਦੇ ਵਿਰੁਧ ਹੋ ਗਏ ਹਨ। ਦੇਸ਼ ਦੇ ਹਿੰਦੂ ਜਜ਼ਬਾਤ ਕੈਸ਼ ਕਰਨ ਲਈ ਹੁਣ ਸ਼ਿਵ ਸੈਨਾ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਅੱਗੇ ਆ ਗਈ ਹੈ। ਸਮਝਿਆ ਜਾ ਰਿਹਾ ਹੈ ਕਿ ਇਹ ਲੋਕ 6 ਦਸੰਬਰ 1992 ਨੂੰ ਹੀ ਅਯੋਧਿਆ ਵਿੱਚ ਦੁਹਰਾਉਣ ਲਈ ਇੱਕਠੇ ਹੋਏ ਹਨ।

ਇਹ ਵੀ ਦਸਣਯੋਗ ਹੈ ਕਿ ਸੁਪਰੀਮ ਕੋਰਟ ਨੇ ਇਸ ਕੇਸ ਦੀ ਸੁਣਵਾਈ ਜਨਵਰੀ 2019 ਤੱਕ ਟਾਲ ਦਿੱਤੀ ਹੈ। ਇਸ ਵਿਰੁਧ ਵੀ ਹਿੰਦੂਆਂ ਵਿਚ ਭਾਰੀ ਰੋਸ ਹੈ ਅਤੇ ਬਹੁਤ ਸਾਰੇ ਹਿੰਦੂ ਸੁਪਰੀਮ ਕੋਰਟ ਦੇ ਇਸ ਫੈਸਲੇ ਦਾ ਵੀ ਵਿਰੋਧ ਕਰ ਰਹੇ ਹਨ। ਦੇਸ਼ ਵਿੱਚ ਇਹ ਪਹਿਲਾ ਮੌਕਾ ਹੈ ਕਿ ਕੋਈ ਫਿਰਕਾ ਸੁਪਰੀਮ ਕੋਰਟ ਦੇ ਖਿਲਾਫ ਹੋ ਗਿਆ। ਆਰ. ਐਸ. ਐਸ. ਵਲੋਂ ਵੀ ਸਰਕਾਰ ਉੱਤੇ ਰਾਮ ਮੰਦਰ ਤੁਰੰਤ ਬਣਾਉਣ ਲਈ ਦਬਾਅ ਬਣਾਇਆ ਜਾ ਰਿਹਾ ਹੈ। ਉਸਦਾ ਕਹਿਣਾ ਹੈ ਉਹ ਰਾਮ ਮੰਦਰ ਬਣਾਉਣ ਲਈ ਕਾਨੂੰਨ ਬਣਾਏ ਜਾਂ ਆਰਡੀਨੈਂਸ ਜਾਰੀ ਕਰੇ ਪਰ ਇਸ ਗੱਲ ਦਾ ਵੀ ਦੇਸ਼ ਉੱਤੇ ਬਹੁਤ ਦੂਰਗਾਮੀ ਅਸਰ ਪਵੇਗਾ।

ਅਸਲ ਵਿੱਚ ਰਾਮ ਮੰਦਰ ਦੇ ਵਿਰੁਧ ਕੋਈ ਨਹੀਂ ਹੈ। ਇਤਰਾਜ਼ ਇਹ ਹੈ ਕਿ ਇਹ ਮੰਦਰ ਬਾਬਰੀ ਮਸਜਿਦ ਢਾਹ ਕੇ ਬਣਾਇਆ ਜਾ ਰਿਹਾ ਹੈ। ਹਿੰਦੂਤਤਵੀਆਂ ਦਾ ਕਹਿਣਾ ਹੈ ਕਿ ਇਹ ਮਸਜਿਦ ਉਸ ਥਾਂ ਤੇ ਸਥਿਤ ਮੰਦਰ ਨੂੰ ਢਾਹ ਕੇ ਬਣਾਈ ਗਈ ਹੈ ਜਿਸ ਥਾਂ ਤੇ ਸ਼੍ਰੀ ਰਾਮ ਚੰਦਰ ਦਾ ਜਨਮ ਹੋਇਆ ਸੀ। ਮੁਸਲਮਾਨਾਂ ਦਾ ਕਹਿਣਾ ਹੈ ਕਿ ਮਸਜਿਦ ਰਾਮ ਮੰਦਰ ਢਾਹ ਕੇ ਨਹੀਂ ਬਣਾਈ ਗਈ ਸੀ।

ਮਾਮਲਾ ਕੁਝ ਵੀ ਹੋਵੇ ਅੱਜ ਅਯੁਧਿਆ ਵਿੱਚ ਹਾਲਾਤ ਬਹੁਤ ਖਰਾਬ ਹੋ ਗਏ ਹਨ ਅਤੇ ਉਥੇ ਹਾਲਾਤ 6 ਦਸੰਬਰ 1992 ਵਾਲੇ ਬਣੇ ਰਹੇ ਹਨ ਜੋ ਕਿ ਇਸ ਦੇਸ਼ ਦੇ ਸਮੁੱਚੇ ਭਾਰਤੀ ਭਾਈਚਾਰੇ ਦੀ ਭਾਵਨਾ ਨੂੰ ਤਹਿਸ ਨਹਿਸ ਕਰਨ ਵਾਲੇ ਹਨ। ਯੂ.ਪੀ. ਦੇ ਸਾਬਕ ਮੁਖ ਮੰਤਰੀ ਅਖਲੇਸ਼ ਯਾਦਵ ਨੇ ਮੰਗ ਕੀਤੀ ਹੈ ਕਿ ਉਥੇ ਹਾਲਾਤ ਨੂੰ ਖਰਾਬ ਹੋਣ ਤੋਂ ਬਚਾਉਣ ਲਈ ਉਥੇ ਫੌਜ ਤਾਇਨਾਤ ਕੀਤੀ ਜਾਵੇ। ਅਸੀਂ ਸਮਝਦੇ ਹਾਂ ਕਿ ਉਨ੍ਹਾਂ ਦਾ ਸੁਝਾਅ ਬਿਲਕੁਰ ਠੀਕ ਹੈ।

ਜੇਕਰ ਉਥੇ 6 ਦਸੰਬਰ 1992 ਵਾਲੇ ਹਾਲਾਤ ਪੈਦਾ ਹੋ ਗਏ ਤਾਂ ਨਾ ਕੇਵਲ ਦੇਸ਼ ਦੇ ਅੰਦਰ ਹੀ ਹਲਾਤ ਖਰਾਬ ਹੋ ਜਾਣਗੇ ਬਲਕਿ ਅੰਤਰ ਰਾਸ਼ਟਰੀ ਪੱਧਰ ਤੇ ਇਸ ਦੇਸ਼ ਦੀ ਛਵੀ ਬਹੁਤ ਵਿਗੜ ਜਾਵੇਗੀ ਜਿਸ ਨੂੰ ਕੰਟਰੋਲ ਕਰਨਾ ਬਹੁਤ ਮੁਸ਼ਕਿਲ ਹੋ ਜਾਵੇਗਾ।

# ਨੁਕਤੇ ਦਾ ਪਸਾਰ



ਕੇਹਰ ਸ਼ਰੀਫ
+49 173 3546050

ਨਿੱਕੇ ਸੰਦਰਭਾਂ ਦਾ ਮਹੱਤਵ ਕਿੱਡਾ ਵੱਡਾ ਹੁੰਦਾ ਹੈ, ਇਹ ਦੇਖਕੇ ਹਰ ਕਿਸੇ ਨੂੰ ਹੈਰਾਨੀ ਹੁੰਦੀ ਹੈ। ਪਰ ਇੱਥੇ ਹੈਰਾਨ ਹੋਣ ਵਾਲੀ ਕੋਈ ਗੱਲ ਨਹੀਂ ਕਿਉਂਕਿ ਅਸੀਂ ਸਾਰੇ ਜਾਣਦੇ ਹਾਂ ਕਿ ਸਾਰੀ ਕਇਨਾਤ ਕਿਣਕਿਆਂ ਦੇ ਮਾਤਰ ਦਾ ਵਿਕਾਸ ਹੀ ਤਾਂ ਹੈ। ਇਹ ਵਿਕਾਸ ਲਗਾਤਾਰ ਅੱਗੇ ਵਧ ਤੇ ਫੈਲ ਰਿਹਾ ਹੈ। ਜ਼ਮਾਨੇ ਨੂੰ ਕਿੱਥੋਂ, ਕਿੱਥੇ ਪਹੁੰਚਿਆ ਦੇਖਕੇ ਮਨੁੱਖ ਅਚੰਭਾ ਮਹਿਸੂਸ ਕਰਨ ਲਗਦਾ ਹੈ। ਅਚੰਭਾ ਤਾਂ ਹੋਣਾ ਹੀ ਹੋਇਆ ਕਿ ਮਨੁੱਖ ਦੀ ਆਪਣੀ ਸੋਚ-ਸੂਝ ਅਤੇ ਸ਼ਕਤੀ ਨੇ ਰਲਕੇ ਅਣਕਿਆਸੀਆਂ ਅਤੇ ਅਣਦਿਸਦੀਆਂ ਚੜ੍ਹਾਈਆਂ ਨੂੰ ਤੈਅ ਕੀਤਾ ਹੈ। ਮਨੁੱਖੀ ਸ਼ਕਤੀ ਦੀ ਇਸ ਪ੍ਰਾਪਤੀ ਨੂੰ ਸਲਾਮ ਕਰਨਾ ਬਣਦਾ ਹੈ ਅਤੇ ਹੋਰ ਵੱਡੀਆਂ ਪ੍ਰਾਪਤੀਆਂ ਵਲ ਹੱਲਾ ਮਾਰਨ ਵਾਸਤੇ ਇਸਨੂੰ ਹੱਲਾਸ਼ੇਰੀ ਦੇਣੀ ਵੀ ਜ਼ਰੂਰੀ ਹੈ। ਯਾਦ ਰਹੇ ਮਨੁੱਖੀ ਸੂਝ ਅਤੇ ਸ਼ਕਤੀ ਦੇ ਆਸਰੇ ਇਹ ਵਿਕਾਸ ਲਗਾਤਾਰ ਅੱਗੇ ਵਧ ਰਿਹਾ ਹੈ।

ਪਿਛਾਂਹ ਵਲ ਮੁੜ ਸੋਚਣ ਲੱਗੀਏ ਤਾਂ ਸੋਚ ਭਮੱਤਰ ਜਾਂਦੀ ਹੈ। ਆਦਿ ਮਨੁੱਖ ਨੇ ਬਹੁਤ ਪਹਿਲਾਂ ਪੱਥਰਾਂ ਨੂੰ ਰਗੜਦਿਆਂ ਪਹਿਲ-ਪਲੱਕੜੇ ਜਦੋਂ ਅੱਗ ਵਰਗੇ ਚੰਗਿਆੜੇ ਨਿਕਲਦੇ ਦੇਖੇ ਹੋਣਗੇ ਅਤੇ ਫੇਰ ਪਹਿਲੀ ਵਾਰ ਉਨ੍ਹਾਂ ਹੀ ਪੱਥਰਾਂ ਦੀ ਰਗੜ ਨਾਲ ਨਾ ਜਾਣਦਿਆਂ ਹੋਇਆਂ ਵੀ ਅੱਗ ਬਾਲ਼ੀ ਹੋਵੇਗੀ ਤਾਂ ਉਸਦੇ ਚਿਹਰੇ ਉੱਤੇ ਹੈਰਾਨੀ ਭਰੀ ਲਾਲੀ ਦੇ ਉੱਗ ਆਉਣ ਨੂੰ ਪੜ੍ਹਿਆ ਜਾਣਾ ਕੀ ਸੌਖਾ ਹੋ ਸਕਦਾ ਹੈ? ਪਹਿਲੀ ਵਾਰ ਜਦੋਂ ਉਸਨੇ ਕਿਸੇ ਵਸਤ (ਖਾਣਾ) ਨੂੰ ਅੱਗ ਦੇ ਸੇਕ ਉੱਤੇ ਪਕਾ ਕੇ ਜਾਂ ਰਿੰਨ੍ਹ ਕੇ ਖਾਧਾ ਹੋਵੇਗਾ ਤਾਂ ਭਲਾਂ ਕਿੰਝ ਮਹਿਸੂਸ ਕੀਤਾ ਹੋਵੇਗਾ? ਇਸਦੇ ਗਵਾਹ ਤਾਂ ਉਹ ਹੁਸੀਨ ਪਲ ਹੀ ਹੋ ਸਕਦੇ ਹਨ ਜੋ ਉਸਦੇ ਦੁਆਲੇ/ਅੰਗ ਸੰਗ ਗੁਜ਼ਰੇ ਹੋਣਗੇ।

ਉਂਜ ਮਨੁੱਖ ਦੀ ਦੂਰਦੁਰਡੇ ਤੱਕ ਮਾਰ/ਪਹੁੰਚ ਹੈ। ਜੇ ਕੋਈ ਕਸਰ ਸੀ ਤਾਂ ਸੈਟੇਲਾਈਟ ਨੇ ਪੂਰੀ ਕਰ ਦਿੱਤੀ ਹੈ। ਦੁਨੀਆਂ ਦੇ ਜਿਸ ਹਿੱਸੇ ਤੇ ਜਦੋਂ ਮਰਜ਼ੀ ਝਾਤੀ ਮਾਰੋ, ਇਸ ਵਾਸਤੇ ਵੀ ਸੰਭਾਵਨਾਵਾਂ ਮੌਜੂਦ ਹਨ। ਭਾਵੇਂ ਕਿ ਅਜਿਹੀ ਤਕਨੀਕ ਦੀ ਦੁਰਵਰਤੋਂ ਵਾਲੇ ਵੀ ਪਿੱਛੇ ਨਹੀਂ ਰਹਿੰਦੇ। ਕੀ ਕੋਈ ਫੜ ਸਕਦਾ ਹੈ ਉਨ੍ਹਾਂ ਪਲਾਂ ਨੂੰ ਜਦੋਂ ਕੋਲੰਬਸ ਨੇ ਅਮਰੀਕਾ ਲੱਭੀ ਹੋਵੇਗੀ? ਤਾਂ ਰੇਤ ਦੇ ਕਣਾਂ ਵਿਚ ਸੋਨਾ ਦਿਸਣ/ਲੱਭਣ ਵਰਗਾ ਅਚੰਭਾ ਹੀ ਹੋਇਆ ਹੋਣਾ ਉਸਨੂੰ ਤੇ ਉਸਦੇ ਸਾਥੀਆਂ ਨੂੰ। ਉਂਜ ਵੀ ਅਚੰਭੇ ਵਰਗੀਆਂ ਲੱਭਤਾਂ ਖੋਜੀਆਂ ਦੀ ਝੋਲ਼ੀ ਹੀ ਪੈਂਦੀਆਂ ਹਨ, ਕਿਉਂਕਿ ਉਹ ਸਮੇਂ ਨੂੰ ਫੜਨ ਦੀ ਨਿਮਰਤਾ ਭਰੀ ਜਿਦ ਕਦੇ ਨਹੀਂ ਛੱਡਦੇ। ਇਸ ਸਿਰੜ ਭਰੀ ਜਿਦ ਅੱਗੇ ਸਮੇਂ ਨੂੰ ਹਾਰ ਹੀ ਜਾਣ ਪੈਂਦਾ ਹੈ। ਹਾਰ ਨਾ ਵੀ ਕਿਹਾ ਜਾਵੇ ਤਾਂ ਵੀ ਇਹੋ ਮਨੁੱਖ ਦੀਆਂ ਜਿੱਤਾਂ ਦਾ ਜਾਮਨ ਬਣ ਜਾਂਦੀ ਹੈ।

ਛੋਟੀਆਂ, ਵੱਡੀਆਂ ਘਟਨਾਵਾਂ ਆਪਣਾ ਮਹੱਤਵ ਰਖਦੀਆਂ ਹਨ। ਵੱਖੋ-ਵੱਖਰੇ ਗ੍ਰਹਿਆਂ ਦਾ ਸਜਿਆ ਇਹ ਸੰਸਾਰ ਅਤੇ ਮਨੁੱਖ ਵਲੋਂ ਬ੍ਰਹਿਮੰਡ ਤੱਕ ਦੀ ਪਹੁੰਚ, ਇਹ ਸਭ ਮਨੁੱਖ ਦੀ ਸੋਚਣ ਅਤੇ ਸਿਰਜਣ ਸ਼ਕਤੀ ਦਾ ਹੀ ਕਮਾਲ ਆਖਿਆ ਜਾਣਾ ਚਾਹੀਦਾ ਹੈ। ਆਧੁਨਿਕ ਨਵੀਂ ਤਕਨੀਕ ਅਤੇ ਉਸਦੀ ਵਰਤੋਂ ਮਨੁੱਖੀ ਸ਼ਕਤੀ ਨੂੰ ਹੋਰ ਤਾਕਤ ਦੇਣ ਅਤੇ ਬਲ ਬਖਸ਼ਣ ਵਾਲੇ ਸਾਧਨ ਆਖੇ ਜਾ ਸਕਦੇ ਹਨ। ਸ਼ਰਤ ਇੱਥੇ ਇਹ ਵੀ ਹੈ ਕਿ ਤਕਨੀਕ ਸਿਰਜਦੇ ਅਤੇ ਵਰਤਦੇ ਹੱਥ ਭਵਿੱਖ ਵਿਚੋਂ ਮਨੁੱਖ ਨੂੰ ਮਨਫੀ ਕਰਨ ਦਾ ਕੋਝਾ ਯਤਨ ਨਾ ਕਰਦੇ ਹੋਣ। ਮਨੁੱਖ ਵਲੋਂ ਕੱਢੀਆਂ ਕਾਢਾਂ/ਲੱਭਤਾਂ ਲੋਕਾਈ/ਸਮਾਜ ਦੀ ਸੂਝ ਸਮਝ ਨੂੰ ਹੋਰ ਤਿੱਖਿਆਂ ਅਤੇ ਜਿੰਦ ਨੂੰ ਸੌਖਿਆਂ ਕਰਨ ਦਾ ਰਾਹ ਦਸਦੀਆਂ ਹੋਣ। ਨਵੀਂ ਤਕਨੀਕ ਦਾ ਹਾਂਅ ਪੱਖੀ ਵਿਕਾਸ ਸੰਸਾਰ ਨੂੰ ਸੁਖੀ ਅਤੇ ਸੋਹਣਾ ਬਨਾਉਣ ਦਾ ਸਬੱਬ ਬਣ ਜਾਂਦਾ ਹੈ।

ਆਧੁਨਿਕ ਸਮੇਂ ਹਰ ਪਾਸੇ ਦੌੜ ਲੱਗੀ ਹੋਈ ਹੈ। ਤੇਜ-ਤਰਾਰ ਜਹਾਜ਼ਾਂ ਦੀ ਗੱਲ ਤੁਰਦੀ ਹੈ, ਹਜਾਰਾਂ ਮੀਟਰ ਉੱਚੇ ਉਡਦੇ ਜਹਾਜ਼ਾਂ ਦੀ। ਪਾਣੀਆਂ ਦੀ ਡੂੰਘੀ ਥਲੜੀ ਤਹਿ ਤੱਕ ਤੁਰੀਆਂ ਫਿਰਦੀਆਂ ਪਣਡੁਬੀਆਂ ਦੀ। ਅਸਲੋਂ ਤੇਜੀ ਨਾਲ ਸੰਸਾਰ ਨੂੰ ਜੋੜਦੇ ਇਲੈਕਟਰਾਨਕ/ਸੈਟੇਲਾਈਟ ਮੀਡੀਏ ਦੀ ਅਤੇ ਅਜਿਹਾ ਹੀ ਜ਼ਿੰਦਗੀ ਨੂੰ ਹੁਲਾਰੇ ਦੇਣ ਵਾਲਾ ਹੋਰ ਬਹੁਤ ਕੁੱਝ ਹੈ ਜਿਸਦਾ ਜ਼ਿਕਰ ਕੀਤਾ ਜਾ ਸਕਦਾ ਹੈ। ਸਵਾਲ ਫੇਰ ਉੱਠ ਖੜ੍ਹਾ ਹੁੰਦਾ ਹੈ ਕਿ ਭਲਾਂ ਕਿਸਨੇ ਸਿਰਜਿਆ ਇਹ ਸਭ ਕੁੱਝ? ਜਵਾਬ ਸਿਰਫ ਇਕ ਹੀ ਹੈ- ਮਨੁੱਖ ਨੇ, ਮਨੁੱਖ ਦੀ ਸਿਰਜਣ ਸ਼ਕਤੀ ਨੇ। ਚਾਨਣੇ ਮੱਥਿਆਂ ਵਾਲੇ ਕਿਰਤ ਦੇ ਉਪਾਸ਼ਕ ਹੱਥਾਂ ਨੇ। ਇਹ ਕੋਈ ਕਰਾਮਾਤਾਂ ਨਹੀਂ, ਨਾ ਹੀ ਕਿਸੇ ਗੈਬੀ ਤਾਕਤ ਦੇ ਝੁਰਲੂ ਨੇ ਕਿਸੇ ਜਾਦੂ ਵਾਲੇ ਥੈਲੇ ਵਿਚੋਂ ਸਭ ਕੁੱਝ ਕੱਢਿਆ ਹੈ। ਨਾ ਹੀ ਅਜਿਹਾ ਥੈਲਾ ਕਿਧਰੇ ਮਿਲਦਾ ਹੀ ਹੈ। ਇਹ ਤਾਂ ਇਨਸਾਨੀ ਸਿਆਣਪ ਅਤੇ ਮਨੁੱਖੀ ਸ਼ਕਤੀ ਦੁਆਰਾ ਸਹਿਜ ਨਾਲ ਹੋਇਆ ਮਹੱਤਵਪੂਰਨ ਵਿਕਾਸ ਹੈ। ਸੱਚ ਤਾਂ ਇਹ ਹੈ ਕਿ ਵਿਕਾਸ ਲਗਾਤਾਰ ਤੁਰਨ ਵਾਲਾ ਵਰਤਾਰਾ ਹੈ ਇਹ ਕਦੇ ਵੀ ਰੁਕਦਾ ਨਹੀਂ। ਛੋਟੀਆਂ ਪ੍ਰਾਪਤੀਆਂ ਕਰ ਲੈਣ ਤੋਂ ਬਾਅਦ ਮਨੁੱਖ ਅਗਲੀਆਂ ਤੋਂ ਅਗਲੇਰੀਆਂ ਮੰਜ਼ਿਲਾਂ ਸਰ ਕਰਨ ਵਲ ਸਦਾ ਰੁਚਿਤ ਰਹਿੰਦਾ ਹੈ। ਰੁਚਿਤ ਰਹਿਣਾ ਅਤੇ ਇਹਦੇ ਵਾਸਤੇ ਯਤਨਸ਼ੀਲ ਹੋ ਕੇ ਅੱਗੇ ਵਧਦੇ ਜਾਣਾ ਹੀ ਪ੍ਰਾਪਤੀਆਂ ਦੀ ਬੁਨਿਆਦ ਬਣ ਜਾਦਾ ਹੈ। ਹਿੰਮਤ ਹੋਵੇ ਤਾਂ ਮਨੁੱਖ ਕਰ ਕੀ ਨਹੀਂ ਸਕਦਾ?

ਅਸੀਂ ਬਹੁਤ ਵਾਰ ਚਮਤਕਾਰਾਂ / ਕਰਾਮਾਤਾਂ ਦੀ ਗੱਲ ਸੁਣਦੇ ਹਾਂ। ਬਹੁਤ ਸਾਰੇ ਧਾਰਮਕ ਹਲਕਿਆਂ ਵਲੋਂ ਇਹ ਸੁਣਨ ਵਿਚ ਆਉਂਦਾ ਹੈ ਕਿ ਸਾਡੇ ਮਹਾਂਪੁਰਸ਼ਾਂ ਨੇ "ਕਰਮਾਤਾਂ" ਕੀਤੀਆਂ ਹਨ। ਅਤੇ ਸਾਡੇ ਧਾਰਮਕ ਗ੍ਰੰਥਾਂ ਵਿਚ ਸਭ ਕੁੱਝ ਪਹਿਲਾਂ ਹੀ ਦਰਜ਼ ਹੈ। ਪਰ ਇਹ ਸੱਚ ਨਹੀਂ। ਇਹ ਵਿਗਿਆਨ ਨੂੰ ਛੁਟਿਆਣ ਦਾ ਕੋਝਾ ਰਾਹ ਹੈ। ਕਿਸੇ ਵੀ ਧਾਰਮਕ ਗ੍ਰੰਥ ਵਿਚ ਕਿਧਰੇ ਵੀ ਕੋਈ ਫਾਰਮੂਲਾ ਲੱਭਦਾ ਅੱਜ ਤੱਕ ਤਾਂ ਸੁਣਿਆਂ ਨਹੀਂ ਜਿਸ ਦੇ ਆਸਰੇ ਕਿਸੇ ਚੀਜ਼-ਵਸਤ ਨੇ ਆਕਾਰ ਧਾਰ ਕੇ ਅਸਲ ਵਿਚ ਬਦਲਨਾ ਹੁੰਦਾ ਹੈ। ਜਿਹੜਾ ਸੱਚ ਹੈ ਉਹ ਨਜ਼ਰ ਆਉਂਦਾ ਹੈ । ਕਰਾਮਾਤਾਂ ਹੋਈਆਂ ਤਾਂ ਸਿਰਫ ਮਨੁੱਖੀ ਸੂਝ-ਸਮਝ ਨਾਲ ਜਦੋਂ ਬਿਜਲੀ ਦਾ ਬਲਬ ਜਗਿਆ, ਜਦੋਂ ਸੈਟੇਲਾਈਟ ਰਾਹੀਂ ਹਜ਼ਾਰਾਂ ਮੀਲਾਂ ਦੂਰ ਤਸਵੀਰਾਂ/ ਆਵਾਜ਼ਾਂ ਸਾਡੇ ਤੱਕ ਪਹੁੰਚਦੀਆਂ ਹਨ, ਜਦੋਂ ਮਾਈਕਰੋਫੋਨ ਵਿਚ ਬੋਲ ਕੇ ਆਵਾਜ਼ ਦੂਰ ਪਹੁੰਚਾਈ ਜਾਂਦੀ ਹੈ। ਕੰਪਿਊਟਰ ਵਰਗੀਆਂ ਕਾਢਾਂ ਸਾਡੇ ਸਾਹਮਣੇ ਹਨ। ਅੱਜ ਹਰ ਮਨੁੱਖ ਮੋਬਾਇਲ ਰਾਹੀਂ ਦੁਨੀਆਂ ਅਪਣੇ ਹੱਥਾਂ ਵਿਚ ਚੁੱਕੀ ਫਿਰਦੇ ਹਨ। ਕਿੰਨਾ ਕੁੱਝ ਹੋਰ ਹੈ ਜਿਨ੍ਹਾਂ ਨੂੰ ਅਸਲ ਵਿਚ ਨਜ਼ਰ ਆਉਂਦੀਆਂ ਕਰਾਮਾਤਾਂ ਕਿਹਾ ਜਾ ਸਕਦਾ ਹੈ।

'ਚੰਦ ਮਾਮਾ' ਸਮਝੇ ਜਾਂਦੇ ਚੰਦਰਮਾਂ ਉੱਤੇ ਜਦੋਂ ਤਕਨੀਕ ਦੀ ਪੌੜੀ 'ਤੇ ਚੜ੍ਹਕੇ ਨੀਲ ਆਰਮ ਸਟਰਾਂਗ ਅਤੇ ਉਹਦੇ ਸਾਥੀਆਂ ਨੇ ਪੈਰ ਧਰੇ ਸਨ ਤਾਂ ਉਹ ਖੁਸ਼ੀ ਨਾਲ ਹੁੱਬਿਆ ਨਹੀਂ ਸੀ ਸਮਾਉਂਦਾ। ਖੁਸ਼ੀ ਨਾਲ ਝੂਮਦਾ, ਬੱਚਿਆਂ ਵਾਂਗ ਟਪੂਸੀਆਂ ਮਾਰਦਾ ਸਭ ਨੇ ਦੇਖਿਆ ਸੀ, ਜਿਵੇਂ ਭਾਣਜੇ ਦੇ ਵਿਆਹ ਵਿਚ ਖੀਵਾ ਹੋਇਆ ਮਾਮਾ ਨੱਚਦਾ ਹੋਵੇ। ਉਹ ਕਿਹੜੀ ਤੇ ਕਿੰਨੀ ਸੁਹਣੀ ਘੜੀ ਰਹੀ ਹੋਵੇਗੀ ਜਦੋਂ ਮੌਤ ਵਰਗੀਆਂ ਠੰਡੀਆਂ-ਯਖ ਸਥਿਤੀਆਂ ਤੇ ਔਕੜਾਂ ਭਰੇ ਖਤਰਨਾਕ ਰਾਹਾਂ ਨੂੰ ਸਰ (ਜਿੱਤ) ਕਰ ਲੈਣ ਤੋਂ ਬਾਅਦ ਤੇਨ ਸਿੰਘ ਅਤੇ ਹਿਲੇਰੀ ਨੇ ਦੁਨੀਆਂ ਦੀ ਸਭ ਤੋਂ ਉੱਚੀ ਟੀਸੀ ਐਵਰੈਸਟ ਉੱਤੇ ਝੰਡਾ ਗੱਡ ਕੇ ਆਪਣੇ ਸੁਪਨੇ ਨੂੰ ਪੈਰਾਂ ਹੇਠ ਵਿਛਿਆ ਤੱਕਿਆ ਸੀ। ਇਸ ਤਰ੍ਹਾਂ ਦੀ ਪ੍ਰਾਪਤੀ ਭਰੀ ਖੁਸ਼ੀ ਦੇ ਮੁਕਾਮ ਤੱਕ ਪਹੁੰਚਣ ਦਾ ਸਫਰ ਬੜਾ ਲੰਬਾ ਅਤੇ ਮੁਸੀਬਤਾਂ ਭਰਿਆ ਹੁੰਦਾ ਹੈ, ਅਕਾ ਦੇਣ ਵਾਲਾ, ਥਕਾ ਦੇਣ ਵਾਲਾ। ਇਨ੍ਹਾਂ ਰਾਹਾਂ ਦੇ ਰਾਹੀਆਂ ਵਾਸਤੇ ਹਰ ਪਲ ਹੀ ਇਕ ਨਵਾਂ ਇਮਤਿਹਾਨ ਹੁੰਦਾ ਹੈ। ਪਰ ਹਿੰਮਤਾਂ ਵਾਲੇ ਵੀ ਕਦੇ ਹਾਰੇ ਹਨ? ਨਹੀਂ, ਕਦੇ ਵੀ ਨਹੀਂ। ਮਨੁੱਖ ਦਾ ਸਾਹਸ/ਹੌਸਲਾ ਅੱਜ ਤੱਕ ਜਿੱਤਾਂ ਦਾ ਇਤਿਹਾਸ ਬਣਦਾ ਆਇਆ ਹੈ ਤੇ ਲਗਾਤਾਰ ਬਣ ਰਿਹਾ ਹੈ

ਅੱਜ ਦੇ ਵਿਗਿਆਨਕ ਯੁੱਗ ਵਿਚ ਵੀ ਵਸਦੇ ਬਹੁਤ ਸਾਰੇ ਅੱਖਾਂ ਵਾਲੇ ਅੰਨ੍ਹੇ, ਅੰਧਵਿਸ਼ਵਾਸੀ ਕਿਸੇ ਤਰਕ/ਅਧਾਰ ਤੋਂ ਬਿਨਾ ਜਿੱਦੀ ਕਿਸਮ ਦੀ ਹਓਮੈ ਦੇ ਡੰਗੇ ਲੋਕ ਕਿਸੇ ਲੱਭਤ ਦੇ ਹਾਣੀ ਨਹੀਂ ਹੋ ਸਕਦੇ। ਬਹੁਤ ਦੇਰ ਤੋਂ ਰੱਬ ਦਾ ਸੰਕਲਪ ਵਿਵਾਦ ਦਾ ਵਿਸ਼ਾ ਚਲਿਆ ਆ ਰਿਹਾ ਹੈ। ਇਹ ਸੰਕਲਪ ਵੀ ਖੁਦ ਇਨਸਾਨ ਦੀ ਹੀ ਦੇਣ ਹੈ। ਵਿਸ਼ਵਾਸੀ ਇਸ ਸੰਕਲਪ/ਵਿਚਾਰ ਨੂੰ ਸਭ ਕੁੱਝ ਸਮਝਦੇ ਹਨ। ਪਰ ਵਿਗਿਆਨਕ ਸੋਚ ਨੂੰ ਪ੍ਰਣਾਏ ਲੋਕ ਇਸ ਵਿਚਾਰ ਉੱਤੇ ਕਿੰਤੂ ਕਰਦੇ ਹਨ (ਕਿਸੇ ਵੀ ਵਿਚਾਰ/ਵਿਚਾਰਧਾਰਾ ਉੱਤੇ ਕਿੰਤੂ ਕਰਨਾ ਹਰ ਕਿਸੇ ਦਾ ਹੱਕ ਹੈ) । ਹਰ ਕੋਈ ਆਪੋ-ਆਪਣੇ ਤਰਕ ਉੱਤੇ ਡਟਿਆ ਹੋਇਆ ਹੈ। ਇਸ ਸਵਾਲ ਨੂੰ ਵਾਰ ਵਾਰ ਰਿੜਕਿਆ, ਵਿਚਾਰਿਆ ਗਿਆ ਪਰ ਸਵਾਲ ਹੱਲ ਹੋਣ ਦੀ ਥਾਂ ਸਦਾ ਰੇੜਕਾ ਹੀ ਵਧਿਆ। ਵਿਸ਼ਵਾਸੀ ਵੀ ਸਾਰੇ ਇਕ ਮੱਤ ਨਹੀਂ। ਉਨ੍ਹਾਂ ਦੇ ਆਪਣੇ ਹੀ ਧੜਿਆਂ ਤੇ ਵਿਸ਼ਵਾਸਾਂ ਦੇ ਢੰਗ ਤਰੀਕਿਆਂ ਵਿਚ ਅਲਹਿਦਗੀ ਸਦਾ ਹੀ ਜੋਰ ਫੜਦੀ ਰਹੀ ਹੈ। ਇਸ ਵਿਚਾਰ ਦਾ ਸਹੀ ਫੈਸਲਾ ਸ਼ਾਇਦ ਕਦੇ ਵੀ ਨਾ ਹੋ ਸਕੇ। ਇਹ ਨੁਕਤਾ ਸਦਾ ਹੀ ਵਿਰੋਧ ਦੀ ਚਰਚਾ (ਜਾਂ ਚੁੰਝ ਚਰਚਾ) ਦਾ ਵਿਸ਼ਾ ਬਣਿਆ ਰਹੇਗਾ।

ਇਕ ਗੱਲ ਵਿਚਾਰਨ ਦੀ ਹੈ ਕਿ ਹਰ ਵਿਅਕਤੀ ਨੂੰ ਆਪਣੇ ਵਿਚਾਰਾਂ ਉੱਤੇ ਪਹਿਰਾ ਦੇਣ ਦਾ ਹੱਕ ਹੈ, ਪਰ ਜਿਸ ਨੁਕਤੇ ਦਾ ਨਿਤਾਰਾ ਹੋ ਹੀ ਨਹੀਂ ਸਕਣਾ ਉਸ ਬਾਰੇ ਇੰਨੀ ਜ਼ਿਆਦਾ ਬੇ-ਅਰਥੀ ਬਹਿਸ ਦੀ ਕੀ ਲੋੜ? ਕੀਮਤੀ ਸਮੇਂ ਨੂੰ ਅਜਾਈਂ ਗਵਾਉਣ ਦਾ ਕੀ ਲਾਭ? ਇਹ ਤਾਂ ਮਨ ਮੰਨੇ ਦਾ ਮੇਲਾ ਹੈ । ਜਿਸਨੂੰ ਪੁੱਗਦਾ ਹੈ ਉਹ ਵੀ ਠੀਕ, ਜਿਸਨੂੰ ਨਹੀਂ ਪੁੱਗਦਾ ਉਸਦੀ ਵੀ ਕਦਰ ਕਰਨੀ ਚਾਹੀਦੀ ਹੈ। ਕਿਸੇ ਵੀ ਵਿਰੋਧ ਦੇ ਨੁਕਤੇ ਨੂੰ ਲੈ ਕੇ ਬੇ-ਮਤਲਬੀ ਕੁੜੱਤਣ ਪੈਦਾ ਕਰਨੀ ਤਾਂ ਸਿਰਫ ਮੂਰਖਾਂ ਦਾ ਕੰਮ ਹੀ ਹੋ ਸਕਦਾ ਹੈ। ਫੇਰ ਮੂਰਖਾਂ ਦੇ ਮਗਰ ਕਿਉਂ ਲੱਗਿਆ ਜਾਵੇ?

ਕੋਈ ਵੀ ਸਿਆਣਾ ਇਨਸਾਨ ਕਿਸੇ ਦੂਸਰੇ ਦੀ ਨਿਰਾਦਰੀ ਨਹੀਂ ਕਰ ਸਕਦਾ। ਕਿਸੇ ਦੂਸਰੇ ਨੂੰ ਬੁਰਾ-ਭਲਾ ਕਹਿਣ ਵਾਲੇ ਦਰਅਸਲ ਆਪਣਾ ਹੀ ਨਿਰਾਦਰ ਕਰ ਰਹੇ ਹੁੰਦੇ ਹਨ। ਕਿਉਂਕਿ ਜਿਸ ਕਿਸੇ ਨੂੰ ਵੀ ਉਹ ਬੇਇਜੱਤ ਕਰਨ ਦੇ ਯਤਨ ਵਜੋਂ ਜਿਹੜੇ ਭੈੜੇ ਬੋਲਾਂ/ਸ਼ਬਦਾਂ ਦਾ ਪ੍ਰਯੋਗ ਕਰਦੇ ਹਨ ਦੂਸਰਾ ਉਸ ਨੂੰ ਕਬੂਲ ਹੀ ਨਹੀਂ ਕਰਦਾ। ਇਸ ਤਰ੍ਹਾਂ ਨਿਰਾਦਰੀ ਲਈ ਵਰਤਿਆ ਹਰ ਹੀਲਾ ਉਨ੍ਹਾਂ ਦੇ ਆਪਣੇ ਪੱਲੇ ਵਿਚ ਹੀ ਰਹਿ ਜਾਂਦਾ ਹੈ, ਕਿਸੇ ਦੂਸਰੇ ਤੱਕ ਪਹੁੰਚਦਾ ਹੀ ਨਹੀਂ। ਜਿਸ ਦੇ ਸਿੱਟੇ ਵਜੋਂ ਉਨ੍ਹਾਂ ਨੂੰ ਸਿਰਫ ਹੀਣਤਾ ਹੀ ਪ੍ਰਾਪਤ ਹੁੰਦੀ ਹੈ। ਕੀ ਹੀਣਤਾ ਵੀ ਕਿਸੇ ਦਾ ਸਰਮਾਇਆ ਹੋ ਸਕਦੀ ਹੈ? ਹਰ ਹੀਲੇ ਇਸ ਰਾਹ ਤੋਂ ਬਚਿਆ ਜਾਣਾ ਚਾਹੀਦਾ ਹੈ।

ਛੋਟੀਆਂ ਵਸਤਾਂ, ਛੋਟੇ ਕਾਰਜ ਦਰਅਸਲ ਕਦੇ ਵੀ ਛੋਟੇ ਨਹੀਂ ਹੁੰਦੇ। ਸ਼ਰਤ ਸਿਰਫ ਇਹ ਹੈ ਕਿ ਇਨ੍ਹਾਂ ਨੂੰ ਜਾਣ-ਬੁੱਝ ਕੇ ਛੋਟਾ ਨਾ ਕੀਤਾ ਜਾਵੇ। ਇਕ ਛੋਟੀ ਜਹੀ ਗਿਟਕ (ਬੀਜ) ਤੋਂ ਦਰੱਖਤ ਉੱਗਦਾ ਹੈ, ਇਕ ਕਰੂੰਬਲ ਦੀ ਸ਼ਕਲ ਵਿਚ। ਰੌਸ਼ਨੀ, ਧੁੱਪ, ਗਰਮੀ, ਸਰਦੀ, ਮੀਂਹ, 'ਨੇਰ੍ਹੀ ਨਾਲ ਤੁਰਦਿਆਂ ਕੱਦ ਫੜਨ ਲਗਦਾ ਹੈ। ਨਿੱਤ ਦਿਹਾੜੇ ਵਧਣ ਦੇ ਰਾਹੇ ਪੈਂਦਾ ਹੈ। ਉਹ ਹੀ ਮਾਮੂਲੀ ਜਹੀ ਕਰੂੰਬਲ ਮਜ਼ਬੂਤ ਤਣਾ ਬਣਨ ਲਗਦੀ ਹੈ। ਵਿਚੋਂ ਟਾਹਣੀਆਂ ਨਿਕਲਦੀਆਂ ਹਨ ਅਤੇ ਉਹ ਵੀ ਵੱਡੇ ਟਾਹਣੇ ਬਣ ਜਾਂਦੀਆਂ ਹਨ, ਉਨ੍ਹਾਂ ਵਿਚੋਂ ਨਵੀਆਂ ਕਰੂੰਬਲਾਂ। ਫੇਰ ਟਾਹਣੀਆਂ..... ਆਦਿ।

ਇਹ ਵਾਰ ਵਾਰ ਦੁਹਰਾਇਆ ਜਾਣ ਵਾਲਾ ਕਰਮ ਹੈ। ਉਹ ਛੋਟਾ ਜਿਹਾ ਬੀਜ ਭਾਵ ਗਿਟਕ, ਲੰਬੀਆਂ ਜੜ੍ਹਾਂ ਬਣ ਫੈਲਣ ਲਗਦਾ ਹੈ, ਉਸ ਵੱਡੇ ਦਰੱਖਤ ਦੀ ਮਜਬੂਤੀ ਬਣਦਾ ਹੈ। ਇਵੇਂ ਹੀ ਫਸਲਾਂ ਦਾ ਗੇੜ ਦੇਖਿਆ ਜਾ ਸਕਦਾ ਹੈ, ਕਿਸਾਨ ਕਿੰਨਾ ਕੁ ਬੀਜ ਧਰਤੀ ਵਿਚ ਪਾਉਂਦਾ ਹੈ- ਫਸਲ ਦੇ ਪੱਕਣ ਤੋਂ ਬਾਅਦ ਸੈਂਕੜੇ ਗੁਣਾਂ ਘਰ ਲੈ ਆਉਂਦਾ ਹੈ।

ਜਿਹੜਾ ਵੀ ਨਿੱਕੀਆਂ/ਛੋਟੀਆਂ ਚੀਜ਼ਾਂ ਦੀ ਕਦਰ ਕਰਨੀ ਸਿੱਖ ਜਾਵੇ, ਉਨ੍ਹਾਂ ਦਾ ਮਹੱਤਵ ਸਮਝ ਜਾਵੇ ਉਸਨੂੰ ਕਦੇ ਵੀ, ਕਿਧਰੇ ਵੀ ਯਥਾਰਥ ਵਿਹੂਣੇ ਖੋਖ਼ਲੇ ਦਾਅਵੇ ਕਰਨ ਦੀ ਲੋੜ ਨਹੀਂ ਪੈਂਦੀ, ਅਤੇ ਨਾ ਹੀ ਬੇਸ਼ਰਮੀ ਦੇ ਮੰਚ 'ਤੇ ਖੜ੍ਹਕੇ ਝੂਠ, ਫਰੇਬ ਤੇ ਮੱਕਾਰੀ ਦੇ ਵੱਡੇ ਵੱਡੇ ਫੋਕੇ ਦਾਇਰੇ ਵਾਹੁਣ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ। ਕਿਉਂਕਿ ਉਹ ਤਾਂ ਸੱਚ ਦੇ ਨੁਕਤੇ ਦਾ ਖੋਜੀ ਹੁੰਦਾ ਹੈ, ਉਸਦੇ ਪਸਾਰ ਵਾਸਤੇ ਯਤਨਸ਼ੀਲ ਰਹਿੰਦਾ ਹੈ। ਛੋਟੇ ਛੋਟੇ ਨੁਕਤਿਆਂ ਦਾ ਪਸਾਰ ਹੀ ਉਸਦੀ ਜ਼ਿੰਦਗੀ ਹੋ ਜਾਂਦੀ ਹੈ।

ਫੇਰ ਤੁਰਦੇ ਰਹਿਣਾ ਹੀ ਉਸਦਾ ਸੱਚਾ-ਸੁੱਚਾ ਕਰਮ ਹੋ ਨਿੱਬੜਦਾ ਹੈ। ਮੰਜਿਲ ਤੇ ਪਹੁੰਚਣ ਵਾਸਤੇ ਤੁਰਦੇ ਰਹਿਣਾ ਬਹੁਤ ਜਰੂਰੀ ਹੈ – ਜਿੱਤ ਦਾ ਰਾਜ਼ ਇੱਥੇ ਹੀ ਛੁਪਿਆ ਹੋਇਆ ਹੈ। ਛੋਟੇ ਜਹੇ ਨੁਕਤੇ ਨੂੰ ਸਮਝਣ ਨਾਲ ਹੀ ਅਸੀਂ ਇਸ ਜਗਤ ਵਿਚ ਵਾਪਰ ਰਹੇ ਹਰ ਵਰਤਾਰੇ ਨੂੰ ਸਮਝ ਸਕਦੇ ਹਾਂ।

# ਮਿਹਨਤੀ ਅਤੇ ਦ੍ਰਿੜ੍ਹ ਇਰਾਦੇ ਵਾਲੇ ਚੀਫ਼ ਮਨੇਜਰ ਸ੍ਰੀ ਰਮੇਸ਼ ਇੰਦਰ ਸ਼ਰਮਾ (ਡਾ.)



ਮੇਜਰ ਸਿੰਘ ਨਾਭਾ
91-94635-53962

ਪਿੰਡ ਦੇ ਸਰਕਾਰੀ ਸਕੂਲ ਤੋਂ ਪੜ੍ਹ ਕੇ ਬੈਂਕਿੰਗ ਸੇਵਾਵਾਂ 'ਚ ਪ੍ਰਵੇਸ਼ ਕਰਕੇ ਪਹਿਲੇ ਸਖਸ਼ ਨੇ ਸ਼੍ਰੀ ਰਮੇਸ਼ ਇੰਦਰ ਸ਼ਰਮਾ ਜੋ ਕਿ ਵਧੀਆ ਕਾਰਗੁਜ਼ਾਰੀ ਕਰਕੇ ਅਪਣੇ ਜਿਲ੍ਹੇ 'ਚ ਹੀ ਤਰੱਕੀ ਲੈ ਕੇ ਪੰਜਾਬ ਨੈਸ਼ਨਲ ਬੈਂਕ ਪਟਿਆਲਾ ਵਿੱਚ ਬਤੌਰ ਚੀਫ਼ ਮਨੈਜਰ ਸਫਲਤਾ ਪੂਰਵਕ ਬੇਦਾਗ ਸੇਵਾ ਨਿਭਾ ਕੇ ਫਰਵਰੀ 2016 ਵਿੱਚ ਸੇਵਾ-ਮੁਕਤ ਹੋਏ।ਆਪ ਨੇ ਆਪਣਾ ਕੈਰੀਅਰ ਬਤੌਰ ਬੈਂਕ ਕਲਰਕ ਸ਼੍ਰੀ ਅੰਮ੍ਰਿਤਸਰ ਨੇੜੇ ਦਰਬਾਰ ਸਾਹਿਬ, ਕਟੜਾ ਆਹਲੂਵਾਲੀਆ ਬਰਾਂਚ ਵਿੱਚ 1980 ਨੂੰ ਹਾਜ਼ਰ ਹੋ ਕੇ ਆਰੰਭ ਕੀਤਾ। ਮਿਹਨਤੀ ਅਤੇ ਸਿਰੜੀ ਸੁਭਾਅ ਦੇ ਸ਼੍ਰੀ ਰਮੇਸ਼ ਇੰਦਰ ਸ਼ਰਮਾ ਦਾ ਜਨਮ 13 ਫਰਵਰੀ 1956 ਨੂੰ ਪਿੰਡ ਦੰਦਰਾਲਾ ਢੀਂਡਸਾ (ਪਟਿਆਲਾ) ਵਿਖੇ ਮਾਤਾ ਸ਼੍ਰੀਮਤੀ ਜਸਵੰਤੀ ਦੇਵੀ ਦੀ ਕੁੱਖੋਂ ਪਿਤਾ ਸ਼੍ਰੀ ਮਾਘੀ ਰਾਮ ਦੇ ਘਰ ਹੋਇਆ। ਆਪ ਆਪਣੇ ਤਿੰਨ ਭਰਾਵਾਂ ਤੋਂ ਛੋਟੇ ਅਤੇ ਭੈਣ ਤੋਂ ਵੱਡੇ ਹਨ। ਆਪ ਦੇ ਪਿਤਾ ਜੀ ਇਲਾਕੇ ਦੀ ਜਾਣੀ ਪਹਿਚਾਣੀ ਅਤੇ ਪਿੰਡ ਦੀ ਰੋਹਬਦਾਰ ਸਤਿਕਾਰਿਤ ਸਖਸ਼ੀਅਤ ਸਨ। ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਹਮੇਸ਼ਾਂ ਸੱਚਾਈ ਦੇ ਮਾਰਗ ਤੇ ਚਲਣ ਲਈ ਚੰਗੇ ਸੰਸਕਾਰ ਦਿੱਤੇ। ਆਪ ਨੇ ਅੱਠਵੀਂ ਤੱਕ ਦੀ ਪੜ੍ਹਾਈ ਪਿੰਡ ਦੇ ਸਕੂ਼ਲ ਅਤੇ ਦਸਵੀਂ ਤੱਕ ਦੀ ਪੜ੍ਹਾਈ ਸ.ਹ.ਸ. ਚੌਂਦਾ (ਸੰਗਰੂਰ) ਤੋਂ ਪ੍ਰਾਪਤ ਕੀਤੀ। ਬੀ.ਏ. ਅਤੇ ਐਮ.ਏ.(ਅੰਗਰੇਜ਼ੀ) ਸਰਕਾਰੀ ਰਿਪੁਦਮਨ ਕਾਲਜ ਨਾਭਾ ਤੋਂ ਕੀਤੀ। ਆਪਨੇ ਨੌਕਰੀ ਦੀ ਭਾਲ ਦੇ ਨਾਲ ਨਾਲ ਆਰਥਿਕ ਲੋੜਾਂ ਨੂੰ ਪੂਰਾ ਕਰਨ ਲਈ ਟਿਊਸ਼ਨ ਕਰਨੀ ਸ਼ੁਰੂ ਕਰ ਦਿੱਤੀ। ਆਪ ਨੇ ਆਪਣੇ ਇੱਕ ਸਾਥੀ ਨਾਲ ਮਿਲ ਕੇ 'ਪੀ.ਆਰ. ਕੋਚਿੰਗ ਸੈਂਟਰ' ਨਾਭਾ ਵਿਖੇ ਖੋਲ੍ਹ ਲਿਆ। ਆਪ ਆਪਣੇ ਤਿੰਨ ਭਰਾਵਾਂ ਤੋਂ ਛੋਟੇ ਅਤੇ ਭੈਣ ਤੋਂ ਵੱਡੇ ਹਨ।ਘਰ ਦੇ ਮਾਹੌਲ ਕਰਕੇ ਆਪ ਮਿਹਨਤੀ ਸੁਭਾਅ ਵਾਲੇ ਹੋਣ ਕਰਕੇ ਆਪ ਨੇ ਦੋ ਵਾਰ 1980 ਅਤੇ 1984 ਵਿੱਚ ਪੀ.ਸੀ.ਐਸ. ਦੀ ਪ੍ਰੀਖਿਆ ਪਾਸ ਤਾਂ ਕੀਤੀ ਪਰ ਸਿਲੈਕਟ ਨਾ ਹੋ ਸਕੇ। ਆਪ ਦਾ ਵਿਆਹ 1984 ਵਿੱਚ ਸ਼੍ਰੀਮਤੀ ਸੁਨੀਤਾ ਰਾਣੀ ਨਾਲ ਹੋਇਆ ਜੋ






ਕਿ ਸਿੱਖਿਆ ਵਿਭਾਗ ਵਿੱਚ ਬਤੌਰ ਲੈਕਚਰਾਰ (ਹਿਸਟਰੀ) ਸੇਵਾ-ਮੁਕਤ ਹੋ ਚੁੱਕੇ ਹਨ। ਆਪ ਦੀ 1985 ਵਿੱਚ ਬਤੌਰ ਬੈਂਕ ਆਫ਼ਿਸਰ ਤਰੱਕੀ ਹੋ ਗਈ ਅਤੇ 1997 ਵਿੱਚ ਆਡਿਟ ਸੈਕਸ਼ਨ ਵਿੱਚ ਬਤੌਰ ਬੈਂਕ ਆਡਿਟ ਇੰਸਪੈਕਟਰ ਤਰੱਕੀ ਪ੍ਰਾਪਤ ਕੀਤੀ। ਬਰਾਂਚ ਮਨੈਜਰ ਵਜੋਂ ਸੇਵਾ ਨਿਭਾਉਂਦੇ ਹੋਏ ਆਪ ਦੀਆਂ ਵਧੀਆਂ ਸੇਵਾਵਾਂ ਨੂੰ ਦੇਖਦੇ ਹੋਏ ਅਨੇਕਾਂ ਵਾਰ ਆਪ ਨੂੰ ਸਨਮਾਨਿਤ ਕੀਤਾ ਗਿਆ। ਇਸ ਲਈ ਆਪ ਨੂੰ ਗੁਜਰਾਤ ਅਤੇ ਮਹਾਰਾਸਟਰ ਰਾਜ ਛੱਡ ਕੇ ਸਾਰੇ ਭਾਰਤ ਦੇ ਰਾਜਾਂ ਅਤੇ ਪੋਰਟ ਬਲੇਅਰ ਦੀਆਂ ਪੰਜਾਬ ਨੈਸ਼ਨਲ ਬੈਂਕ ਦੀਆਂ ਬਰਾਂਚਾਂ 'ਚ ਆਡਿਟ ਕਰਨ ਲਈ ਪਰਿਵਾਰ ਨੂੰ ਇੱਕਲੇ ਪਟਿਆਲੇ ਛੱਡ ਕੇ ਜਾਣਾ ਪਿਆ ਜਿਥੋਂ ਆਪ ਨੇ ਜ਼ਿੰਦਗੀ ਦੇ ਸਫਰ ਨੂੰ ਸੁਹਾਵਣਾ ਬਣਾਉਣ ਲਈ ਬਹੁਤ ਕੁਝ ਸਿੱਖਿਆ। ਆਪ ਦੀ ਜੋਤਿਸ਼ ਵਿਦਿਆ ਵਿੱਚ ਸ਼ੁਰੂ ਤੋਂ ਰੁਚੀ ਹੋਣ ਕਰਕੇ ਪਟਿਆਲੇ ਵਿਖੇ ਬੈਂਕ ਸੇਵਾ ਨਿਭਾਉਂਦੇ ਸਮੇਂ ਆਪ ਐਤਵਾਰ ਨੂੰ ਜੋਤਿਸ਼ ਵਿਦਿਆ ਸਿੱਖਣ ਲਈ ਕਲਾਸਾਂ ਲਾਉਂਦੇ ਰਹੇ ਅਤੇ 'ਇੰਡੀਅਨ ਕੌਂਸਲ ਆਫ ਅਸਟਰੋਲੋਜੀ' ਮਦਰਾਸ ਤੋਂ ਪਵੀਨ ਅਤੇ ਵਿਸ਼ਾਰਦ ਪਾਸ ਕਰਕੇ ਜੋਤਿਸ਼ ਆਨ ਪਰੋਗਨੀ ਵਿੱਚ ਪੀ.ਐਚ. ਡੀ. ਕਰਕੇ ਗੋਲਡ ਮੈਡਲ ਪ੍ਰਾਪਤ ਕੀਤਾ।ਹੁਣ ਆਪ ਐਤਵਾਰ ਨੂੰ ਪਟਿਆਲਾ ਵਿਖੇ ਆਈ.ਸੀ.ਏ.ਐਸ. ਵਲੋਂ ਸ਼ੁਰੂ ਕੀਤੀਆਂ ਜੋਤਿਸ਼ ਵਿਦਿਆ ਦੀਆਂ ਕਲਾਸਾਂ ਵੀ ਪੜ੍ਹਾਉਂਦੇ ਹਨ। ਆਪ 'ਐਸਟਰੋ ਕਲੱਬ ਪਟਿਆਲਾ' ਦੇ ਜਨਰਲ ਸਕੱਤਰ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾ ਰਹੇ ਹਨ। 'ਰਿਟਾਇਰਡ ਆਫ਼ੀਸਰ ਐਸ਼ੋਸੀਏਸ਼ਨ ਆਫ ਪੀ.ਐਨ.ਬੀ. ਬੈਂਕ ਇੰਪਲਾਈਜ਼' ਪਟਿਆਲਾ ਦੇ ਪ੍ਰੈਜ਼ੀਡੈਂਟ ਹੋਣਾ ਆਪ ਲਈ ਮਾਣ ਵਾਲੀ ਗੱਲ ਹੈ। ਆਪ ਧਾਰਮਿਕ ਭਲਾਈ ਦੇ ਕੰਮਾਂ ਵਿੱਚ ਵੀ ਯੋਗਦਾਨ ਪਾਉਂਦੇ ਰਹਿੰਦੇ ਹਨ। ਅਰਬਨ ਅਸਟੇਟ ਪਟਿਆਲਾ ਦੇ 'ਰਾਧਾ ਕ੍ਰਿਸ਼ਨਨ ਮੰਦਰ ਕਮੇਟੀ 'ਦੇ ਐਗਜ਼ੇਕਟਿਵ ਮੈਂਬਰ ਦੇ ਤੌਰ ਤੇ ਸੇਵਾਵਾਂ ਨਿਭਾ ਰਹੇ ਹਨ। ਆਪ ਅਤੇ ਸੁਪਤਨੀ ਸ਼੍ਰੀਮਤੀ ਸੁਨੀਤਾ ਰਾਣੀ ਨੇ ਸੇਵਾ-ਮੁਕਤੀ ਤੋਂ ਬਾਅਦ 12 ਜੋਤੀਲਿੰਗ ਅਤੇ ਚਾਰ ਧਾਮ ਦੀ ਯਾਤਰਾ ਕਰਕੇ ਆਪਣੇ ਮਨ ਦੀ ਭਾਵਨਾ ਪੂਰੀ ਕਰ ਲਈ ਹੈ।ਆਪ ਨੂੰ ਸਾਹਿਤ ਨਾਲ ਵੀ ਮੋਹ ਹੈ।ਆਪ ਦੀਆਂ ਕਵਿਤਾਵਾ ਅੰਤਰ-ਰਾਸ਼ਟਰੀ ਅਖਬਾਰਾਂ ਵਿੱਚ ਛੱਪ ਚੁੱਕੀਆਂ ਹਨ।ਆਪ ਨੇ ਕਹਾਣੀ ਲਿਖਣੀ ਵੀ ਸ਼ੁਰੂ ਕੀਤੀ ਹੈ। ਆਪਦੀ ਲੇਖਣੀ ਦਾ ਵਿਸ਼ਾ ਆਮ ਤੌਰ ਤੇ ਸ਼ਮਾਜਿਕ ਕੁਰੀਤੀਆਂ ਤੋਂ ਜਾਗਰੂਕ ਕਰਾਉਣਾ ਹੁੰਦਾ ਹੈ। ਆਪ ਨੇ ਆਪਣੀ ਪਤਨੀ ਨਾਲ ਕਈ ਦੇਸ਼ਾਂ ਦੀ ਯਾਤਰਾ ਕੀਤੀ ਹੈ ਜਿਸ ਦੇ ਅਨੁਭਵਾਂ ਨੂੰ ਆਪ ਕਲਮਬੰਦ ਕਰ ਰਹੇ ਹਨ। ਆਪ ਨੇ ਸਮਾਜ ਸੇਵੀ ਭਾਵਨਾ ਸਦਕਾ ਬੈਂਕਿੰਗ ਐਸ਼ੋਸੀਏਸ਼ਨ ਦੇ ਪ੍ਰਧਾਨ ਵਜੋਂ ਸਾਥੀ ਮੈਂਬਰਾਂ ਦੇ ਸਹਿਯੋਗ ਨਾਲ ਇੱਕ ਵਿੰਗ ਬਣਾਇਆ ਹੈ ਜੋ ਕਿਸੇ ਵੀ ਮੈਂਬਰ ਦੇ ਐਮਰਜੈਂਸੀ ਇਲਾਜ਼ ਲਈ ਤੁਰੰਤ ਸ਼ਹਿਰ ਦੇ ਮੰਨੇ-ਪ੍ਰਮੰਨੇ ਹਸਪਤਾਲ ਪਹੁੰਚਾਉਣ ਅਤੇ ਸਾਰੇ ਖਰਚੇ ਦਾ ਪ੍ਰਬੰਧ ਕਰੇਗਾ। ਆਪ ਦੇ ਦੋਵੇਂ ਬੇਟੇ ਵਿਦੇਸ਼ਾਂ ਵਿੱਚ ਸੈਟਲ ਹੋ ਚੁੱਕੇ ਹਨ। ਆਪ ਆਪਣੇ ਘਰ ਵਿਖੇ ਹੀ 'ਅਸਟਰੋ ਵੰਡਰ ਸੈਂਟਰ ਪਟਿਆਲਾ' ਦੇ ਨਾਂ ਹੇਠ ਜੋਤਿਸ਼ ਵਿਦਿਆ ਦੀ ਪ੍ਰੈਕਟਿਸ ਕਰ ਰਹੇ ਹਨ। ਆਪ ਆਪਣੇ ਦੋਸਤਾਂ ਅਤੇ ਸਾਥੀ ਬੈਂਕ ਕਰਮਚਾਰੀਆਂ ਲਈ ਇਹ ਸੇਵਾ ਮੁਫ਼ਤ ਦਿੰਦੇ ਹਨ।ਜੇਕਰ ਕੋਈ ਮਰਜ਼ੀ ਨਾਲ ਕੁਝ ਦੇਣਾ ਚਾਹੁੰਦਾ ਹੈ ਤਾਂ ਉਹ ਗਊ ਭਲਾਈ ਲਈ ਰੱਖੀ ਸੇਵਾ ਵਿੱਚ ਦਾਨ ਦੇ ਸਕਦਾ ਹੈ। ਪ੍ਰਮਾਤਮਾ ਹਮੇਸ਼ਾਂ ਉਨ੍ਹਾਂ ਨੂੰ ਚੜ੍ਹਦੀਕਲਾ ਬਖਸ਼ੇ।

# ਚਿਰਾਗ਼ ਬੁਝਾਉਣੇ ਠੀਕ ਨਹੀਂ

ਅੰਗ-ਸੰਗ



ਸ਼ਾਮ ਸਿੰਘ
98141-13338

ਬ੍ਰਹਿਮੰਡ ਵਿੱਚ ਅਣਗਿਣਤ ਚਿਰਾਗ਼ ਹਨ, ਜਿਨ੍ਹਾਂ ਕਾਰਨ ਜਗਤ ਰੁਸ਼ਨਾਇਆ ਵੀ ਹੋਇਆ ਹੈ ਅਤੇ ਕਲਾ ਪੂਰਨ ਵੀ ਜਾਪ ਰਿਹਾ ਹੈ। ਅਜਿਹਾ ਹੋਣ ਨਾਲ ਹੀ ਕਲਾਤਮਿਕਤਾ ਦਾ ਜਲਵਾ ਹੈ, ਨਹੀਂ ਤਾਂ ਸਭ ਕੁਝ ਅਧੂਰਾ-ਅਧੂਰਾ ਲੱਗਦਾ। ਹਨੇਰੇ ਕਾਰਨ ਕੁਝ ਨਾ ਦਿੱਸਦਾ ਅਤੇ ਜੀਵ ਇੱਕ ਦੂਜੇ ਵਿੱਚ ਵੱਜਦੇ ਫਿਰਦੇ।

ਸੂਰਜ, ਚੰਦ ਅਤੇ ਤਾਰੇ ਅੰਬਰ ਦੇ ਚਿਰਾਗ਼ ਹਨ, ਜਿਨ੍ਹਾਂ ਬਿਨਾਂ ਧਰਤੀ ਉੱਤੇ ਜਾਨ ਨਾ ਪੈਂਦੀ। ਸਾਰੇ ਦੇ ਸਾਰੇ ਆਪਣੀਆਂ ਕਿਰਨਾਂ ਨਾਲ ਸਾਂਝ ਵੀ ਪਾਈ ਰੱਖਦੇ ਹਨ, ਜਿਨ੍ਹਾਂ ਦੀ ਜਗਮਗਾਉਂਦੀ ਹੋਂਦ ਗ਼ੈਰ-ਹਾਜ਼ਰ ਨਹੀਂ ਹੁੰਦੀ। ਸਮੇਂ ਦੀ ਤਰਤੀਬ ਮੁਤਾਬਕ ਆਉਂਦੇ ਵੀ ਹਨ, ਜਾਂਦੇ ਵੀ।

ਇਹ ਕੁਦਰਤੀ ਚਿਰਾਗ਼ ਵਕਤ ਦੀ ਚਾਲ ਅਨੁਸਾਰ ਆਪਣੀ ਭੂਮਿਕਾ ਨਿਭਾਉਣੀ ਕਦੇ ਵੀ ਨਹੀਂ ਭੁੱਲਦੇ। ਅਜਿਹਾ ਵਰਤਾਰਾ ਸਦੀਆਂ ਤੋਂ ਚੱਲਦਾ ਆ ਰਿਹਾ ਹੈ ਅਤੇ ਸਦੀਆਂ-ਸਦੀਆਂ ਤੱਕ ਚੱਲਦਾ ਰਹੇਗਾ। ਦੇਖਣ-ਸਮਝਣ ਵਿੱਚ ਅਜਿਹਾ ਸਭ ਕੁਝ ਸਧਾਰਨ ਜਿਹਾ ਵੀ ਜਾਪਦਾ ਹੈ ਅਤੇ ਵਚਿੱਤਰ ਵੀ।

ਪਹਾੜ, ਜੰਗਲ, ਨਦੀਆਂ-ਨਾਲੇ ਕਿਸੇ ਨਾ ਕਿਸੇ ਰੂਪ ਵਿੱਚ ਧਰਤੀ ਦੇ ਚਿਰਾਗ਼ ਹਨ, ਜੋ ਮਨੁੱਖਾਂ ਅਤੇ ਹੋਰ ਜੀਵਾਂ ਵਿੱਚ ਜੀਵਨ ਦੀ ਜੋਤ ਜਗਾਈ ਰੱਖਦੇ ਹਨ ਅਤੇ ਖ਼ੂਬਸੂਰਤੀ ਦੀ ਲੀਲਾ ਵੀ। ਇਨ੍ਹਾਂ ਦੀ ਮੌਜੂਦਗੀ ਧਰਤੀ ਉੱਤੇ ਵੰਨ-ਸੁਵੰਨਤਾ ਵੀ ਪੈਦਾ ਕਰਦੀ ਹੈ ਅਤੇ ਗਹਿਣਿਆਂ ਵਰਗੀ ਸ਼ਾਨ ਵੀ।

ਇਨ੍ਹਾਂ ਜਗਦੇ ਚਿਰਾਗ਼ਾਂ ਤੋਂ ਸਿੱਖ-ਸਿਖਾ ਕੇ ਧਰਤੀ 'ਤੇ ਚਿਰਾਗ਼ ਪੈਦਾ ਕੀਤੇ ਹਨ, ਜਿਨ੍ਹਾਂ ਬਿਨਾਂ ਚੇਤਨਾ ਅਤੇ ਵਿਕਾਸ ਬਾਰੇ ਸੋਚਿਆ ਨਹੀਂ ਜਾ ਸਕਦਾ। ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਉਹ ਚਿਰਾਗ਼ ਹਨ, ਜਿਹੜੇ ਮਨੁੱਖ ਅੰਦਰ ਅਕਲ ਦੀ ਚਿਣਗ ਜਗਾਉਂਦੇ ਹੋਏ ਅਜਿਹੇ ਬੌਧਿਕ ਹੁਸਨ ਦੀ ਸਿਰਜਣਾ ਕਰਦੇ ਹਨ, ਜੋ ਨਾ ਦਫ਼ਤਰ ਦੇ ਸਕਦੇ ਹਨ ਅਤੇ ਨਾ ਹਸਪਤਾਲ।

ਇਹ ਅਜਿਹੇ ਚਿਰਾਗ਼ ਹਨ, ਜਿਨ੍ਹਾਂ ਦੇ ਬਗ਼ੈਰ ਰਾਹ ਨਹੀਂ ਮਿਲਦੇ ਅਤੇ ਅੱਗੇ ਨਹੀਂ ਵਧਿਆ ਜਾ ਸਕਦਾ। ਇਸ ਲਈ ਜ਼ਰੂਰੀ ਹੈ ਕਿ ਇਨ੍ਹਾਂ ਵੱਲ ਸੁਹਿਰਦਤਾ ਨਾਲ ਧਿਆਨ ਦਿੱਤਾ ਜਾਵੇ, ਤਾਂ ਕਿ ਜਗਤ ਵਿੱਚ ਹਰ ਪਲ ਬੌਧਿਕਤਾ ਦੀ ਰੋਸ਼ਨੀ ਵਧਦੀ ਰਹੇ।

ਇਨ੍ਹਾਂ ਚਿਰਾਗ਼ਾਂ ਨੂੰ ਅੱਖੋਂ ਓਹਲੇ ਕਰਨ ਦਾ ਅਰਥ ਹੈ ਕਿ ਜਗਤ ਨੂੰ ਹਨੇਰੇ ਦੀ ਬੁੱਕਲ ਦੇ ਹਵਾਲੇ ਕਰ ਦਿਓ, ਤਾਂ ਕਿ ਆਲੇ-ਦੁਆਲੇ ਦੀ ਸਾਰ ਹੀ ਨਾ ਲੱਗੇ। ਇਨ੍ਹਾਂ ਵਿੱਦਿਅਕ ਅਦਾਰਿਆਂ ਵਿੱਚ ਲੋੜੀਂਦੇ ਅਧਿਆਪਕ ਨਾ ਲਾਉਣੇ, ਚੰਗੀਆਂ ਇਮਾਰਤਾਂ ਨਾ ਬਣਾਉਣੀਆਂ ਅਤੇ ਜ਼ਰੂਰੀ ਸਾਜ਼ੋ-ਸਾਮਾਨ ਮੁਹੱਈਆ ਨਾ ਕਰਵਾਉਣਾ ਉੱਕਾ ਹੀ ਠੀਕ ਨਹੀਂ। ਜੇ ਅਜਿਹਾ ਕੀਤਾ ਜਾਂਦਾ ਹੈ ਤਾਂ ਇਹ ਫੂਕਾਂ ਮਾਰਨ ਵਾਲੀ ਗੱਲ ਹੈ, ਜਿਸ ਦਾ ਅਰਥ ਹੈ ਚਿਰਾਗ਼ਾਂ ਨੂੰ ਬੁਝਾਉਣ ਦੇ ਜਤਨ ਕਰਨਾ। ਇਹ ਅਨਿਆਂ ਹੈ ਨਿਆਂ ਨਹੀਂ, ਜਿਸ ਨੂੰ ਹਾਕਮਾਂ ਨੇ ਹੀ ਬਚਾਉਣਾ ਹੁੰਦਾ ਹੈ, ਤਾਂ ਜੁ ਆਉਣ ਵਾਲੀਆਂ ਪੀੜ੍ਹੀਆਂ ਉਨ੍ਹਾਂ ਨੂੰ ਬੁਰਾ-ਭਲਾ ਨਾ ਕਹਿਣ।

ਪੰਜਾਬ ਵਿੱਚ ਕੁਝ ਥਾਂਵਾਂ 'ਤੇ ਅਜਿਹਾ ਹੀ ਵਰਤਾਰਾ ਹੈ, ਜਿੱਥੇ ਆਦਰਸ਼ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਲਈ ਲੋੜੀਂਦੇ ਅਧਿਆਪਕ ਨਹੀਂ, ਜ਼ਰੂਰਤ ਮੁਤਾਬਕ ਸਾਜ਼ੋ-ਸਾਮਾਨ ਨਹੀਂ। ਉਹ ਬੁਝਣ-ਬੁਝਣ ਕਰਦੇ ਹਨ, ਜਿਨ੍ਹਾਂ ਵੱਲ ਕੇਵਲ ਸਿੱਖਿਆ ਅਧਿਕਾਰੀ ਹੀ ਧਿਆਨ ਨਾ ਦੇਣ, ਸਗੋਂ ਸਰਕਾਰ ਦਾ ਧਿਆਨ ਵੀ ਦੁਆਉਣ, ਤਾਂ ਜੁ ਇਹ ਚਿਰਾਗ਼ ਜਗਮਗਾਉਂਦੇ ਰਹਿਣ।

ਸਰਕਾਰ ਦਾ ਫ਼ਰਜ਼ ਤਾਂ ਇਹ ਹੋਣਾ ਚਾਹੀਦਾ ਹੈ ਕਿ ਸਿਹਤ, ਸਿੱਖਿਆ ਅਤੇ ਹੋਰ ਸਹੂਲਤਾਂ ਦਾ ਇੰਤਜ਼ਾਮ ਮੁਫ਼ਤ ਕਰੇ, ਤਾਂ ਕਿ ਜਨਤਾ ਨੂੰ ਆਸਾਨੀ ਮਹਿਸੂਸ ਹੋਵੇ ਅਤੇ ਲੋਕਾਂ ਨੂੰ ਇਹ ਵੀ ਲੱਗੇ ਕਿ ਸਰਕਾਰ ਉਨ੍ਹਾਂ ਪ੍ਰਤੀ ਸੁਹਿਰਦ ਵੀ ਹੈ ਅਤੇ ਪੂਰੀ ਫ਼ਿਕਰਮੰਦ ਵੀ।

ਆਮ ਹੋਣ ਜਾਂ ਆਦਰਸ਼, ਸਕੂਲ ਤਾਂ ਬੁਨਿਆਦ ਹੁੰਦੇ ਹਨ, ਜਿਨ੍ਹਾਂ ਵਿੱਚ ਵਿਚਰਦਿਆਂ ਬਾਲਾਂ ਦੇ ਜ਼ਿਹਨਾਂ ਅੰਦਰ ਸੂਝ-ਬੂਝ ਦੇ ਚਿਰਾਗ਼ ਜਗਾਏ ਜਾਂਦੇ ਹਨ, ਤਾਂ ਜੁ ਉਨ੍ਹਾਂ ਨੂੰ ਆਗਿਆਨਤਾ ਵਿੱਚੋਂ ਵੀ ਬਾਹਰ ਕੱਢਿਆ ਜਾ ਸਕੇ, ਅਣਭੋਲਤਾ 'ਚੋਂ ਵੀ। ਜਾਣਕਾਰੀ ਅਤੇ ਗਿਆਨ ਵੰਡਣ ਵਾਲੇ ਸਿੱਖਿਆ ਵਿੱਦਿਆਲਿਆਂ ਦੇ ਚਿਰਾਗ਼ ਬੁਝਾਉਣ ਦੇ ਜਤਨ ਕਰਨੇ ਸਿਆਣਪ ਵੱਲ ਜਾਣ ਦੇ ਬੂਹੇ ਬੰਦ ਕਰਨ ਵਾਲੀ ਗੱਲ ਹੈ, ਜਿਸ ਨੂੰ ਕਿਸੇ ਕੀਮਤ 'ਤੇ ਵੀ ਸਵੀਕਾਰ ਨਹੀਂ ਕੀਤਾ ਜਾ ਸਕਦਾ।

ਇਸ ਵਾਸਤੇ ਜ਼ਰੂਰੀ ਹੈ ਕਿ ਸਰਕਾਰ ਹੋਰ ਆਦਰਸ਼ ਸਕੂਲ ਖੋਲ੍ਹਣ ਦਾ ਉਪਰਾਲਾ ਕਰੇ ਅਤੇ ਪਹਿਲਿਆਂ ਨੂੰ ਤਬਾਹ ਹੋਣ ਤੋਂ ਹਰ ਸੂਰਤ ਬਚਾਵੇ। ਅਜਿਹਾ ਹੋਣ ਨਾਲ ਪਿੰਡਾਂ ਦੇ ਬੱਚਿਆਂ ਦਾ ਭਵਿੱਖ ਚਿਰਾਗ਼ਮਈ ਹੋ ਸਕਦਾ ਹੈ, ਜਿਸ ਨਾਲ ਦੇਸ਼ ਦੇ ਵਿਕਾਸ ਵਿੱਚ ਚੰਗੀ ਭੂਮਿਕਾ ਦਾ ਕਿਆਸ ਕੀਤਾ ਜਾ ਸਕਦਾ ਹੈ।

ਵਿਦਿਆਰਥੀਆਂ ਨਾਲ ਭਰੇ ਹੋਏ ਅਤੇ ਅਧਿਆ-ਪਕਾਂ ਦੀ ਘਾਟ ਵਾਲੇ ਇਨ੍ਹਾਂ ਸਕੂਲਾਂ ਦਾ ਲੋਕਾਂ ਨੂੰ ਵੀ ਨੋਟਿਸ ਲੈਣਾ ਚਾਹੀਦਾ ਹੈ, ਤਾਂ ਜੁ ਬਚਾਏ ਜਾ ਸਕਣ।

### ਤੇ ਜੀਨੀ ਜਿੱਤ ਗਈ

ਪ੍ਰੈੱਸ ਕਲੱਬ ਚੰਡੀਗੜ੍ਹ ਦੇ ਹਾਲ ਵਿੱਚ ਇੱਕ ਸਾਹਿਤਕ ਸਮਾਗਮ ਹੋਇਆ, ਜਿਸ ਵਿੱਚ ਕਹਾਣੀਕਾਰਾ ਡਾ. ਸ਼ਰਨਜੀਤ ਕੌਰ ਦਾ ਅੱਠਵਾਂ ਕਹਾਣੀ ਸੰਗ੍ਰਹਿ 'ਤੇ ਜੀਨੀ ਜਿੱਤ ਗਈ' ਰਿਲੀਜ਼ ਕੀਤਾ ਗਿਆ। ਇਸ ਮੌਕੇ ਡਾ. ਮਨਮੋਹਨ, ਡਾ. ਸੁਰਜੀਤ ਪਾਤਰ, ਡਾ. ਬ੍ਰਹਮਜਗਦੀਸ਼ ਸਿੰਘ, ਡਾ. ਜੋਗਿੰਦਰ ਸਿੰਘ ਨਿਰਾਲਾ, ਸਰਬਜੀਤ ਕੌਰ ਸੋਹਲ ਅਤੇ ਡਾ. ਲਾਭ ਸਿੰਘ ਖੀਵਾ ਮੌਜੂਦ ਸਨ, ਜਿਨ੍ਹਾਂ ਨੇ ਕਹਾਣੀ ਸੰਗ੍ਰਹਿ ਬਾਰੇ ਸਾਰਥਿਕ ਅਤੇ ਉਸਾਰੂ ਟਿੱਪਣੀਆਂ ਕੀਤੀਆਂ। ਇਸ ਵਿੱਚ ਨਾਮੀ ਲੇਖਕ ਵੀ ਸ਼ਾਮਲ ਹੋਏ।

ਮੁੱਖ ਤੌਰ 'ਤੇ ਬੁਲਾਰਿਆਂ ਨੇ ਕਿਹਾ ਕਿ ਡਾ. ਸ਼ਰਨਜੀਤ ਦੀਆਂ ਕਹਾਣੀਆਂ ਔਰਤ ਨੂੰ ਤਕੜੇ ਹੋਣ ਵਾਸਤੇ ਪ੍ਰੇਰਦੀਆਂ ਹਨ ਅਤੇ ਸਮਾਜ ਦੀਆਂ ਅੱਖਾਂ ਖੋਲ੍ਹਣ ਤੋਂ ਵੀ ਪਿੱਛੇ ਨਹੀਂ ਰਹਿੰਦੀਆਂ। ਇਸ ਮੌਕੇ ਰਿਪੁਦਮਨ ਸਿੰਘ ਰੂਪ ਅਤੇ ਪਰਮਜੀਤ ਮਾਨ ਨੇ ਵੀ ਆਪਣੇ ਵਿਚਾਰ ਰੱਖੇ। ਗਿਣਤੀ ਪੱਖੋਂ ਇਹ ਸਮਾਗਮ ਇੱਕ ਜਸ਼ਨ ਹੋ ਨਿੱਬੜਿਆ, ਜਿਸ ਵਿੱਚ ਬੌਧਿਕ ਵਿਚਾਰਾਂ ਦਾ ਭਰਵਾਂ ਬੋਲਬਾਲਾ ਰਿਹਾ ਅਤੇ ਸਮੁੱਚੀ ਕਹਾਣੀ ਬਾਰੇ ਵੀ ਨਿੱਗਰ ਅਤੇ ਮੁੱਲਵਾਨ ਟਿੱਪਣੀਆਂ ਕੀਤੀਆਂ ਗਈਆਂ।

### ਲਤੀਫ਼ੇ ਦਾ ਚਿਹਰਾ-ਮੋਹਰਾ

ਕਹਿੰਦੇ ਨੇ ਦਸਵੀਂ ਸਦੀ ਵਿੱਚ ਹੋਏ ਗੋਰਖ ਨਾਥ ਚੌਦਵੀਂ ਸਦੀ 'ਚ ਜਨਮੇ ਭਗਤ ਕਬੀਰ ਅਤੇ ਪੰਦਰ੍ਹਵੀਂ ਸਦੀ ਵਿੱਚ ਵਿਚਰੇ ਗੁਰੂ ਨਾਨਕ ਦੇਵ ਵਿਚਕਾਰ ਇੱਕ ਬੈਠਕ ਹੋਈ।

ਚਿਰਾਗ਼ਾਂ ਦੀ ਗ਼ੈਰ-ਹਾਜ਼ਰੀ ਵਿੱਚ ਹਨੇਰੇ ਅੰਦਰ ਜਿਸ ਦੀ ਜਿਸ ਨਾਲ ਮਰਜ਼ੀ ਮੀਟਿੰਗ ਕਰਵਾ ਦਿੱਤੀ ਜਾਵੇ, ਕੋਈ ਨਹੀਂ ਫੜ ਸਕਦਾ, ਪਰ ਇਸ ਮੀਟਿੰਗ ਦਾ ਪ੍ਰਬੰਧ ਕਿਸ ਨੇ ਕੀਤਾ? ਤੱਪੜਾਂ, ਪੀੜ੍ਹੀਆਂ ਜਾਂ ਫੇਰ ਕੁਰਸੀਆਂ ਦਾ ਪ੍ਰਬੰਧ ਕਿਸ ਨੇ ਕੀਤਾ? ਚਾਹ-ਪਾਣੀ ਦੀ ਸੇਵਾ ਕਿਸ ਨਿਭਾਈ। ਕੋਈ ਦੱਸ ਸਕੇ ਤਾਂ ਇਸ ਬੈਠਕ ਦਾ ਸੱਚ ਬਾਹਰ ਆ ਸਕੇਗਾ।

**ਉਘੇ ਗਾਇਕ, ਕਲੀਆਂ ਦੇ ਬਾਦਸਾਹ ਕੁਲਦੀਪ ਮਾਣਕ ਨੂੰ ਯਾਦ ਕਰਦਿਆਂ**

# ਪੰਜਾਬੀ ਗਾਇਕੀ ਨੂੰ ਨਵੀਂ ਦਿਸ਼ਾ ਤੇ ਉੱਚੀ ਉਡਾਨ ਦੇਣ ਵਾਲਾ ਕੁਲਦੀਪ ਮਾਣਕ



-ਰੇਸ਼ਮ ਕਰਨਾਣਵੀ
98158-80104

ਜਗ ਤੋਂ ਤੁਰ ਜਾਣਾ ਤਾਂ ਹਰ ਕਿਸੇ ਦਾ ਅਸਹਿ, ਦੁਖਦਾਈ ਹੁੰਦਾ ਹੈ ਪਰ ਆਪਣੇ ਖੇਤਰ ਵਿਚ ਇਕ ਖਾਸ ਮੁਕਾਮ ਬਣਾ ਕੇ ਲੋਕਾਂ ਦੇ ਦਿਲ 'ਤੇ ਸਦਾ ਲਈ ਛਾ ਜਾਣ ਤੇ ਅਮਰ ਹੋਣ ਵਾਲੇ ਨਾਇਕਾਂ ਦਾ ਵਿਛੋੜਾ ਉਹਨਾਂ ਦੇ ਕਾਰਜ ਖੇਤਰ ਦੀ ਵਿਸ਼ਾਲਤਾ ਅਤੇ ਅਨਮੋਲ ਦੇਣ ਕਰਕੇ ਕਰੋੜਾਂ ਲੋਕਾਂ ਲਈ ਉਹ ਕਸ਼ਟ ਸਹਿਣਾ ਹੋਰ ਵੀ ਔਖਾ ਹੋ ਜਾਂਦਾ ਹੈ।

ਕੁਲਦੀਪ ਮਾਣਕ ਦੇ ਤੁਰ ਜਾਣ ਤੇ ਦੁਨੀਆਂ ਭਰ 'ਚ ਵੱਸਦੇ ਪੰਜਾਬੀਆਂ ਦੇ ਦਿਲ ਹਲੂਣੇ ਗਏ। ਆਪੋ ਆਪਣੀ ਥਾਂ ਬੈਠੇ ਹਰ ਪੰਜਾਬੀ ਨੇ ਹਾਅ ਦਾ ਨਾਅਰਾ ਮਾਰਿਆ ਤੇ ਉਸ ਦੇ ਜਾਣ ਦਾ ਅਫਸੋਸ ਪ੍ਰਗਟਾਇਆ। ਭਾਵੁਕਤਾ ਦੇ ਵਹਿਣ 'ਚ ਵਹਿ ਕੇ ਉਸਨੂੰ ਸ਼ਰਧਾਂਜਲੀ ਦਿੱਤੀ। ਆਪਣੀ ਦਮਦਾਰ, ਸੁਰੀਲੀ, ਸਪੱਸ਼ਟ ਤੇ ਟੁਣਕਵੀਂ ਆਵਾਜ਼ ਨਾਲ ਗੀਤ, ਲੋਕ ਗਾਥਾਵਾਂ, ਕਲੀਆਂ ਗਾ ਕੇ ਮਾਣਕ ਨੇ ਪੰਜਾਬੀਆਂ ਦੇ ਦਿਲਾਂ 'ਤੇ ਪੰਤਾਲੀ ਸਾਲ ਬਾਦਸ਼ਾਹੀ ਕੀਤੀ, ਉਹ ਖੁਦ ਵੀ ਇਕ ਲੋਕ ਗਾਥਾ ਬਣ ਗਿਆ। ਸਧਾਰਨ ਮੁਸਲਮਾਨ ਪਰਿਵਾਰ 'ਚ 15 ਨਵੰਬਰ 1949 ਨੂੰ ਜਨਮੇ ਮਾਣਕ ਦਾ ਨਾਂ ਲਤੀਫ ਮੁਹੰਮਦ ਸੀ। ਅੱਠਵੀਂ ਤੱਕ ਦੀ ਪੜ੍ਹਾਈ ਕਰਦਿਆਂ ਬਾਲ ਸਭਾਵਾਂ 'ਚ ਗਾਉਂਦਾ-ਗਾਉਂਦਾ ਉਹ ਪੱਕੇ ਪੈਰੀਂ ਗਾਇਕੀ 'ਚ ਕੁੱਦ ਪਿਆ। ਉਸਦਾ ਗਾਉਣ ਸੁਣ ਕੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੇ ਉਸ ਨੂੰ ਕੁਲਦੀਪ ਦੇ ਨਾਲ 'ਮਾਣਕ' ਤਖੱਲਸ ਦੇ ਦਿੱਤਾ। ਉਹ ਕੁੱਲ 'ਚ ਦੀਪ ਬਣ ਕੇ ਜਗਿਆ ਤੇ ਚੌਫੇਰਾ ਰੌਸ਼ਨ ਕਰਨ ਗਿਆ। ਹਿੱਕ ਦੇ ਜ਼ੋਰ ਨਾਲ ਆਪਣੀ ਬੁਲੰਦ ਆਵਾਜ਼ 'ਚ ਗਾਉਂਦਾ ਛੇਤੀ ਹੀ ਸਭ ਦਾ ਚਹੇਤਾ ਗਾਇਕ ਬਣ ਗਿਆ ਤੇ ਪਿੰਡ ਜਲਾਲ ਨੂੰ ਦੁਨੀਆਂ ਭਰ ਵਿਚ ਮਸ਼ਹੂਰ ਕਰ ਦਿੱਤਾ। ਗਾਇਕ ਹਰਚਰਨ ਗਰੇਵਾਲ ਨਾਲ ਕੁਝ ਸਾਲ ਸਾਜਿੰਦਾ ਰਹਿ ਕੇ ਮਾਣਕ ਨੇ ਗਾਇਕੀ ਦੇ ਨੁਕਤੇ ਸਿੱਖ ਕੇ ਆਪਣੀ ਕਲਾ 'ਚ ਨਿਖਾਰ ਲਿਆਂਦਾ। ਕਵਾਲ ਖੁਸ਼ੀ ਮੁਹੰਮਦ ਨੂੰ ਉਸਤਾਦ 17 ਸਾਲ ਦੀ ਉਮਰ 'ਚ ਉਸਨੇ ਗਾਇਕੀ ਨੂੰ ਪੂਰੀ ਤਰ੍ਹਾਂ ਅਪਣਾ ਲਿਆ। ਉਸ ਤੋਂ ਬਾਅਦ 1976 ਉਸ ਦਾ ਪਹਿਲਾ ਰਿਕਾਰਡ ਇੱਕਤਾਰਾ ਆਇਆ ਸੋਹਣੀ ਤੇ ਮਿਰਜਾ-ਸਾਹਿਬਾ ਲੋਕ ਗਾਥਾਵਾਂ ਗਾਈਆਂ ਤੇ ਫਿਰ ਚੱਲ ਸੋ ਚੱਲ ਸੁਪਰ ਸੈਵਨ ਕੰਪਨੀ 'ਚ ਆਏ ਹੋਰ ਤਵਿਆਂ 'ਚ ਤੇਰੇ ਟਿੱਲੇ ਤੋਂ ਔਹ ਸੂਰਤ ਦੀਂਹਦੀ ਆ ਹੀਰਦੀ', 'ਛੇਤੀ ਕਰ ਸਰਵਣ ਪੁੱਤਰਾ' ਵਰਗੀਆਂ ਲੋਕ ਗਾਥਾਵਾਂ ਤੇ ਕਲੀਆਂ ਲੋਕ ਮਨਾ 'ਚ ਘਰ ਕਰ ਗਈਆਂ। ਦੇਵ ਥਰੀਕੇ ਵਾਲੇ ਦੀਆਂ ਲਿਖੀਆਂ ਗਾਥਾਵਾਂ ਤੇਗੀਤਾਂ ਕਰਕੇ ਸੰਗੀਤ ਖੇਤਰ 'ਚ ਉਹ ਇਕ-ਦੂਜੇ ਦੇ ਪੂਰਕ ਬਣ ਗਏ ਤੇ ਜਿਗਰੀ ਯਾਰ ਵੀ। ਕੁਲਦੀਪ ਮਾਣਕ ਨੇ ਦੋਗਾਣਾ ਗਾਇਕੀ 'ਚ ਸੁਰਿੰਦਰ ਸੀਮਾ, ਨਰਿੰਦਰ ਬੀਬਾ, ਸਤਿੰਦਰ ਬੀਬਾ, ਗੁਲਸ਼ਨ ਕੋਮਲ, ਕੁਲਦੀਪ ਕੌਰ, ਬਲਜੀਤ ਬੱਲੀ ਨਾਲ ਵੀ ਗਾਇਆ ਪਰ ਬਾਅਦ ਵਿਚ ਦੋਗਾਣਾ ਗਾਇਕੀ ਦੇ ਦੌਰ 'ਚ ਉਹ ਇਕੱਲਾ ਅਜਿਹਾ ਗਾਇਕ ਬਣ ਗਿਆ ਜਿਸ ਨੇ ਸੋਲੋ ਗਾਇਕੀ 'ਚ ਆਪਣਾ ਮੀਲ ਪੱਥਰ ਸਥਾਪਤ ਕੀਤਾ। ਉਸ ਦੇ ਢਾਈ ਸੌ ਦੇ ਕਰੀਬ ਤਵੇ, ਕੈਸਟਾਂ ਤੇ ਸੀ. ਡੀਜ਼ ਆਈਆਂ। ਹਜ਼ਾਰਾਂ ਗੀਤ ਗਾਏ ਤੇ ਅਮਰ ਹੋ ਗਏ। ਉਸ ਦੇ ਗੀਤ ਜੈਮਲ ਫੱਤਾ, ਦੁੱਲਾ, ਮਾਤਾ ਲੱਧੀ, ਮੇਰੇ ਯਾਰ ਨੂੰ ਮੰਦਾ ਨਾ ਬੋਲੀਂ, ਚਿੱਠੀਆਂ ਸਾਹਿਬਾ ਜੱਟੀ ਨੇ, ਜੋਗੀ ਟਿੱਲਿਉਂ ਆ ਗਿਆ, ਬੇਗੋ ਨਾਰ, ਰੈਨਾ ਚੈਂਚਲ ਹਾਰੀਆਂ, ਜੱਟ ਹੇਠ ਜੰਡੋਰੇ ਦੇ, ਸਾਹਿਬਾ ਦਾ ਤਰਲਾ, ਕੱਲ ਨੂੰ ਵਿਆਹ ਕੇ ਮੈਨੂੰ, ਯਾਰ ਮੇਰਾ ਛੱਡ ਗਿਆ, ਅੱਖਾਂ 'ਚ ਨਜਾਇਜ਼ ਵਿਕਦੀ, ਜੁਗਨੀ ਯਾਰਾਂ ਦੀ, ਯਾਰਾਂ ਦਾ ਟਰੱਕ ਬੱਲੀਏ ਸਮੇਤ ਹੋਰ ਬਹੁਤ ਸਾਰੇ ਗੀਤ ਹਰ ਜ਼ੁਬਾਨ 'ਤੇ ਚੜ੍ਹੇ ਤੇ ਮਕਬੂਲ ਹੋਏ। ਰਵਾਇਤੀ ਸੰਗੀਤ ਨਾਲ ਹੀ ਸਾਰੀ ਜ਼ਿੰਦਗੀ ਗਾਉਣ ਵਾਲੇ ਮਾਣਕ ਨੇ ਆਵਾਜ਼ ਦੇ ਦਮ 'ਤੇ ਹੀ ਜੱਗ ਜਿੱਤਿਆ।

ਸੁਪਰ ਸੰਗੀਤਕਾਰ ਚਰਨਜੀਤ ਆਹੂਜਾ ਦੇ ਸੰਗੀਤ 'ਚ ਦੇਵ ਥਰੀਕੇ ਵਾਲੇ ਦਾ ਲਿਖਿਆ 'ਮਾਂ ਹੁੰਦੀ ਏ ਮਾਂ ਦੁਨੀਆਂ ਵਾਲਿਓ' ਗੀਤ ਨੇ ਉਸ ਦੀ ਮਕਬੂਲੀਅਤ ਸਿਖਰ 'ਤੇ ਪਹੁੰਚ ਗਈ, ਉਸ ਦੇ ਸਾਰੇ ਦੇ ਸਾਰੇ ਗੀਤ ਚਰਚਿਤ ਹੋਏ। ਰੇਡੀਓ



ਅਤੇ ਸਪੀਕਰਾਂ 'ਤੇ ਵਿਆਹ-ਸ਼ਾਦੀਆਂ 'ਚ ਵੱਜਦੇ ਮਾਣਕ ਦੇ ਗੀਤ ਦੂਰ-ਦੂਰ ਤੱਕ ਸੁਣਾਈ ਦਿੰਦੇ ਤੇ ਮਾਹੌਲ ਨੂੰ ਖੁਸ਼ਗਵਾਰ ਬਣਾਈ ਰੱਖਦੇ। ਉਸ ਨੇ ਅਣਗਿਣਤ ਸਟੇਜਾਂ 'ਤੇ ਅਖਾੜੇ ਲਾਏ ਉਹ ਵੀ ਗਿਣਤੀ ਦੇ ਸਾਜਿੰਦਿਆਂ ਨਾਲ ਕਿਸੇ ਸਟੇਜ ਸਕੱਤਰ ਦੀ ਲੋੜ ਨਹੀਂ, ਕਿਸੇ ਕਾਮੇਡੀ ਦੀ ਲੋੜ ਉਸ ਨੂੰ ਕਦੇ ਨਹੀਂ ਪਈ। ਬੱਸ ਸਿੱਧਾ ਆਉਣਾ ਤੇ ਮਸ਼ਹੂਰ ਧਾਰਮਿਕ ਗੀਤ ਲੈ ਕੇ ਕਲਗੀਧਰ ਤੋਂ ਥਾਪੜਾ ਨਾਲ ਸ਼ੁਰੂ ਕਰਕੇ ਕਲੀਆਂ, ਲੋਕ ਗਾਥਾਵਾਂ, ਗੀਤਾਂ ਦੀ ਝੜੀ ਲਾ ਦੇਣੀ ਕਈ-ਕਈ ਘੰਟੇ ਅਖਾੜਾ ਹਿੱਲਣ ਨਾ ਦੇਣਾ। ਉਹ ਆਪਣੇ ਥੋੜ੍ਹੇ ਜਿਹੇ ਅੜਬ, ਮੂੰਹ 'ਤੇ ਗੱਲ ਕਹਿਣ ਦੇ ਸੁਭਾਅ ਤੇ ਹਾਜ਼ਰ ਜਵਾਬੀ ਲਈ ਜਾਣਿਆ ਜਾਂਦਾ ਰਿਹਾ ਹੈ ਤੇ ਇਕ ਖਾਸ ਗੱਲ ਸਾਰੀ ਉਮਰ ਮਾਣਕ 'ਉਦਾਂ ਦਾ' ਹੀ ਨਜ਼ਰ ਆਉਂਦਾ ਰਿਹਾ। ਉਸ ਨੇ ਹਰ ਤਰ੍ਹਾਂ ਦੇ ਪ੍ਰੋਗਰਾਮਾਂ ਧਾਰਮਿਕ ਸਥਾਨਾਂ 'ਤੇ ਆਪਣੇ ਧਾਰਮਿਕ ਗੀਤਾਂ ਰਾਹੀਂ ਆਪਣੀ ਕਲਾ ਦੇ ਜੌਹਰ ਦਿਖਾਏ। ਗਾਇਕੀ ਦਾ ਲੋਹਾ ਮਨਵਾਇਆ। ਉਹ ਬਿਨਾਂ ਕਿਸੇ 'ਸੂਫੀਬਾਣੀ' ਦੇ ਸਧਾਰਨ ਬਣ ਕੇ ਹੀ ਵਿਚਰਿਆ। ਸਾਡੇ ਪਿੰਡ ਦੇ ਲਾਗੇ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਦੇ ਮੇਲੇ 'ਤੇ ਕਈ ਵਾਰ ਮਾਣਕ ਨੇ ਹਾਜ਼ਰੀ ਲਗਵਾਈ। ਉਹ ਸਟੇਜ ਦੇ ਪਿਛਲੇ ਪਾਸਿਉਂ ਆਉਣ ਦੀ ਬਜਾਏ ਡਿਊਢੀ ਰਾਹੀਂ ਆ ਕੇ ਨਤਮਸਤਕ ਹੋਣ ਤੋਂ ਬਾਅਦ ਹੀ ਸਟੇਜ 'ਤੇ ਜਾਂਦਾ ਰਿਹਾ। ਇਕ ਵਾਰ ਪੂਰੇ ਭਰੇ ਮੇਲੇ ਵਿਚ ਲੋਕ ਮਾਣਕ ਨੂੰ ਉਤਸੁਕਤਾ ਨਾਲ ਉਡੀਕ ਰਹੇ ਸਨ, ਉਸ ਨੂੰ ਆਉਣ 'ਚ ਦੇਰ ਹੋ ਗਈ। ਇਕ ਦੂਜੇ ਨਾਲ ਉਸ ਦੇ ਨਾ ਆਉਣ ਕਰਕੇ ਵਾਪਸ ਜਾਣ ਦੀਆਂ ਸਲਾਹਾਂ ਹੋਣ ਲੱਗ ਪਈਆਂ। ਡਿਊਢੀ ਲੰਘ ਕੇ ਭੀੜ 'ਚ ਟੱਕਰਿਆ ਬਚਨੇ ਦਾ ਪੱਪੂ ਅੱਡੀਆਂ ਚੁੱਕ-ਚੁੱਕ ਸਟੇਜ ਵੱਲ ਦੇਖਦੇ ਹੋਇਆ ਮਲਵੀਂ ਜੀਭ ਨਾਲ ਹਿਰਖਿਆ ਕਹਿਣ ਲੱਗਾ, 'ਚਲੋ ਚੱਲੀਦੀ ਯਾਰ, ਮਾਣਕ ਤਾਂ ਹਾਲੇ ਆਇਆ ਨੀ।' 'ਪਤੰਦਰੋ ਲੰਘ ਤਾਂ ਲੈਣ ਦਿਓ ਤਾਂ ਹੀ ਆਊਂ।' ਉਹਦੇ ਪਿੱਛੇ ਹਲਕੀ ਹਲਕੀ ਗੁਲਾਬੀ ਪੱਗ ਬੰਨ੍ਹੀ ਭੀੜ 'ਚ ਮਾਣਕ ਖੜ੍ਹਾ ਸੀ, ਬੱਸ ਫਿਰ ਕੀ ਆ ਗਿਆ, ਆ ਗਿਆ ਹੋਈ ਗਈ, ਉਸ ਨੇ ਨਿਰੋਲ ਧਾਰਮਿਕ ਗੀਤ ਹੀ ਗਾਏ।

ਧਾਰਮਿਕ ਗੀਤਾਂ ਰਾਹੀਂ ਉਸ ਨੇ ਇਤਿਹਾਸ ਨਾਲ ਵੀ ਸਾਂਝ ਪੁਆਈ। ਮਾਣਕ ਨੇ 'ਅਡੋਲ ਖਾਲਸਾ 'ਬੱਬਰ ਪੰਜਾਬ ਦੇ', 'ਮੱਸਾ ਰੰਗੜ, ਸਿੰਘ ਸੂਰਮੇ, ਦੋ ਗੱਭਰੂ ਪੰਜਾਬ ਦੇ, ਝੰਡੇ ਖਾਲਸਾ ਰਾਜ ਦੇ, ਹਰਿਮੰਦਰ ਸਾਹਿਬ 'ਤੇ ਹਮਲਾ, ਪਰਿਵਾਰ ਵਿਛੋੜਾ, ਖਾਲਸੇ ਦਾ ਰਾਜ ਹੋ ਗਿਆ, ਮਰਦ ਅਗੰਮੜਾ, ਗੁਰੂ ਮਾਨਿਓ ਗ੍ਰੰਥ' ਦੇ ਨਾਲ ਨਾਲ ਸ਼ਹੀਦ ਊਧਮ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਦੇ ਗੀਤਾਂ ਦੀਆਂ ਕੈਸਿਟਾਂ ਰਾਹੀਂ ਆਪਣੀ ਭਰਵੀਂ ਹਾਜ਼ਰੀ ਲਗਵਾਈ ਤੇ ਇਕ ਮੁਸਲਮਾਨ ਗਾਇਕ ਹੋ ਕੇ ਵੀ ਉਸ ਨੇ ਸਿੱਖ ਇਤਿਹਾਸ ਸਬੰਧੀ ਕਿਸੇ ਵੀ ਸਿੱਖ ਕਲਾਕਾਰ ਨਾਲੋਂ ਬਿਨਾਂ ਸ਼ੱਕ ਵੱਧ ਧਾਰਮਿਕ ਗੀਤ ਗਾਏ ਹਨ।

ਸੱਸੀ ਪੁੰਨੂ, ਸ਼ੀਰੀ ਫਰਿਹਾਦ, ਸੋਹਣੀ ਮਹੀਂਵਾਲ, ਲੈਲਾ ਮਜਨੂੰ, ਹੀਰ ਰਾਂਝਾ ਦੀਆਂ ਗਾਥਾਵਾਂ ਗਾ ਕੇ ਉਹਨਾਂ ਨੂੰ ਫਿਰ ਤੋਂ ਮਸ਼ਹੂਰ ਕਰਨ 'ਚ ਮੋਹਰੀ ਭੂਮਿਕਾ ਨਿਭਾਈ। ਉਸ ਦੇ ਗੀਤਾਂ ਤਵਿਆਂ, ਕੈਸਟਾਂ, ਸੀਰੀਜ਼ ਦੇ ਨਾਂ ਲਿਖਦਿਆਂ ਅਤੇ ਉਸ ਦੇ ਜੀਵਨ ਸਬੰਧੀ ਘਟਨਾਵਾਂ ਨੂੰ ਲਿਖਦਿਆਂ ਕਿਤਾਬਾਂ ਲਿਖੀਆਂ ਜਾ ਸਕਦੀਆਂ ਹਨ। ਉਹਦੀ ਚਰਚਾ ਕਰਦਿਆਂ ਗੱਲਾਂ ਲਈ ਸਮਾਂ ਥੋੜ੍ਹਾ ਪੈ ਜਾਂਦਾ ਹੈ। ਜਦੋਂ ਵੀ ਅੱਜ ਦੇ ਕਿਸੇ ਵੀ ਸਥਾਪਤ ਤੇ ਮਕਬੂਲ ਗਾਇਕ ਨੂੰ ਪੁੱਛਿਆ ਜਾਵੇ ਕਿ ਉਸ ਨੂੰ ਗਾਉਣ ਦੀ ਚੇਟਕ ਕਿੱਥੋਂ ਲੱਗੀ? ਤਾਂ ਉਹ ਸੁੱਤੇ ਸਿੱਧ ਇਹੀ ਜਵਾਬ ਸੁਣੀਂਦਾ ਹੈ। ''ਬੱਸ ਜੀ ਮਾਣਕ ਸਾਹਿਬ ਦੇ ਗੀਤਾਂ ਨੂੰ ਬਾਲ ਸਭਾ 'ਚ ਗਾਉਂਦੇ-ਗਾਉਂਦੇ ਅਸੀਂ ਉਹਨਾਂ ਤੋਂ ਪ੍ਰਭਾਵਿਤ ਹੋ ਕੇ ਗਾਉਣਾ ਸ਼ੁਰੂ ਕੀਤਾ ਹੈ। ਇਹ ਉਸ ਦੀ ਮਕਬੂਲੀਅਤ ਦਾ ਵੱਡਾ ਸਬੂਤ ਬਣ ਜਾਂਦਾ ਹੈ।

ਗਾਇਕੀ ਦੇ ਫਿਲਮੀ ਸਫਰ 'ਚ ਉਸ ਨੇ ਸੈਦਾ ਜੋਗਨ, ਲੰਬੜਦਾਰਨੀ, ਬਲਵੀਰੋ ਭਾਬੀ, ਰੂਪ ਸੁਕੀਨਣ ਦਾ, ਸੁੱਚਾ ਸੂਰਮਾ, ਲਾਜੋ, ਮਾਵਾਂ ਠੰਡੀਆਂ ਛਾਵਾਂ, ਬੱਗਾ ਡਾਕੂ ਆਦਿ ਫਿਲਮਾਂ 'ਚ ਆਪਣੀ ਵਿਲੱਖਣ ਛਾਪ ਛੱਡੀ। ਪੰਜਾਬੀ ਗਾਇਕੀ 'ਚ ਅੱਧੀ ਸਦੀ ਦੇ ਕਰੀਬ ਛਾਏ ਰਹਿਣ ਵਾਲੇ ਮਾਣਕ ਦਾ ਅਜੇ ਜਾਣ ਦਾ ਵੇਲਾ ਨਹੀਂ ਸੀ। ਉਸ ਦੀ ਆਵਾਜ਼ 'ਚ ਉਹੀ ਬੁਲੰਦੀ ਅਤੇ ਬੋਲਾਂ 'ਚ ਰੜਕ ਕਾਇਮ ਸੀ। ਸਮੇਂ ਦਾ ਐਸਾ ਵੈਰ ਪਿਆ ਕਿ ਉਹਨਾਂ ਦਾ ਸਰਵਣ ਪੁੱਤ ਉਹਨਾਂ ਦੀ ਵਹਿੰਗੀ ਉਠਾਉਣ ਜੋਗਾ ਹੋਇਆ ਸੀ, ਪਰ ਉਸ ਦੇ ਅਚਾਨਕ ਬਿਮਾਰ ਹੋਣ ਨਾਲ ਐਸਾ ਝੰਜੋੜਿਆ ਗਿਆ ਤੇ ਬਿਮਾਰ ਪੈ ਗਿਆ, ਵਿਚ ਵਿਚਾਲੇ ਠੀਕ ਹੋ ਕੇ ਉਹ ਫਿਰ ਐਸਾ ਮੰਜੇ 'ਤੇ ਪਿਆ ਤੇ ਜਿਗਰ ਦੀ ਬਿਮਾਰੀ ਉਸ ਦੇ ਦੁਨੀਆਂ ਤੋਂ ਜਾਣ ਦਾ ਬਹਾਨਾ ਬਣ ਗਈ। ਯੁਧਵੀਰ ਮਾਣਕ ਵਰਗੇ ਸਰਵਣ ਪੁੱਤ ਨੂੰ ਉਸ ਦੀ ਵਹਿੰਗੀ ਦੀ ਬਜਾਏ ਅਰਥੀ ਨੂੰ ਮੋਢਾ ਦੇਣਾ ਨਸੀਬ ਹੋਇਆ। ਪੰਜਾਬੀ ਗਾਇਕੀ ਦਾ ਥੰਮ੍ਹ ਢਹਿ-ਢੇਰੀ ਹੋ ਗਿਆ ਪਰ ਉਸ ਦੇ ਗੀਤਾਂ ਦੇ ਅੰਬਾਰ ਦੀ ਬੁਲੰਦੀ ਸਦਾ ਅਸਮਾਨ ਛੂੰਹਦੀ ਰਹੇਗੀ। ਪੰਜਾਬ ਦਾ ਉਹ ਮਹਾਨ ਕਲਾਕਾਰ ਰਹਿੰਦੀ ਦੁਨੀਆਂ ਤੱਕ ਯਾਦ ਕੀਤਾ ਜਾਂਦਾ ਰਹੇਗਾ। ਅਦਾਰਾ ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ ਵੱਲੋਂ ਕੁਲਦੀਪ ਮਾਣਕ ਦੇ ਪਰਿਵਾਰ 'ਚ ਉਸ ਦੀ ਧਰਮ ਪਤਨੀ ਸਰਬਜੀਤ ਕੌਰ, ਪੁੱਤਰ ਯੁੱਧਵੀਰ ਮਾਣਕ, ਧੀ ਸ਼ਕਤੀ ਹਨ। ਉਸ ਦੇ ਦੇਵ ਥਰੀਕੇ ਵਰਗੇ ਜਿਗਰੀ ਯਾਰਾਂ, ਉਸ ਦੇ ਲਾਡਲੇ ਸ਼ਾਗਿਰਦ ਜੈਜ਼ੀ ਬੈਂਸ ਨੇ ਉਹਦੇ ਪਹਿਲਾਂ ਤੇ ਮਗਰੋਂ ਸ਼ਾਗਿਰਦ ਹੋਣ ਦੇ ਪੂਰੇ ਫਰਜ਼ ਨਿਭਾਏ, ਹੋਰ ਸਾਕਾਂ, ਸਨੇਹੀਆਂ, ਸਮੁੱਚੇ ਸੰਗੀਤ ਜਗਤ, ਸਾਰੀ ਦੁਨੀਆਂ 'ਚ ਵੱਸਦੇ ਪੰਜਾਬੀਆਂ ਦੇ ਦੁੱਖ 'ਚ ਸ਼ਰੀਕ ਹੋ ਕੇ, ਗੀਤਾਂ ਦਾ ਅਨਮੋਲ ਖਜ਼ਾਨਾ ਦੇ ਕੇ ਤੁਰ ਗਏ ਅਨਮੋਲ ਮਾਣਕ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਨੂੰ ਸ਼ਰਧਾਂਜਲੀ ਭੇਂਟ ਕਰਦਾ ਹੈ। ਨੌਜਵਾਨ ਅੰਗਰੇਜ਼ ਸਿੰਘ ਦੇ ਸ਼ਰਧਾਂਜਲੀ ਵਜੋਂ ਲਿਖੇ ਟੱਪੇ ਸ਼ਰਧਾ ਸੁਮਨ ਤੌਰ 'ਤੇ ਦਰਜ ਹਨ।

ਧਾਵੇ ....
ਮਾਣਕਾ ਜਲਾਲ ਪਿੰਡ ਤੋਂ,
ਰੂਹ ਨਿਕਲੀ ਕਿਧਰ ਨੂੰ ਜਾਵੇ।
ਸੋਏ...
ਮਾਲਵੇ ਦੇ ਟਿੱਬਿਆਂ 'ਤੇ
ਭੁੱਬਾਂ ਮਾਰ ਕੇ ਸਰ੍ਹੋਂ ਦੇ ਫੁੱਲ ਰੋਏ।

# ਸਿੱਖ ਸਾਂਸਦਾਂ ਦਾ ਵਿਸ਼ਵ ਭਰ 'ਚ ਡੰਕਾ

**ਭਾਰਤ ਤੋਂ ਬਾਅਦ ਸਭ ਤੋਂ ਵੱਧ ਸਿੱਖ ਸਾਂਸਦ ਕੈਨੇਡਾ ਵਿੱਚ ਹੀ ਹਨ। ਕੈਨੇਡਾ ਦੇ ਪਿਛਲੀਆਂ ਆਮ ਚੋਣ ਵਿੱਚ ਪੰਜ ਸਿੱਖ ਸਾਂਸਦ ਪਹੁੰਚੇ ਅਤੇ ਹੁਣ ਇਥੇ ਦੋ ਸਿੱਖ ਮੰਤਰੀ ਹਨ। ਕੈਨੇਡਾ ਦੀ ਜਨਸੰਖਿਆ ਵਿੱਚ ਸਿੱਖਾਂ ਦੀ ਹਿੱਸੇਦਾਰੀ ਲਗਭਗ 1.4 ਫੀਸਦੀ ਹੈ। ਭਾਰਤੀ ਮੂਲ ਦੇ ਕੈਨੇਡੀਅਨ ਸਿੱਖ ਹਰਜੀਤ ਸਿੰਘ ਸੱਜਣ ਨੂੰ ਕੈਨੇਡਾ ਦਾ ਰੱਖਿਆ ਮੰਤਰੀ ਬਣਾਇਆ ਗਿਆ ਹੈ ਅਤੇ ਜਦ ਉਹ ਪੰਜ ਸਾਲ ਦੇ ਸਨ ਤਾਂ ਉਹਨਾ ਦਾ ਪਰਿਵਾਰ ਕੈਨੇਡਾ ਚਲਾ ਗਿਆ ਸੀ। ਇਸ ਦਰਮਿਆਨ, ਮਲੇਸ਼ੀਆ ਵਿੱਚ ਦੋ ਸਾਂਸਦ ਹਨ। ਉਥੇ ਦੇ ਚੋਟੀ ਦੇ ਭਾਰਤੀ ਮੂਲ ਦੇ ਨੇਤਾ ਕਿਰਪਾਲ ਸਿੰਘ ਦੀ ਕੁਝ ਸਮਾਂ ਪਹਿਲਾ ਮੌਤ ਹੋ ਗਈ। ਗੋਬਿੰਦ ਸਿੰਘ ਦੇਵ ਵੀ ਮਲੇਸ਼ੀਆ ਵਿੱਚ ਸਾਂਸਦ ਹਨ। ਉਸਦੇ ਭਰਾ ਜਗਮੀਤ ਸਿੰਘ ਪਨਾਂਗ ਅਸੰਬਲੀ ਦੇ ਮੈਂਬਰ ਹਨ। ਦਰਅਸਲ ਮਲੇਸ਼ੀਆ ਵਿੱਚ ਭਾਰਤ ਵਾਸੀਆਂ ਵਿੱਚ ਜਿਆਦਾਤਰ ਤਾਮਲ ਹਨ। ਹਾਂ, ਸਿੱਖਾਂ ਦੀ ਵੀ ਕਾਫੀ ਆਬਾਦੀ ਹੈ। ਹੁਣ ਬਰਤਾਨੀਆ ਵੱਲ ਰੁਖ ਕਰ ਲੈਂਦੇ ਹਾਂ। ਬਰਤਾਨੀਆ ਦੀ ਮੌਜੂਦਾ ਸੰਸਦ ਵਿੱਚ ਕੋਈ ਸੰਸਦ ਮੈਂਬਰ ਨਹੀਂ ਹੈ।**



ਗੁਰਮੀਤ ਸਿੰਘ ਪਲਾਹੀ
91-98158-02070

**ਮੂਲ ਲੇਖਕ:- ਵਿਵੇਕ ਸ਼ੁਕਲਾ**
**ਪੰਜਾਬੀ ਰੂਪ:- ਗੁਰਮੀਤ ਪਲਾਹੀ**

ਇਹ ਹੁਣ ਸੰਭਵ ਲੱਗ ਰਿਹਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਅਮਰੀਕਾ ਦਾ ਰਾਸ਼ਟਰਪਤੀ ਜਾਂ ਕੈਨੇਡਾ ਦਾ ਪ੍ਰਧਾਨ ਮੰਤਰੀ ਕੋਈ ਸਿੱਖ ਬਣ ਜਾਏ। ਜੇਕਰ ਕੀਨੀਆ ਮੂਲ ਦੇ ਬਾਰਾਕ ਅਬਾਮਾ ਅਮਰੀਕਾ ਦੇ ਰਾਸ਼ਟਰਪਤੀ ਬਣ ਸਕਦੇ ਹਨ ਤਾਂ ਭਾਰਤੀ ਮੂਲ ਦੀ ਨਿੱਕੀ ਹੈਲੀ ਦਾ ਅਮਰੀਕਾ ਦੇ ਅਗਲੇ ਸੰਭਾਵਿਤ ਰਾਸ਼ਟਰਪਤੀ ਦੇ ਰੂਪ ਵਿੱਚ ਦੇਖਿਆ ਜਾਣਾ ਸਮਝਿਆ ਜਾ ਸਕਦਾ ਹੈ। 'ਦੀ ਨਿਊਯਾਰਕ ਟਾਈਮਜ਼' ਦੇ ਅਨੁਸਾਰ ਮੂਲ ਰੂਪ ਵਿੱਚ ਪੰਜਾਬ ਦੇ ਅੰਮ੍ਰਿਤਸਰ ਨਾਲ ਸਬੰਧ ਰੱਖਣ ਵਾਲੀ ਨਿੱਕੀ ਹੈਲੀ ਅਮਰੀਕਾ ਦੀਆਂ 2020 ਵਿੱਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਵਿੱਚ ਰਿਪਬਲਿਕਨ ਪਾਰਟੀ ਦੀ ਉਪ-ਰਾਸ਼ਟਰਪਤੀ ਦੇ ਅਹੁਦੇ ਦੀ ਉਮੀਦਵਾਰ ਹੋਏਗੀ। ਉਸਨੂੰ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਕਰੀਬੀ ਮੰਨਿਆ ਜਾਂਦਾ ਹੈ। ਨਿੱਕੀ ਹੈਲੀ ਦਾ ਅਸਲੀ ਨਾਮ ਨਿਮਰਤਾ ਰੰਧਾਵਾ ਹੈ, ਉਸਦਾ ਜਨਮ ਅਮਰੀਕਾ ਦੇ ਸੂਬੇ ਸਾਊਥ ਕੈਰੋਲਿਨੀ ਦੇ ਬੈਮਬਰਗ ਵਿੱਚ 1972 ਵਿੱਚ ਹੋਇਆ ਸੀ। ਉਸਦੇ ਪਿਤਾ ਦਾ ਨਾਮ ਅਜੀਤ ਸਿੰਘ ਰੰਧਾਵਾ ਅਤੇ ਮਾਤਾ ਦਾ ਨਾਮ ਰਾਜਕੌਰ ਰੰਧਾਵਾ ਹੈ। ਨਿੱਕੀ ਅੱਜ ਵੀ ਖ਼ੁਦ ਨੂੰ ਇੱਕ ਭਾਰਤੀ ਮਾਤਾ-ਪਿਤਾ ਦੀ ਮਾਣਮੱਤੀ ਬੇਟੀ ਅਤੇ ਭਾਰਤ ਨੂੰ ਦੂਸਰਾ ਘਰ ਮੰਨਦੀ ਹੈ।

ਉਧਰ ਕੈਨੇਡਾ ਵਿੱਚ 38 ਸਾਲਾ ਜਗਮੀਤ ਸਿੰਘ ਨੂੰ ਨੀਊ ਡੈਮੋਕਰੇਟਿਕ ਪਾਰਟੀ ਦਾ ਨੇਤਾ ਚੁਣਿਆ ਗਿਆ ਹੈ। ਜਗਮੀਤ ਸਿੰਘ ਕੈਨੇਡਾ ਦੀ ਇੱਕ ਪ੍ਰਮੁੱਖ ਸਿਆਸੀ ਪਾਰਟੀ ਦੀ ਅਗਵਾਈ ਕਰਨ ਵਾਲੇ ਪਹਿਲੇ ਭਾਰਤੀ ਮੂਲ ਦੇ ਰਾਜਨੇਤਾ ਬਣ ਗਏ ਹਨ। ਅੰਟੋਰਿਓ ਸੂਬੇ ਦੇ ਸਾਂਸਦ ਜਗਮੀਤ ਸਿੰਘ ਨੂੰ ਸਾਲ 2019 ਦੀਆਂ ਚੋਣਾਂ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਦੇ ਵਿਰੁੱਧ ਦਲ ਦੀ ਅਗਵਾਈ ਕਰਨ ਦੇ ਲਈ ਪਹਿਲੇ ਮਤਦਾਨ ਦੇ ਅਧਾਰ ਤੇ ਪਾਰਟੀ ਦਾ ਨੇਤਾ ਚੁਣਿਆ ਗਿਆ ਹੈ। ਜਿੱਤ ਦੇ ਬਾਅਦ ਉਹਨੇ ਟਵੀਟ ਕੀਤਾ, "ਧੰਨਵਾਦ, ਨੀਊ ਡੈਮੋਕ੍ਰੇਟਿਕਸ। ਪ੍ਰਧਾਨ ਮੰਤਰੀ ਦੀ ਦੌੜ ਹੁਣ ਸ਼ੁਰੂ ਹੋ ਗਈ"। ਸਾਲ 1977 ਵਿੱਚ ਅੰਟੋਰੀਓ ਦੇ ਸਕਾਰਬੈਰੋ ਵਿੱਚ ਜਨਮੇ ਜਗਮੀਤ ਸਿੰਘ ਦੇ ਮਾਤਾ-ਪਿਤਾ ਪੰਜਾਬ ਤੋਂ ਇਥੇ ਆਏ ਸਨ।

ਭਾਰਤ ਤੋਂ ਬਾਅਦ ਸਭ ਤੋਂ ਵੱਧ ਸਿੱਖ ਸਾਂਸਦ ਕੈਨੇਡਾ ਵਿੱਚ ਹੀ ਹਨ। ਕੈਨੇਡਾ ਦੇ ਪਿਛਲੀਆਂ ਆਮ ਚੋਣ ਵਿੱਚ ਪੰਜ ਸਿੱਖ ਸਾਂਸਦ ਪਹੁੰਚੇ ਅਤੇ ਹੁਣ ਇਥੇ ਦੋ ਸਿੱਖ ਮੰਤਰੀ ਹਨ। ਕੈਨੇਡਾ ਦੀ ਜਨਸੰਖਿਆ ਵਿੱਚ ਸਿੱਖਾਂ ਦੀ ਹਿੱਸੇਦਾਰੀ ਲਗਭਗ 1.4 ਫੀਸਦੀ ਹੈ। ਭਾਰਤੀ ਮੂ.ਲ ਦੇ ਕੈਨੇਡੀਅਨ ਸਿੱਖ ਹਰਜੀਤ ਸਿੰਘ ਸੱਜਣ ਨੂੰ ਕੈਨੇਡਾ ਦਾ ਰੱਖਿਆ ਮੰਤਰੀ ਬਣਾਇਆ ਗਿਆ ਹੈ ਅਤੇ ਜਦ ਉਹ ਪੰਜ ਸਾਲ ਦੇ ਸਨ ਤਾਂ ਉਹਨਾ ਦਾ ਪਰਿਵਾਰ ਕੈਨੇਡਾ ਚਲਾ ਗਿਆ ਸੀ। ਇਸ ਦਰਮਿਆਨ, ਮਲੇਸ਼ੀਆ ਵਿੱਚ ਦੋ ਸਾਂਸਦ ਹਨ। ਉਥੇ ਦੇ ਚੋਟੀ ਦੇ ਭਾਰਤੀ ਮੂਲ ਦੇ ਨੇਤਾ ਕਿਰਪਾਲ ਸਿੰਘ ਦੀ ਕੁਝ ਸਮਾਂ ਪਹਿਲਾ ਮੌਤ ਹੋ ਗਈ। ਗੋਬਿੰਦ ਸਿੰਘ ਦੇਵ ਵੀ ਮਲੇਸ਼ੀਆ ਵਿੱਚ ਸਾਂਸਦ ਹਨ। ਉਸਦੇ ਭਰਾ ਜਗਮੀਤ ਸਿੰਘ ਪਨਾਂਗ ਅਸੰਬਲੀ ਦੇ ਮੈਂਬਰ ਹਨ। ਦਰਅਸਲ ਮਲੇਸ਼ੀਆ ਵਿੱਚ ਭਾਰਤ ਵਾਸੀਆਂ ਵਿੱਚ ਜਿਆਦਾਤਰ ਤਾਮਲ ਹਨ। ਹਾਂ, ਸਿੱਖਾਂ ਦੀ ਵੀ ਕਾਫੀ ਆਬਾਦੀ ਹੈ। ਹੁਣ ਬਰਤਾਨੀਆ ਵੱਲ ਰੁਖ ਕਰ ਲੈਂਦੇ ਹਾਂ। ਬਰਤਾਨੀਆ ਦੀ ਮੌਜੂਦਾ ਸੰਸਦ ਵਿੱਚ ਕੋਈ ਸੰਸਦ ਮੈਂਬਰ ਨਹੀਂ ਹੈ। ਇਸ ਤੋਂ ਪਹਿਲਾਂ ਦੀ ਸੰਸਦ ਵਿੱਚ ਇੰਦਰਜੀਤ ਸਿੰਘ ਸਿੱਖਾਂ ਦੀ ਨੁਮਾਇੰਦਗੀ ਕਰਦੇ ਸਨ। ਕੰਵਲ ਸਿੰਘ ਬਖਸ਼ੀ ਨੀਊਜੀਲੈਂਡ ਦੀ ਸੰਸਦ ਦੇ ਸਿੱਖ ਸਾਂਸਦ ਹਨ। ਉਹਨਾ ਦਾ ਸਬੰਧ ਨੈਸ਼ਨਲ ਪਾਰਟੀ ਨਾਲ ਹੈ। ਉਹਨਾ ਦਾ ਪਰਿਵਾਰ 2001 ਵਿੱਚ ਨੀਊਜੀਲੈਂਡ ਜਾਕੇ ਵਸਿਆ ਸੀ। ਉਧਰ, ਇੰਦਰਜੀਤ ਸਿੰਘ ਵੀ ਦਿੱਲੀ ਤੋਂ ਹਨ। ਉਹ ਸਿੰਗਾਪੁਰ ਦੀ ਪਾਰਲੀਮੈਂਟ ਵਿੱਚ ਹਨ। ਉਹਨਾ ਨੇ ਸਕੂਲ ਅਤੇ ਕਾਲਜ ਦੀ ਪੜ੍ਹਾਈ ਸਿੰਗਾਪੁਰ ਤੋਂ ਕੀਤੀ ਹੋਈ ਹੈ। ਉਹ ਪੇਸ਼ੇ ਤੋਂ ਇੰਜੀਨੀਅਰ ਹਨ। ਪ੍ਰੀਤਮ ਸਿੰਘ ਵੀ ਸਿੰਗਾਪੁਰ ਵਿੱਚ ਸਾਂਸਦ ਹਨ। ਉਹ ਪੇਸ਼ੇ ਤੋਂ ਵਕੀਲ ਹਨ। ਪਰਮਿੰਦਰ ਸਿੰਘ ਮਰਵਾਹਾ ਅਫਰੀਕਾ ਦੇ ਕਿਸੇ ਵੀ ਦੇਸ਼ ਦੀ ਪਾਰਲੀਮੈਂਟ ਵਿੱਚ ਪਹੁੰਚਣ ਵਾਲੇ ਪਹਿਲੇ ਸਿੱਖ ਸਾਂਸਦ ਹਨ। ਉਹ ਯੁਗੰਡਾ ਦੀ ਪਾਰਲੀਮੈਂਟ ਵਿੱਚ ਸਨ। ਉਹ ਬੀਤੇ ਸਾਲ ਸੰਸਦ ਦੀਆਂ ਚੋਣਾਂ 'ਚ ਹਾਰ ਗਏ ਸਨ। ਉਹ ਭਾਰਤ ਆਉਂਦੇ ਜਾਂਦੇ ਰਹਿੰਦੇ ਹਨ। ਉਹ ਚਾਹੁੰਦੇ ਹਨ ਕਿ ਭਾਰਤ ਦੇ ਨਿਵੇਸ਼ਕ ਯੁਗੰਡਾ ਦੇ ਖੇਤੀ ਖੇਤਰ ਵਿੱਚ ਧਨ ਲਗਾਉਣ। ਉਹਨਾ ਦੇ ਪਰਿਵਾਰ ਨੇ 1970 ਦੇ ਦਹਾਕੇ ਵਿੱਚ ਯੁਗੰਡਾ ਨਹੀਂ ਛੱਡਿਆ ਸੀ, ਜਦੋਂ ਈਦੀ ਅਮੀਨ ਭਾਰਤੀਆਂ ਉਤੇ ਜ਼ੁਲਮ ਢਾਅ ਰਹੇ ਸਨ। ਅਫਰੀਕਾ ਤੋਂ ਬਾਹਰ ਨਿਕਲਦਿਆਂ ਕੀਨੀਆ ਵੱਲ ਵੀ ਹੋ ਚੱਲਦੇ ਹਾਂ। ਇਧਰ ਇੱਕ ਸਰਦਾਰਨੀ ਸਾਂਸਦ ਹੈ। ਦਿਲ ਖੁਸ਼ ਹੋ ਗਿਆ ਨਾ ਤੁਹਾਡਾ। ਨਾਮ ਹੈ ਸੋਨੀਆ ਵਿਰਦੀ। ਇਹ ਪਹਿਲੀ ਏਸ਼ਿਆਈ ਮੂਲ ਦੀ ਕੀਨੀਆ ਵਿੱਚ ਔਰਤ ਸਾਂਸਦ ਹੈ। ਜਾਨੀ ਹੁਣ ਸਿੱਖਾਂ ਦੀ ਹੋ ਰਹੀ ਹੈ, ਹਰ ਥਾਂ ਬੱਲੇ-ਬੱਲੇ।

# ਬਿਕਰਮ ਅਤੇ ਬੇਤਾਲ ਬਨਾਮ ਰਿਜ਼ਰਵ ਬੈਂਕ ਅਤੇ ਸਰਕਾਰ

**ਮੂਲ : ਸ਼ੰਕਰ ਆਇਰ**
**ਪੰਜਾਬੀ ਰੂਪ : ਗੁਰਮੀਤ ਪਲਾਹੀ**

ਲੰਘੇ ਸੋਮਵਾਰ ਸ਼ਾਮੀ ਅੱਠ ਵਜੇ ਤੋਂ ਬਾਅਦ ਟੀ ਵੀ ਚੈਨਲਾਂ ਅਤੇ ਸੋਸ਼ਲ ਮੀਡੀਆ ਉੱਤੇ ਇੱਕੋ ਖ਼ਬਰ ਛਾਈ ਹੋਈ ਸੀ ਕਿ ਰਿਜ਼ਰਵ ਬੈਂਕ ਨੇ ਹਾਰ ਮੰਨ ਲਈ ਹੈ, ਰਿਜ਼ਰਵ ਬੈਂਕ ਸਰਕਾਰ ਅੱਗੇ ਝੁਕ ਗਿਆ ਹੈ। ਜਾਪ ਰਿਹਾ ਸੀ ਕਿ ਕਿਸੇ ਸੂਬੇ 'ਚ ਸਰਕਾਰ ਵਿਰੁੱਧ ਬਗ਼ਾਵਤ ਹੋਈ ਅਤੇ ਉਸ ਨੂੰ ਕੁਚਲ ਦਿੱਤਾ ਗਿਆ ਹੈ। ਇੱਕ ਸੰਸਥਾ ਬਨਾਮ ਭਾਰਤ ਸਰਕਾਰ ਦੀ ਇਹ ਕਥਾ-ਕਹਾਣੀ ਦੇਸ਼ ਦੇ ਹਾਲਾਤ ਬਿਆਨ ਕਰਨ ਵਾਲੀ ਸੀ। ਸਵਾਲ ਦੇਸ਼ ਦੀ ਵਿੱਤੀ ਹਾਲਤ ਅਤੇ ਲੋਕਾਂ ਦੇ ਰੁਪਏ-ਪੈਸੇ ਨੂੰ ਦਿੱਤੇ ਜਾਣ ਵਾਲੇ ਜੋਖਮ ਦਾ ਹੈ। ਰਿਜ਼ਰਵ ਬੈਂਕ ਦੇ ਡਾਇਰੈਕਟਰ ਮੰਡਲ ਦੀ ਬੈਠਕ ਤੋਂ ਬਾਅਦ ਐਲਾਨੀ ਜਿੱਤ ਦਾ ਭਾਵ ਆਪਸੀ ਵਿਚਾਰ-ਚਰਚਾ ਹੋਣ ਅਤੇ ਮੁੱਦਿਆਂ ਦੀ ਜਾਂਚ ਨੂੰ ਲੈ ਕੇ ਬਣਾਈਆਂ ਕਮੇਟੀਆਂ ਤੋਂ ਹੈ। ਰਿਜ਼ਰਵ ਬੈਂਕ ਦੇ ਡਾਇਰੈਕਟਰ ਮੰਡਲ ਨੇ ਸੰਕਟ ਗ੍ਰਸਤ ਐੱਮ ਐੱਸ ਐੱਮ ਈ ਦੇ ਪੁਨਰ-ਗਠਨ ਲਈ 25 ਕਰੋੜ ਰੁਪਏ ਦੇ ਕਰਜ਼ੇ ਅਤੇ ਨਕਦ ਰਿਜ਼ਰਵ ਅਨੁਪਾਤ (ਸੀ ਆਰ ਆਰ) ਨੂੰ ਨੌਂ ਫ਼ੀਸਦੀ ਰੱਖਣ ਦਾ ਫ਼ੈਸਲਾ ਕਰ ਕੇ ਮਾਮੂਲੀ ਜਿਹੀ ਰਾਹਤ ਦਿੱਤੀ ਹੈ। ਭਾਰਤੀ ਰਿਜ਼ਰਵ ਬੈਂਕ ਵਿੱਚ ਜਾਰੀ ਲੜਾਈ ਸਰਕਾਰ ਵੱਲੋਂ ਜ਼ਿਆਦਾ ਤਾਕਤਾਂ ਹਥਿਆਉਣ ਦੀ ਲੋੜ ਦੀ ਲੜਾਈ ਹੈ। ਆਮ ਤੌਰ 'ਤੇ ਸਿਆਸੀ ਦਿਲਚਸਪੀ ਇਸ ਗੱਲ 'ਚ ਹੁੰਦੀ ਹੈ ਕਿ ਧਨ ਨੂੰ ਕਿੱਥੇ ਖ਼ਰਚਣ ਦੀ ਲੋੜ ਹੈ, ਜਦੋਂ ਕਿ ਇਹ ਕਿੱਥੇ ਖ਼ਰਚ ਹੋ ਗਿਆ, ਇਸ ਉੱਤੇ ਜ਼ਰਾ ਵੀ ਧਿਆਨ ਨਹੀਂ ਦਿੱਤਾ ਜਾਂਦਾ। ਰੋਨਾਲਡ ਰੀਗਨ ਨੇ ਇੱਕ ਵਾਰ ਕਿਹਾ ਸੀ ਕਿ ਸਰਕਾਰਾਂ ਨੂੰ ਹਮੇਸ਼ਾ ਪੈਸੇ ਦੀ ਲੋੜ ਹੁੰਦੀ ਹੈ। ਅਸਲ ਵਿੱਚ ਪਿਛਲੇ ਸਾਲਾਂ 'ਚ ਸਰਕਾਰਾਂ ਨੇ ਹਮੇਸ਼ਾ ਕੋਈ ਨਾ ਕੋਈ ਲੋੜ ਲੱਭੀ ਹੈ, ਜਿਸ ਦੇ ਲਈ ਉਨ੍ਹਾਂ ਕੋਲ ਧਨ ਨਹੀਂ ਹੁੰਦਾ।

ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਮੌਜੂਦਾ ਸਰਕਾਰ ਵੀ ਵਾਧੂ ਧਨ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਰਿਜ਼ਰਵ ਕੋਸ਼ ਤੱਕ ਪਹੁੰਚ ਬਣਾਉਣ ਲਈ ਅਤੇ ਰਿਜ਼ਰਵ ਬੈਂਕ ਨੂੰ ਆਪਣੇ ਹੁਕਮਾਂ ਦੀ ਪਾਲਣਾ ਕਰਨ ਲਈ ਰਾਜ਼ੀ ਕਰਨ ਵਾਸਤੇ ਸਰਕਾਰ ਨੇ ਆਰ ਬੀ ਆਈ ਐਕਟ ਦੀ ਕਦੀ ਵਰਤੋਂ 'ਚ ਨਾ ਆਈ ਧਾਰਾ 7 ਨੂੰ ਲਾਗੂ ਕਰਨ ਦੀ ਧਮਕੀ ਦਿੱਤੀ ਸੀ। ਸਰਕਾਰ ਰਿਜ਼ਰਵ ਬੈਂਕ ਦੇ ਕੋਲ ਜਮ੍ਹਾਂ ਵਾਧੂ ਰਿਜ਼ਰਵ ਕੋਸ਼ ਦਾ ਹਿੱਸਾ ਚਾਹੁੰਦੀ ਹੈ। ਰਿਜ਼ਰਵ ਬੈਂਕ ਦੇ ਡਿਪਟੀ ਗਵਰਨਰ ਵਿਰਲ ਅਚਾਰੀਆ ਅਤੇ ਕੇ ਐੱਸ ਵਿਸ਼ਵਾਨਾਥਨ ਨੇ ਸਰਵਜਨਕ ਤੌਰ 'ਤੇ ਇਸ ਦਾ ਵਿਰੋਧ ਕਰਦੇ ਹੋਏ ਇਸ ਨੂੰ ਰਿਜ਼ਰਵ ਬੈਂਕ ਦੀ ਖ਼ੁਦਮੁਖਤਿਆਰੀ 'ਤੇ ਹਮਲਾ ਕਰਾਰ ਦਿੱਤਾ ਸੀ। ਵਿੱਤ ਮੰਤਰਾਲੇ ਦੇ ਅਧਿਕਾਰੀਆਂ ਨੇ ਇਹ ਅੰਕੜਾ 3.6 ਲੱਖ ਕਰੋੜ ਰੁਪਏ ਦੇ ਲਾਗੇ ਦੱਸਿਆ ਹੈ।

ਸਰਵਜਨਕ ਤੌਰ 'ਤੇ ਟਕਰਾਅ ਦੇ ਸਾਹਮਣੇ ਆਉਣ ਦੇ ਦੋ ਦਿਨ ਬਾਅਦ ਸਰਕਾਰ ਨੇ ਇਸ ਤੋਂ ਇਨਕਾਰ ਕਰ ਦਿੱਤਾ। ਇਸ ਇਨਕਾਰ ਦੀ ਵਿਆਖਿਆ ਪੁਸ਼ਟੀ ਦੇ ਤੌਰ 'ਤੇ ਕੀਤੀ ਗਈ। ਸਭ ਤੋਂ ਪਹਿਲਾਂ ਇਸ ਖ਼ੁਦਮੁਖਤਿਆਰੀ ਦੇ ਸਿਧਾਂਤ ਉੱਤੇ ਵਿਚਾਰ ਕਰਨੀ ਬਣਦੀ ਹੈ। ਰਿਜ਼ਰਵ ਬੈਂਕ ਕੋਲ ਸਰਕਾਰ ਵੱਲੋਂ ਤੈਅ ਕੀਤੀਆਂ ਨੀਤੀਆਂ ਨੂੰ ਲੈ ਕੇ ਕੰਮ-ਕਾਜੀ ਖ਼ੁਦਮੁਖਤਿਆਰੀ ਹੈ। ਰਿਜ਼ਰਵ ਬੈਂਕ ਨੂੰ ਸੰਵਿਧਾਨ ਦੀ ਸੱਤਵੀਂ ਅਨੁਸੂਚੀ ਵਿੱਚ ਕੇਂਦਰ ਸਰਕਾਰ ਦੇ ਅਧਿਕਾਰ ਹੇਠ ਰੱਖਿਆ ਗਿਆ ਹੈ। ਆਰ ਬੀ ਆਈ ਐਕਟ ਦੀ ਧਾਰਾ ਸੱਤ ਕੇਂਦਰ ਸਰਕਾਰ ਵੱਲੋਂ ਆਰ ਬੀ ਆਈ ਨੂੰ ਦਿਸ਼ਾ-ਨਿਰਦੇਸ਼ ਜਾਰੀ ਕਰਨ ਅਤੇ ਬੋਰਡ ਦੇ ਨਿੱਤ ਦਿਨ ਦੇ ਕੰਮ-ਕਾਜ ਨੂੰ ਆਪਣੇ ਹੱਥਾਂ ਵਿੱਚ ਲੈਣ ਦਾ ਹੱਕ ਦਿੰਦੀ ਹੈ।

ਹੁਣ ਤੱਕ ਨਾ ਪੁੱਛਿਆ ਗਿਆ ਅਤੇ ਅਣ-ਸੁਖਾਵਾਂ ਸਵਾਲ ਇਹੀ ਹੈ ਕਿ ਕੀ 8 ਨਵੰਬਰ 2016 ਨੂੰ ਰਿਜ਼ਰਵ ਬੈਂਕ ਖ਼ੁਦਮੁਖਤਿਆਰ ਸੀ ? (ਉਸ ਦਿਨ ਪ੍ਰਧਾਨ ਮੰਤਰੀ ਨੇ ਅੱਧੀ ਰਾਤ ਨੂੰ ਅਚਾਨਕ ਨੋਟਬੰਦੀ ਦਾ ਐਲਾਨ ਬਿਨਾਂ ਕਿਸੇ ਨੂੰ ਪੁੱਛਿਆਂ-ਦੱਸਿਆਂ ਕਰ ਦਿੱਤਾ ਸੀ)।

ਦਿਲਚਸਪ ਗੱਲ ਇਹ ਹੈ ਕਿ ਤਿੰਨ ਲੱਖ ਕਰੋੜ ਰੁਪਏ ਦਾ ਅੰਕੜਾ ਨੋਟਬੰਦੀ ਤੋਂ ਬਾਅਦ ਚਰਚਾ ਵਿੱਚ ਸੀ। ਉਸ ਸਮੇਂ ਦੇ ਅਟਾਰਨੀ ਜਨਰਲ ਮੁਕੁਲ ਰੋਹਤਗੀ ਨੇ ਸੁਪਰੀਮ ਕੋਰਟ 'ਚ ਕਿਹਾ ਸੀ ਕਿ ਰੱਦ ਕੀਤੇ ਗਏ ਨੋਟਾਂ ਦੇ ਕਾਰਨ ਚਾਰ ਤੋਂ ਪੰਜ ਲੱਖ ਕਰੋੜ ਰੁਪਏ ਵਾਪਸ ਨਹੀਂ ਆਉਣਗੇ ਅਤੇ ਇਹ ਅਟਕਲਾਂ ਵੀ ਸਨ ਕਿ ਇਹ ਧਨ ਸਰਕਾਰ ਦੇ ਖ਼ਜ਼ਾਨੇ 'ਚ ਰਿਜ਼ਰਵ ਬੈਂਕ ਨੂੰ ਲਾਭ ਦੇ ਰੂਪ ਵਿੱਚ ਮਿਲੇਗਾ। 99.9 ਫ਼ੀਸਦੀ ਨੋਟਾਂ ਦੇ ਵਾਪਸ ਆ ਜਾਣ ਨਾਲ ਇਵੇਂ ਨਹੀਂ ਹੋ ਸਕਿਆ। ਦੂਸਰਾ, ਜੀ ਐੱਸ ਟੀ ਦਾ ਗੁਬਾਰਾ ਲਾਗੂ ਹੋਣ ਤੋਂ ਬਾਅਦ ਖ਼ਜ਼ਾਨੇ 'ਚ ਵਾਧੇ ਦੀ ਵੀ ਤਵੱਕੋ ਸੀ, ਪਰ ਜੀ ਐੱਸ ਟੀ ਹਾਲੇ ਤੱਕ ਵੀ ਮਿੱਥੇ ਨਿਸ਼ਾਨੇ ਤੋਂ ਥੱਲੇ ਹੈ।

ਹੁਣ ਬਹਿਸ ਇਸ ਗੱਲ ਉੱਤੇ ਹੈ ਕਿ ਆਖ਼ਿਰ ਸਰਕਾਰ ਨੂੰ 3.6 ਲੱਖ ਕਰੋੜ ਰੁਪਏ ਕਿਉਂ ਚਾਹੀਦੇ ਹਨ? ਇਸ ਸੰਬੰਧੀ ਦੋ ਗੱਲਾਂ ਬਾਰੇ ਚਰਚਾ ਹੈ। ਪਹਿਲੀ ਗੱਲ ਇਹ ਹੈ ਕਿ ਦੇਸ਼ ਵਿੱਚ ਪੰਜ ਸੂਬਿਆਂ ਦੀਆਂ ਚੋਣਾਂ ਤੋਂ ਬਾਅਦ ਅੰਤਰਿਮ ਬਜਟ ਵਿੱਚ ਕਈ ਨਵੇਂ ਚੋਣ ਐਲਾਨਾਂ ਲਈ ਇਸ ਦੀ ਲੋੜ ਹੈ। ਦੂਜੀ ਗੱਲ ਵਿੱਤੀ ਖੇਤਰ ਦੇ ਸੰਕਟ ਨਾਲ ਜੁੜੀ ਹੋਈ ਹੈ ਅਤੇ ਕਿਹਾ ਜਾ ਰਿਹਾ ਹੈ ਕਿ ਵਿੱਤੀ ਘਾਟਾ ਪੂਰਾ ਕਰਨ ਲਈ ਇਸ ਦੀ ਲੋੜ ਹੈ। ਪੇਂਡੂ ਅਰਥਚਾਰੇ ਨੂੰ ਚੰਗੇਰਾ ਬਣਿਆ ਦਰਸਾਉਣ ਅਤੇ ਨਾਰਾਜ਼ ਕਿਸਾਨਾਂ ਦਾ ਵਿਸ਼ਵਾਸ ਜਿੱਤਣ ਲਈ ਚੋਣ ਐਲਾਨ ਕੀਤੇ ਜਾਣੇ ਹਨ। ਤਿਲੰਗਾਨਾ ਸਰਕਾਰ ਦੀ ਰਾਇਤੂ ਬਧੂ ਯੋਜਨਾ ਜਿਹੀ ਕੋਈ ਕਿਸਾਨਾਂ ਦੀ ਆਮਦਨ ਵਧਾਉਣ ਵਾਲੀ ਸਕੀਮ ਉੱਤੇ ਵਿਚਾਰ ਹੋ ਸਕਦਾ ਹੈ, ਜਿਸ ਵਿੱਚ ਹਾੜ੍ਹੀ ਅਤੇ ਸਾਉਣੀ ਦੀਆਂ ਫ਼ਸਲਾਂ ਦੇ ਲਈ ਹਰੇਕ ਕਿਸਾਨ ਨੂੰ ਚਾਰ ਹਜ਼ਾਰ ਰੁਪਏ ਦੇਣ ਦਾ ਵਾਅਦਾ ਕੀਤਾ ਗਿਆ ਹੈ। ਕਰਨਾਟਕ ਵਿੱਚ ਭਾਜਪਾ ਨੇ ਆਪਣੇ ਚੋਣ ਮਨੋਰਥ-ਪੱਤਰ ਵਿੱਚ ਇਸ ਨੂੰ ਸ਼ਾਮਲ ਕੀਤਾ ਸੀ। ਤਿਲੰਗਾਨਾ ਦੀ ਯੋਜਨਾ ਦੀ ਲਾਗਤ 12000 ਕਰੋੜ ਰੁਪਏ ਹੈ। ਸਾਰੇ ਸੂਬਿਆਂ ਦਾ ਅਨੁਮਾਨ ਸਾਲਾਨਾ ਦਿੱਤੀ ਜਾ ਰਹੀ ਖ਼ਾਦ ਸਬਸਿਡੀ ਨਾਲੋਂ ਜ਼ਿਆਦਾ ਹੋਵੇਗਾ। ਇਸ ਤੋਂ ਇਲਾਵਾ ਹਰ ਸਾਲ ਇਸ ਲਈ ਧਨ ਦੀ ਲੋੜ ਹੋਵੇਗੀ।

ਚੋਣਾਂ ਸਮੇਂ ਇਸ ਯੋਜਨਾ ਦਾ ਦੂਜਾ ਬਦਲ ਘੱਟੋ-ਘੱਟ ਬੁਨਿਆਦੀ ਆਮਦਨ ਤੈਅ ਕਰਨਾ ਹੋ ਸਕਦਾ ਹੈ। ਇਹ 2016-17 ਦੇ ਆਰਥਿਕ ਸਰਵੇ ਵਿੱਚ ਸ਼ਾਮਲ ਸਭਨਾਂ ਲਈ ਬੁਨਿਆਦੀ ਆਮਦਨ ਤੈਅ ਕਰਨ ਵਾਂਗ ਹੈ। ਇੱਕ ਬਦਲ 'ਆਯੂਸ਼ਮਾਨ ਭਾਰਤ' ਦੇ ਤਹਿਤ 10 ਕਰੋੜ ਗ਼ਰੀਬ ਪਰਵਾਰਾਂ ਨੂੰ ਮੁਫਤ ਇਲਾਜ ਲਈ ਦਿੱਤੇ ਜਾ ਰਹੇ ਇੱਕ ਵਾਰ ਦੇ ਭੁਗਤਾਨ ਦੇ ਰੂਪ 'ਚ ਹੋ ਸਕਦਾ ਹੈ। 3.6 ਲੱਖ ਕਰੋੜ ਦੇ ਕੋਸ਼ ਵਿੱਚ ਹਰ ਪਰਵਾਰ ਨੂੰ 30,000 ਰੁਪਏ ਦਿੱਤੇ ਜਾ ਸਕਦੇ ਹਨ। ਤਦ ਕੀ ਅਸਲ 'ਚ ਸਰਕਾਰ ਲੋਕ-ਲੁਭਾਉਣੇ ਪ੍ਰੋਗਰਾਮ ਲਈ ਇਹ ਧਨ ਚਾਹੁੰਦੀ ਹੈ?

ਸਿਆਸਤ ਦੇ ਚਤੁਰ ਖਿਡਾਰੀ ਸਾਨੂੰ-ਤੁਹਾਨੂੰ ਦੱਸਣਗੇ ਕਿ ਵੋਟਰ ਸ਼ਾਇਦ ਹੀ ਯਾਦ ਰੱਖਦੇ ਹਨ ਕਿ ਉਹਨਾਂ ਲਈ ਕੀ ਕੀਤਾ ਗਿਆ ਅਤੇ ਸਿਆਸੀ ਦਲ ਵਾਅਦੇ ਦੇ ਆਧਾਰ 'ਤੇ ਵੋਟ ਮੰਗਦੇ ਹਨ।

ਇਸ ਦਾ ਸਿੱਧਾ ਅਰਥ ਇਹ ਹੈ ਕਿ ਧਨ ਦੀ ਲੋੜ 2019 ਦੇ ਚੋਣ ਨਤੀਜਿਆਂ ਤੋਂ ਬਾਅਦ ਹੋਵੇਗੀ। ਨਾਰਥ ਬਲਾਕ ਅਤੇ ਮਿੰਟ ਸਟਰੀਟ ਦੇ ਵਿੱਚ ਹੋਇਆ ਟਕਰਾਅ ਵਿੱਤੀ ਸੰਕਟ ਦੀ ਤੀਬਰਤਾ ਦਿਖਾਉਂਦਾ ਹੈ। ਪਹਿਲੀ ਤਿਮਾਹੀ ਵਿੱਚ ਅਰਥ-ਵਿਵਸਥਾ ਦੀ ਰਫਤਾਰ 8.2 ਫ਼ੀਸਦੀ ਰਹੀ। ਸਿੱਧੇ ਟੈਕਸਾਂ ਵਿੱਚ ਵਾਧਾ 16.7 ਫ਼ੀਸਦੀ ਹੋ ਗਿਆ ਅਤੇ ਅਸਿੱਧੇ ਟੈਕਸਾਂ ਵਿੱਚ ਵੀ ਇਹੋ ਹਾਲਾਤ ਰਹੇ।

ਵਿੱਤ ਵਿਭਾਗ ਦਾ ਕਹਿਣਾ ਹੈ ਕਿ ਵਿੱਤੀ ਘਾਟਾ 3.2 ਫ਼ੀਸਦੀ ਰਹੇਗਾ ਅਤੇ ਨਿਵੇਸ਼ ਸਹੀ ਦਿਸ਼ਾ ਵਿੱਚ ਹੋ ਰਿਹਾ ਹੈ ਅਤੇ ਇਹ ਇੱਕ ਲੱਖ ਕਰੋੜ ਰੁਪਏ ਦੇ ਮਿੱਥੇ ਨਿਸ਼ਾਨੇ ਨੂੰ ਪਾਰ ਕਰ ਲਵੇਗਾ। ਤਦ ਫਿਰ ਸਰਕਾਰ ਨੂੰ ਧਨ ਦੀ ਲੋੜ ਕਿਉਂ ਹੈ? ਆਮਦਨ ਅਤੇ ਖ਼ਰਚ ਵਿੱਚ ਬੇ-ਮੇਲ ਵਾਲੀ ਸਥਿਤੀ ਬਣੀ ਹੋਈ ਹੈ, ਜੋ ਸ਼ੰਕੇ ਪੈਦਾ ਕਰ ਰਹੀ ਹੈ। ਸੂਬਾ ਸਰਕਾਰਾਂ ਦੇ ਅੰਦਰ ਰਾਜ ਬਿਜਲੀ ਬੋਰਡਾਂ ਦੇ ਬਿਜਲੀ ਕੰਪਨੀਆਂ ਦੇ ਬਕਾਇਆਂ ਅਤੇ ਸੰਸਥਾਵਾਂ ਦੇ ਢਾਂਚਾਗਤ ਖ਼ਰਚਿਆਂ ਅਤੇ ਸਸਤੀਆਂ ਰਿਹਾਇਸ਼ੀ ਯੋਜਨਾਵਾਂ ਨੂੰ ਲੈ ਕੇ ਖਲਬਲੀ ਮੱਚੀ ਹੋਈ ਹੈ। ਇਸੇ ਤਰ੍ਹਾਂ ਦੇਸ ਬਾਜ਼ਾਰ ਵਿੱਚ ਨਕਦੀ ਦੀ ਕਮੀ ਨਾਲ ਵੀ ਜੂਝ ਰਿਹਾ ਹੈ। ਬੈਂਕ ਅਤੇ ਗ਼ੈਰ-ਵਿੱਤੀ ਸੰਸਥਾਵਾਂ ਇਸ ਕਾਰਨ ਸੰਕਟ ਵਿੱਚ ਹਨ।

ਅਸਲ ਸਮੱਸਿਆ ਕੰਮ ਕਰਨ ਦੀ ਸ਼ਕਤੀ-ਸਮਰੱਥਾ ਅਤੇ ਕਲਪਨਾ ਸ਼ਕਤੀ 'ਚ ਕਮੀ ਦੀ ਹੈ। ਜਮ੍ਹਾਂ-ਜ਼ੁਬਾਨੀ ਜੰਗ ਦਾ ਕੋਈ ਮਤਲਬ ਨਹੀਂ। ਇਹ ਬਹੁਤ ਸੌਖਾ ਹੱਲ ਹੈ ਕਿ ਰਿਜ਼ਰਵ ਬੈਂਕ ਨੂੰ ਕਿਹਾ ਜਾਵੇ ਕਿ ਉਹ ਵਾਧੂ ਧਨ ਨਾਲ 'ਭਾਰਤ ਫ਼ੰਡ' ਦੀ ਸਥਾਪਨਾ ਕਰੇ, ਜੋ ਬੈਂਕਾਂ ਦੇ ਮੁੜ ਪੈਰਾਂ 'ਤੇ ਖੜੇ ਹੋਣ ਲਈ ਮਦਦ ਕਰੇ, ਸਹਾਈ ਹੋਵੇ; ਨੈਸ਼ਨਲ ਇਨਫਰਾਸਟਰਕਚਰ ਇਨਵੈਸਟਮੈਂਟ ਟਰੱਸਟ ਵਿੱਚ ਪੈਸੇ ਲਾਵੇ ਅਤੇ ਆਪਣੇ ਵੱਲੋਂ ਕਿਸੇ ਨਿਵੇਸ਼ ਨੂੰ ਸੌਖਾ-ਸਰਲ ਬਣਾਵੇ। ਦੌਲਤ ਸਰਕਾਰ ਕੋਲ ਹੈ, ਪਰ ਉਹ ਬਿਨਾਂ ਧਨ-ਦੌਲਤ ਗੁਆਇਆਂ ਮੁੱਦਿਆਂ ਨੂੰ ਸੁਲਝਾਉਣ ਦਾ ਕੰਮ ਨੇਪਰੇ ਚਾੜ੍ਹਨਾ ਚਾਹੁੰਦੀ ਹੈ।

# ਗੁਰਦੁਆਰਾ ਕਲਗੀਧਰ ਸਾਹਿਬ ਫੋਨਤਾਨੈਲੇ (ਤਰਵੀਜੋ) ਦੀ ਪਹਿਲੀ ਵਰ੍ਹੇਗੰਢ ਮੌਕੇ ਸਮਾਗਮ ਕਰਵਾਇਆ

**ਰੋਮ (ਇਟਲੀ) (ਟੇਕ ਚੰਦ ਜਗਤਪੁਰ)-** ਇਟਲੀ ਦੇ ਗੁਰਦੁਆਰਾ ਕਲਗੀਧਰ ਸਾਹਿਬ ਫੋਨਤਾਨੈਲੇ (ਤਰਵੀਜੋ) ਦੀ ਪਹਿਲੀ ਵਰ੍ਹੇਗੰਢ ਮੌਕੇ ਪ੍ਰਬੰਧਕ ਕਮੇਟੀ ਦੁਆਰਾ ਸਮੂਹ ਸੰਗਤ ਦੇ ਸਹਿਯੋਗ ਨਾਲ਼ ਇਸ ਦਿਹਾੜੇ ਨੂੰ ਸ਼ਰਧਾ ਤੇ ਉਤਸ਼ਾਹ ਪੂਰਵਕ ਮਨਾਉਣ ਲਈ ਵਿਸ਼ੇਸ਼ ਧਾਰਮਿਕ ਸਮਾਗਮ ਕਰਵਾਇਆ ਗਿਆ ਜਿਸ ਦੌਰਾਨ ਵੱਡੀ ਗਿਣਤੀ ਵਿੱਚ ਸੰਗਤ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਗਏ। ਉਪਰੰਤ





ਗੁਰਬਾਣੀ ਸ਼ਬਦਾਂ ਦਾ ਰਸ-ਭਿੰਨੜਾ ਕੀਰਤਨ ਕੀਤਾ ਗਿਆ। ਇੰਗਲੈਂਡ ਦੀ ਧਰਤੀ ਤੋਂ ਪਹੁੰਚੇ ਪ੍ਰਸਿੱਧ ਕਥਾ ਵਾਚਕ ਬੀਬੀ ਨਵਦੀਪ ਕੌਰ ਦੁਆਰਾ ਬਹੁਤ ਹੀ ਸੁਚੱਜੀਆਂ ਤੇ ਵਡਮੁੱਲੀਆਂ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਗਈ। ਪ੍ਰਬੰਧਕਾਂ ਦੁਆਰਾ ਸਮੁੱਚੀ ਸੰਗਤ ਨੂੰ ਗੁਰਦੁਆਰਾ ਸਾਹਿਬ ਦੀ ਸਥਾਪਨਾ ਦਿਵਸ ਦੀ ਵਧਾਈ ਦਿੱਤੀ ਗਈ ਅਤੇ ਸਮੂਹ ਸੰਗਤ ਦਾ ਧੰਨਵਾਦ ਕੀਤਾ ਗਿਆ ਤੇ ਪ੍ਰਮੁੱਖ ਸ਼ਖਸ਼ੀਅਤਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ।

# ਵਿਸ਼ਵ ਕੱਪ ਹਾਕੀ ਦੇ ਮੁੱਢਲੇ ਮੈਚ ਸੰਘਰਸ਼ੀ ਤੇ ਰੁਮਾਂਚਕ ਰਹੇ

ਖੇਡ ਮੈਦਾਨ ਬੋਲਦਾ ਹੈ
ਜਗਰੂਪ ਸਿੰਘ ਜਰਖੜ
98143-00722



ਵਿਸ਼ਵ ਕੱਪ ਹਾਕੀ ਮੁਕਾਬਲਾ ਜੋ 28 ਨਵੰਬਰ ਤੋਂ ਭੁਵਨੇਸ਼ਵਰ ਦੇ ਕਲਿੰਗਾ ਸਟੇਡੀਅਮ ਵਿਖੇ ਸ਼ੁਰੂ ਹੋਇਆ, ਦੀ ਸਭ ਤੋਂ ਵੱਡੀ ਅਹਿਮੀਅਤ ਇਹ ਰਹੀ ਕਿ ਉਸਦਾ ਉਦਘਾਟਨੀ ਪ੍ਰੋਗਰਾਮ ਬਹੁਤ ਹੀ ਕਾਬਲੇ-ਤਾਰੀਫ਼ ਸੀ। ਇਹ ਪਹਿਲੀ ਵਾਰ ਹੋਇਆ ਜਦੋਂ ਹਾਕੀ ਵਿਸ਼ਵ ਕੱਪ ਵਿਚ ਫ਼ਿਲਮੀ ਸਿਤਾਰਿਆਂ ਨੇ ਆਪੇ ਹੁਨਰ ਦਾ ਮੁਜ਼ਾਹਰਾ ਕੀਤਾ ਅਤੇ ਉਹਨੂੰ ਹਾਕੀ ਪ੍ਰੇਮੀਆਂ ਨੇ ਵੱਡੀ ਗਿਣਤੀ ਵਿਚ ਦੇਖਿਆ। ਇਸ ਮੌਕੇ ਏ.ਆਰ. ਰਹਿਮਾਨ ਵੱਲੋਂ ਤਿਆਰ ਕੀਤੀ ਕੋਰੀਉਗਰਾਫ਼ੀ ਅਤੇ ਹਾਕੀ 'ਤੇ ਪੇਸ਼ ਕੀਤੇ ਗੀਤਾਂ ਦਾ ਨਜ਼ਾਰਾ ਤਾਂ ਦੇਖਿਆਂ ਹੀ ਬਣਦਾ ਸੀ। ਮਾਧੁਰੀ ਦਿਕਸ਼ਿਤ, ਸ਼ਾਹਰੁਖ ਖ਼ਾਨ ਤੇ ਹੋਰ ਫ਼ਿਲਮੀ ਸਿਤਾਰਿਆਂ ਨੇ ਆਪਣੇ ਫਨ ਦਾ ਮੁਜ਼ਾਹਰਾ ਕੀਤਾ। ਇਸੇ ਨਾਲ ਹੀ ਮੈਚਾਂ ਦੀ ਸ਼ੁਰੂਆਤ ਹੋਈ। ਹੁਣ ਤੱਕ ਖੇਡੇ ਗਏ 9 ਮੈਚਾਂ 'ਚੋਂ ਸਿਰਫ਼ 2 ਮੈਚ ਇੱਕ ਤਰਫ਼ਾ ਹੋਏ। ਜਿਨ੍ਹਾਂ 'ਚ ਭਾਰਤ ਨੇ ਦੱਖਣੀ ਅਫ਼ਰੀਕਾ ਨੂੰ 5-0 ਅਤੇ ਹਾਲੈਂਡ ਨੇ ਮਲੇਸ਼ੀਆ ਨੂੰ 7-0 ਨਾਲ ਹੋਇਆ। ਜਦਕਿ ਬਾਕੀ ਦੇ ਸਾਰੇ ਮੈਚਾਂ ਵਿਚ ਗੋਲਾਂ ਦਾ ਫ਼ਾਸਲਾ ਸਿਰਫ਼ 1 ਗੋਲ ਤੱਕ ਹੀ ਸੀਮਤ ਰਿਹਾ। ਭਾਵੇਂ ਅਜੇ ਤੱਕ ਕੋਈ ਵੱਡਾ ਉਲਟ ਫੇਰ ਤਾਂ ਨਹੀਂ ਹੋਇਆ ਪਰ ਫਿਰ ਵੀ ਫਰਾਂਸ, ਚੀਨ, ਕੈਨੇਡਾ ਇੱਥੋਂ ਤੱਕ ਕਿ ਪਾਕਿਸਤਾਨ ਵਰਗੀਆਂ ਟੀਮਾਂ ਨੇ ਇਹ ਜ਼ਰੂਰ ਦਰਸਾ ਦਿੱਤਾ ਕਿ ''ਹਮ ਕਿਸੀ ਸੇ ਕਮ ਨਹੀਂ''।

ਸਭ ਤੋਂ ਦਿਲਚਸਪ ਮੈਚ ਰਿਹਾ ਚੀਨ ਬਨਾਮ ਇੰਗਲੈਂਡ। ਚੀਨ ਨੇ ਇੰਗਲੈਂਡ ਵਰਗੀ ਦਿੱਗਜ਼ ਟੀਮ ਨੂੰ 2-2 'ਤੇ ਰੋਕਿਆ। ਫਰਾਂਸ ਨੇ ਨਿਊਜ਼ੀਲੈਂਡ ਨੂੰ ਚੰਗਾ ਪਾਠ ਪੜਾਇਆ। ਆਇਰਲੈਂਡ ਨੇ ਕੰਗਾਰੂਆਂ ਨੂੰ ਗੋਰਿਆਂ ਦੀ ਹਾਕੀ ਦੇ ਗੁਰ ਸਿਖਾਏ। ਕੈਨੇਡਾ ਨੇ ਬੈਲਜੀਅਮ ਨੂੰ ਚੰਗੀ ਟੱਕਰ ਦਿੱਤੀ। ਕੁੱਲ ਮਿਲਾ ਕੇ ਇਹਨਾਂ ਮੈਚਾਂ ਤੋਂ ਅਗਲੀ ਸੰਭਾਵਨਾ ਇਹੀ ਹੈ ਕਿ ਅਜੇ ਕਈ ਹੋਰ ਧੋਬੀ ਪਟਕੇ ਵੱਜਣਗੇ। ਉਲਟ ਫੇਰ ਹੋਣਗੇ। ਜਿਨ੍ਹਾਂ ਨੂੰ ਮਾੜਾ ਸਮਝਿਆ ਜਾਂਦੈ, ਉਹ ਕਿਸੇ ਨਾ ਕਿਸੇ ਦੀ ਬਲੀ ਜ਼ਰੂਰ ਲੈਣਗੇ। ਜੇਕਰ ਸਾਰੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਕੀਤਾ ਜਾਵੇ ਤਾਂ ਹਾਲੈਂਡ ਦੀ ਟੀਮ ਆਪਣੀਆਂ ਆਸਾਂ 'ਤੇ ਖਰੀ ਉੱਤਰੀ ਹੈ। ਭਾਵੇਂ ਭਾਰਤ ਨੇ ਦੱਖਣੀ ਅਫ਼ਰੀਕਾ 'ਤੇ ਚੰਗਾ ਮਾਂਜਾ ਲਾਇਆ, ਪਰ ਅਜੇ ਸਮਾਂ ਦੱਸੇਗਾ ਕਿ ਅਗਲੇ ਮੈਚਾਂ ਵਿਚ ਉਸਦੀ ਕਾਰਗੁਜ਼ਾਰੀ ਕੀ ਰਹਿੰਦੀ ਹੈ। ਸਭ ਤੋਂ ਵੱਡੀ ਖ਼ੁਸ਼ਖ਼ਬਰੀ ਇਹ ਹੈ ਕਿ ਹਰ ਮੈਚ 'ਚ ਹਾਊਸ ਫੁੱਲ ਜਾ ਰਿਹਾ ਹੈ। ਸਾਰੀਆਂ ਟੀਮਾਂ ਦੇ ਪ੍ਰਸੰਸਕ ਵੱਡੀ ਗਿਣਤੀ ਵਿਚ ਆਪੋ ਆਪਣੀਆਂ ਟੀਮਾਂ ਨੂੰ ਹੱਲਾ ਸ਼ੇਰੀ ਦੇ ਰਹੇ ਹਨ। ਭਾਰਤੀ ਹਾਕੀ ਟੀਮ ਲਈ 50 ਤੋਂ 100 ਦੇ ਕਰੀਬ ਪੁੱਜੇ ਚਿੱਟੀਆਂ ਪੱਗਾਂ ਵਾਲੇ ਖੇਡ ਪ੍ਰੇਮੀਆਂ ਦੀ ਦਿੱਖ ਇਕ ਵੱਖਰਾ ਹੀ ਨਜ਼ਾਰਾ ਬੰਨ੍ਹਦੀ ਹੈ, ਜਦਕਿ 1975 ਵਿਸ਼ਵ ਕੱਪ ਜੇਤੂ ਦੇ ਚੈਂਪੀਅਨ ਭਾਰਤੀ ਬਾਬੇ ਹਾਕੀ ਦਾ ਪੂਰੀ ਤਰ੍ਹਾਂ ਨਜ਼ਾਰਾ ਲੈ ਰਹੇ ਹਨ ਅਤੇ ਉਨ੍ਹਾਂ ਨੂੰ ਹਾਕੀ ਇੰਡੀਆ ਨੇ ਬਣਦਾ ਵਧੀਆ ਸਤਿਕਾਰ ਵੀ ਦਿੱਤਾ ਹੈ। ਜੋ ਕਿ ਸਮੇਂ ਸਮੇਂ ਦੇ ਪ੍ਰਬੰਧਕਾਂ ਨੂੰ ਦੇਣਾ ਵੀ ਬਣਦਾ ਹੈ। ਦੂਜਾ ਗੇੜ ਸ਼ੁਰੂ ਹੋ ਚੁੱਕਿਆ ਹੈ। ਕੈਨੇਡਾ ਨੇ ਦੱਖਣੀ ਅਫ਼ਰੀਕਾ ਨੂੰ 1-1 ਦੀ ਬਰਾਬਰੀ 'ਤੇ ਰੋਕ ਲਿਆ ਹੈ ਅਤੇ ਭਾਰਤ ਦਾ ਬੈਲਜੀਅਮ ਨਾਲ ਮੁਕਾਬਲਾ ਅਜੇ ਹੋਣਾ ਹੈ। ਦੂਸਰੇ ਗੇੜ ਦੀ ਸਮਾਪਤੀ ਤੋਂ ਬਾਅਦ ਕਾਫ਼ੀ ਹੱਦ ਤੱਕ ਇਹ ਤੈਅ ਹੋਵੇਗਾ ਕਿ ਕਿਸ ਟੀਮ ਦੀ ਕਿੰਨੀ ਦਾਅਵੇਦਾਰੀ ਮਜ਼ਬੂਤ ਹੈ। ਕੁੱਲ ਮਿਲਾ ਕੇ ਹਾਕੀ ਦਾ ਜਨੂਨ ਪੂਰੀ ਦੁਨੀਆ ਵਿਚ ਹਾਕੀ ਪ੍ਰੇਮੀਆਂ ਉੱਤੇ ਸਿਰ ਚੜ੍ਹ ਕੇ ਬੋਲ ਰਿਹਾ ਹੈ।





ਇਹ ਪਹਿਲਾ ਮੌਕਾ ਹੈ ਕਿ ਜਦੋਂ ਵੱਡੇ ਪੱਧਰ 'ਤੇ ਹਾਕੀ ਪ੍ਰੇਮੀਆਂ ਤੋਂ ਇਲਾਵਾ ਪੂਰੀ ਦੁਨੀਆ ਕਲਾਤਮਕ ਹਾਕੀ ਦਾ ਅਨੰਦ ਮਾਣ ਰਹੀ ਹੈ।। ਵਿਸ਼ਵ ਕੱਪ ਹਾਕੀ ਦੇ ਫਾਈਨਲ 'ਤੇ ਬਾਲੀਵੁੱਡ ਸਟਾਰ ਅਮਿਤਾਭ ਬੱਚਨ ਅਤੇ ਕ੍ਰਿਕਟ ਸਟਾਰ ਸਚਿਨ ਤੇਂਦੁਲਕਰ ਅਤੇ ਹੋਰ ਵੱਡੀਆਂ ਸ਼ਖ਼ਸੀਅਤਾਂ ਨੇ ਪੁੱਜਣ ਦੀ ਆਪਣੀ ਗਵਾਹੀ ਦਿੱਤੀ ਹੈ।

ਕੁੱਲ ਮਿਲਾ ਕੇ ਹਾਕੀ ਇੰਡੀਆ ਅਤੇ ਉੜੀਸਾ ਸਰਕਾਰ ਅਤੇ ਖ਼ਾਸ ਕਰ ਕੇ ਉੱਥੋਂ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਧੰਨਵਾਦੀ ਦੇ ਪਾਤਰ ਹਨ ਜਿਨ੍ਹਾਂ ਨੇ ਹਾਕੀ ਦੇ ਇਸ ਮਹਾਂ ਕੁੰਭ ਨੂੰ ਵੱਡੇ ਮੁਕਾਮ 'ਤੇ ਪਹੁੰਚਾਉਣ 'ਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ। ਗੁੱਡ ਲੱਕ ਹਾਕੀ ਇੰਡੀਆ।

# ਭਾਰਤ ਅਤੇ ਬੈਲਜੀਅਮ ਵਿਚਕਾਰ ਖੇਡਿਆ ਗਿਆ ਗਹਿਗੱਚ ਮੁਕਾਬਲਾ 2-2 'ਤੇ ਬਰਾਬਰ

ਵਿਸ਼ਵ ਕੱਪ ਹਾਕੀ ਦੇ 5ਵੇਂ ਦਿਨ ਦੂਸਰੇ ਗੇੜ ਦੇ ਮੈਚਾਂ ਵਿਚ ਭੁਵਨੇਸ਼ਵਰ ਦੇ ਕਲਿੰਗਾ ਸਟੇਡੀਅਮ ਵਿਖੇ ਪੂਲ ਸੀ ਦਾ ਇਕ ਅਹਿਮ ਮੁਕਾਬਲਾ ਜੋ ਮੇਜ਼ਬਾਨ ਭਾਰਤ ਅਤੇ ਓਲੰਪਿਕ ਉਪ-ਜੇਤੂ ਬੈਲਜੀਅਮ ਵਿਚਕਾਰ ਖੇਡਿਆ ਗਿਆ। ਇਹ ਗਹਿਗੱਚ ਮੁਕਾਬਲਾ 2-2 ਦੀ ਬਰਾਬਰੀ 'ਤੇ ਸਮਾਪਤ ਹੋਇਆ। ਦੋਹਾਂ ਟੀਮਾਂ ਲਈ ਪੂਲ-ਸੀ ਦੀ ਟੀਸੀ 'ਤੇ ਜਾਣ ਲਈ ਜਿੱਤ ਅਹਿਮ ਜਰੂਰੀ ਸੀ, ਪਰ ਜਿੱਤ ਕਿਸੇ ਵੀ ਟੀਮਾਂ ਨੂੰ ਨਸੀਬ ਨਹੀਂ ਹੋਈ। ਪਹਿਲੇ ਅੱਧ 'ਚ ਮਹਿਮਾਨ ਟੀਮ ਬੈਲਜੀਅਮ ਦਾ ਪੱਲੜਾ ਭਾਰੂ ਰਿਹਾ। ਪਹਿਲੇ ਕੁਆਟਰ 'ਚ ਪੈਨਲਟੀ ਕਾਰਨਰ ਜ਼ਰੀਏ ਬੈਲਜੀਅਮ ਨੇ ਬੜ੍ਹਤ ਲਈ। ਤੀਸਰੇ ਕੁਆਟਰ 'ਚ ਭਾਰਤ ਨੇ ਦੂਸਰੇ ਮਿਲੇ ਪੈਨਲਟੀ ਕਾਰਨਰ ਤੋਂ ਭਾਰਤ ਨੂੰ ਪੈਨਲਟੀ ਸਟ੍ਰੋਕ ਮਿਲਿਆ, ਜਿਸ ਨੂੰ ਹਰਮਨਪ੍ਰੀਤ ਸਿੰਘ ਨੇ ਗੋਲ 'ਚ ਬਦਲਣ ਦੀ ਕੋਈ ਗਲਤੀ ਨਹੀਂ ਕੀਤੀ। ਇਸ ਲਈ ਮੈਚ 1-1 ਦੀ ਬਰਾਬਰੀ 'ਤੇ ਆ ਗਿਆ। ਆਖ਼ਰੀ ਕੁਆਟਰ 'ਚ ਦੋਵੇਂ ਟੀਮਾਂ ਕਰੋ ਜਾਂ ਮਰੋ ਦੀ ਲੜਾਈ ਲਈ ਭਿੜੀਆਂ। ਭਾਰਤ ਦੇ ਸਿਮ-ਰਨਜੀਤ ਸਿੰਘ ਨੇ ਸ਼ੁਰੂਆਤੀ ਪਲਾਂ 'ਚ ਕੋਠਾਜੀਤ ਦੇ ਪਾਸ 'ਤੇ ਗੋਲ ਕਰ ਕੇ 2-1 ਨਾਲ ਅੱਗੇ ਕਰ ਦਿੱਤਾ। ਮੈਚ ਸਮਾਪਤੀ ਤੋਂ 4 ਮਿੰਟ ਪਹਿਲਾਂ ਬੈਲਜੀਅਮ ਨੇ ਆਪਣੇ ਗੋਲਕੀਪਰ ਨੂੰ ਬਾਹਰ ਬੁਲਾ ਲਿਆ ਅਤੇ ਭਾਰਤ ਦੇ ਗੋਲਾਂ 'ਤੇ ਲਗਾਤਾਰ ਧਾਵੇ ਬੋਲਣੇ ਸ਼ੁਰੂ ਕੀਤੇ। ਜਿਸਦੇ ਫਲਸਰੂਪ ਬੈਲਜੀਅਮ ਨੇ 2-2 ਦੀ ਬਰਾਬਰੀ ਕਾਇਮ ਕੀਤੀ। ਜੋ ਮੈਚ ਦੇ ਆਖ਼ਰੀ ਸਮੇਂ ਤੱਕ ਕਾਇਮ ਰਹੀ। ਭਾਰਤ ਇਸ ਮੈਚ ਨੂੰ ਬਰਾਬਰ ਰੱਖ ਕੇ ਵੀ ਖੁਸ਼ ਹੈ ਜਦਕਿ ਬੈਲਜੀਅਮ ਹਰ ਹੀਲੇ ਇਹ ਮੈਚ ਜਿੱਤਣਾ ਚਾਹੁੰਦਾ ਸੀ। ਇਸ ਦਾ ਵੱਡਾ ਕਾਰਨ ਭਾਰਤ ਦੀ ਗੋਲ ਔਸਤ ਦੀ ਕਾਫੀ ਚੰਗੀ ਹੈ ਕਿਉਂਕਿ ਭਾਰਤ ਨੇ ਦੱਖਣੀ



ਅਫਰੀਕਾ ਨੂੰ 5-0 ਨਾਲ ਜਦਕਿ ਬੈਲਜੀਅਮ ਨੇ ਕੈਨੇਡਾ ਨੂੰ 2-1 ਨਾਲ ਹਰਾਇਆ ਸੀ। ਹੁਣ ਬੈ.ਲਜੀਅਮ ਨੂੰ ਦੱਖਣੀ ਅਫਰੀਕਾ ਤੋਂ ਘੱਟੋ ਘੱਟ 6-7 ਗੋਲਾਂ ਦੀ ਜਿੱਤ ਹਾਸਲ ਕਰਨੀ ਪਵੇਗੀ ਤੇ ਤਾਂ ਹੀ ਉਹ ਪੂਲ ਟੌਪ ਕਰੇਗਾ। ਜਦਕਿ ਭਾਰਤ ਨੂੰ ਕੈਨੇਡਾ ਨੂੰ ਹਰਾਉਣਾ ਲਾਜ਼ਮੀ ਹੋਵੇਗਾ। ਅੱਜ ਪੂਲ ਸੀ ਦੇ ਦੂਸਰੇ ਮੈਚ 'ਚ ਦੱਖਣੀ ਅਫਰੀਕਾ ਨੂੰ ਕੈਨੇਡਾ ਨੂੰ 1-1 ਗੋਲਾਂ ਦੀ ਬਰਾਬਰੀ 'ਤੇ ਰੋਕਿਆ। ਦੋਵੇਂ ਟੀਮਾਂ ਪੂਲ ਸੀ 'ਚ 1-1 ਅੰਕ ਨਾਲ ਕ੍ਰਮਵਾਰ ਚੌਥੇ ਸਥਾਨ 'ਤੇ ਚੱਲ ਰਹੀਆਂ ਹਨ। ਭਾਰਤ 4 ਅੰਕਾਂ ਨਾਲ ਪਹਿਲੇ ਸਥਾਨ 'ਤੇ ਅਤੇ ਬੈਲਜੀਅਮ 4 ਅੰਕਾਂ ਨਾਲ ਦੂਸਰੇ ਸਥਾਨ 'ਤੇ ਹੈ। ਇਹ ਹੁਣ 8 ਦਸੰਬਰ ਦੇ ਮੈਚਾਂ ਦਾ ਵੇਰਵਾ ਦੱਸੇਗਾ ਕਿ ਪੂਲ ਸੀ 'ਚੋਂ ਕਿਹੜੀ ਟੀਮ ਕਿਹੜੇ ਸਥਾਨ 'ਤੇ ਰਹਿੰਦੀ ਹੈ। ਭਲਕੇ 3 ਦਸੰਬਰ ਨੂੰ ਪੂਲ - ਏ ਦੇ 2 ਮੈਚ ਖੇਡੇ ਜਾਣਗੇ ਜਿਨ੍ਹਾਂ 'ਚ ਪਹਿਲਾ ਮੈਚ ਅਰਜਨਟੀਨਾ ਬਨਾਮ ਨਿਊਜ਼ੀਲੈਂਡ ਵਿਚਕਾਰ ਸ਼ਾਮ 5 ਵਜੇ ਜਦਕਿ ਦੂਜਾ ਮੈਚ ਸਪੇਨ ਅਤੇ ਫਰਾਂਸ ਵਿਚਕਾਰ ਸ਼ਾਮ 7 ਵਜੇ ਖੇਡਿਆ ਜਾਵੇਗਾ।

# ਵਿਕਲਾਂਗ ਖਿਡਾਰੀਆਂ ਲਈ ਵਰਦਾਨ ਸਾਬਤ ਹੋ ਰਹੀ ਹੈ "ਬੋਸ਼ੀਆ" (ਪੈਰਾ ਉਲੰਪਿਕ ਖੇਡ)

ਭਾਰਤ ਵਿੱਚ ਅਨੇਕਾ ਖੇਡਾਂ ਖੇਡੀਆਂ ਜਾਂਦੀਆ ਹਨ ਜਿੰਨ੍ਹਾਂ ਤੋਂ ਅਸੀਂ ਚੰਗੀ ਤਰਾਂ ਵਾਕਿਫ ਹਾਂ ਜਿਵੇਂ ਕ੍ਰਿਕਟ , ਕੱਬਡੀ, ਹਾਕੀ ਅਤੇ ਐਥਲਟਿਕਸ ਆਦਿ ਇਹ ਸਭ ਖੇਡਾਂ ਇੱਕ ਤੰਦਰੁਸਤ ਸਰੀਰ ਵਾਲਾ ਆਦਮੀ ਹੀ ਖੇਡ ਸਕਦਾ ਹੈ ਪਰ ਇਸ ਦੇ ਨਾਲ ਹੀ ਕੁਝ ਅਪਾਹਜ ਵਿਅਕਤੀਆਂ ਦੁਆਰਾ ਵੀ ਖੇਡਾਂ ਖੇਡੀਆਂ ਜਾਂਦੀਆ ਹਨ ਇਿਹਨਾਂ ਖੇਡਾਂ ਨੂੰ ਪੈਰਾ ਉਲੰਪਿਕ ਖੇਡਾਂ ਦਾ ਨਾਮ ਦਿੱਤਾ ਗਿਆ ਹੈ ਇਹਨਾਂ ਖੇਡਾਂ ਵਿੱਚ ਭਾਰਤ ਦੇ ਪੈਰਾ ਖਿਡਾਰੀਆਂ ਨੇ ਵੱਖ ਵੱਖ ਸਮੇਂ ਵਧੀਆ ਪ੍ਰਦਰਸ਼ਨ ਕਰਕੇ ਭਾਰਤ ਦਾ ਨਾਮ ਰੌਸਨ ਕੀਤਾ ਹੈ ਇਹਨਾਂ ਵਿੱਚ ਪ੍ਰਮੁੱਖ ਨਾਮ ਦਵਿੰਦਰ ਝੰਜਰੀਆ (ਜੈਵਲਿਨ ਥਰੋ), ਦੀਪਾ ਮਲਿਕ (ਸ਼ੌਟਪੁੱਟ), ਸੰਦੀਪ ਸਿੰਘ ਮਾਨ (200,400 ਮੀਟਰ ਰੇਸ) ਆਦਿ ਹਨ ਜਿਹਨਾਂ ਨੇ ਆਪਣੇ ਪ੍ਰਦਰਸ਼ਨ ਨਾਲ ਸਾਬਿਤ ਕਰ ਦਿੱਤਾ ਹੈ ਕਿ ਉਹ ਵੀ ਕਿਸੇ ਨਾਲੋ ਘੱਟ ਨਹੀਂ ਹਨ ਇਸ ਤੋਂ ਇਲਾਵਾ ਅਸੀਂ ਅੱਜ ਜਿਸ ਖੇਡ ਦੀ ਗੱਲ ਕਰਨੀ ਹੈ ਉਹ ਬਾਕੀ ਪੈਰਾ ਉਲੰਪਿਕ ਖੇਡਾਂ ਤੋ ਆਪਣੀ ਇੱਕ ਖਾਸ ਵਿੱਲਖਣਤਾ ਰੱਖਦੀ ਹੈ ਜਿਸ ਨੂੰ ਉਹਨਾਂ ਅਪਾਹਜ ਖਿਡਾਰੀਆਂ ਦੁਆਰਾ ਖੇਡਿਆ ਜਾਂਦਾ ਹੈ ਜੋ ਨਾਂ ਹੀ ਆਪਣੇ ਆਪ ਕੁਝ ਖਾ ਸਕਦੇ ਹਨ, ਨਾਂ ਉੱਠ ਸਕਦੇ ਹਨ, ਨਾਂ ਹੀ ਆਪਣੇ ਆਪ ਬੈਠ ਸਕਦੇ ਹਨ, ਨਾਂ ਹੀ ਕੋਈ ਜ਼ਿਆਦਾ ਭਾਰੀ ਵਸਤੂ ਚੁੱਕਣ ਵਿੱਚ ਸਮਰਥ ਹੁੰਦੇ ਹਨ, ਇਸ ਖੇਡ ਦਾ ਨਾਮ ਹੈ "ਬੋਸ਼ੀਆ" । ਇਹ ਖੇਡ 1984 ਤੋ ਪੈਰਾ ਉਲੰਪਿਕ ਖੇਡਾਂ ਵਿੱਚ ਖੇਡੀ ਜਾਣ ਵਾਲੀ ਅਪੰਗ ਖਿਡਾਰੀਆ ਦੀ ਖੇਡ ਹੈ ਜੋ ਅੱਜ ਲਗਭਗ 120 ਦੇਸ਼ਾਂ ਵਿੱਚ ਖੇਡੀ ਜਾਂਦੀ ਹੈ ਅਤੇ ਪਸੰਦ ਕੀਤੀ ਜਾ ਰਹੀ ਹੈ ਮਗਰ ਭਾਰਤ ਵਿੱਚ ਇਸ ਖੇਡ ਨੂੰ 2016 ਵਿੱਚ ਸ਼ੁਰੂ ਕੀਤਾ ਗਿਆ ਹੈ ਇਸ ਦੀ ਨੈਸ਼ਨਲ ਸਪੋਰਟਸ ਫੇਡਰੇਸ਼ਨ ਦਾ ਨਾਮ "ਪੈਰਾ ਬੋਸ਼ੀਆ ਸਪੋਰਟਸ ਵੈਲਫੇਅਰ ਸੁਸਾਇਟੀ ਇੰਡੀਆ" ਹੈ ਇਸ ਦਾ ਮੁੱਖ ਦਫਤਰ ਜਿਲਾ ਬਠਿੰਡਾ ਪੰਜਾਬ ਵਿਖੇ ਸਥਿਤ ਹੈ ।

**ਭਾਰਤ 'ਚ ਇਸ ਖੇਡ ਨੂੰ ਲੈ ਕੇ ਆਉਣ 'ਚ ਯੋਗਦਾਨ ਪਾਉਣ ਵਾਲੀ ਟੀਮ: ਡਾ. ਰਮਨਦੀਪ ਸਿੰਘ**

ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਖੇਡ ਨੂੰ ਭਾਰਤ ਵਿੱਚ ਲੈ ਕੇ ਆਉਣ ਵਾਲੀ ਸ਼ਖਸੀਅਤ ਸ੍ਰ. ਜਸਪ੍ਰੀਤ ਸਿੰਘ ਧਾਲੀਵਾਲ ਹਨ ਜੋ ਇੱਕ ਨਿੱਕੇ ਜਿਹੇ ਪਿੰਡ ਅਬਲੂ ਜ਼ਿਲਾ ਬਠਿੰਡਾ (ਪੰਜਾਬ) ਦੇ ਰਹਿਣ ਵਾਲੇ ਹਨ, ਇਹਨਾਂ ਤੋਂ ਇਲਾਵਾ ਸ੍ਰ. ਮਨਜੀਤ ਸਿੰਘ ਰਾਏ ਮੈਂਬਰ ਮਨਿਉ-ਰਟੀ ਕਮਿਸ਼ਨ ਆਫ਼ ਇੰਡੀਆ ਨੇ "ਬੋਸ਼ੀਆ" ਖੇਡ ਨੂੰ ਭਾਰਤ ਵਿੱਚ ਲਿਆਉਣ ਅਤੇ ਸਪੋਰਟ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਪਿਛਲੇ ਸੱਤ ਸਾਲਾਂ ਤੋ ਜਸਪ੍ਰੀਤ ਸਿੰਘ ਧਾਲੀਵਾਲ ਆਪਣੀ ਛੋਟੀ ਅਜਿਹੀ ਟੀਮ ਸਰਪੰਚ ਸ਼ਮਿੰਦਰ ਸਿੰਘ ਢਿੱਲੋ, ਗੁਰਜੀਤ ਸਿੰਘ,ਟੱਫੀ ਬਰਾੜ, ਗੁਰਪ੍ਰੀਤ ਸਿੰਘ, ਜਸਵਿੰਦਰ ਸਿੰਘ ਧਾਲੀਵਾਲ, ਡਾ. ਰਮਨਦੀਪ ਸਿੰਘ, ਗੁਰਪ੍ਰੀਤ ਸਿੰਘ ਧਾਲੀਵਾਲ,ਮਨਪ੍ਰੀਤ ਸਿੰਘ ਸੇਖੋਂ, ਪ੍ਰਮੋਦ ਕੁਮਾਰ ਧੀਰ, ਜਸਵਿੰਦਰ ਢਿੱਲੋਂ, ਗੁਰਵੀਰ ਬਰਾੜ ਆਦਿ ਮੈਂਬਰਾ ਦੇ ਸਹਿਯੋਗ ਨਾਲ ਇਸ ਖੇਡ ਨੂੰ ਭਾਰਤ ਵਿੱਚ ਵਿਕਸਿਤ ਕਰਨ ਲਈ ਭਰਪੂਰ ਯਤਨ ਕਰ ਰਹੇ ਹਨ ਆਪਣੀ ਮਿਹਨਤ ਅਤੇ ਯਤਨ ਸਦਕਾ ਉਹ ਇਸ ਖੇਡ ਨੂੰ ਭਾਰਤ ਵਿੱਚ ਲੈ ਕੇ ਆਉਣ ਵਿੱਚ ਕਾਮਯਾਬ ਹੋਏ ਹਨ । ਡਾ. ਰਮਨਦੀਪ ਸਿੰਘ ਨੇ ਦੱਸਿਆ ਕਿ ਬੋਸ਼ੀਆ ਇੰਡੀਆ ਵੱਲੋਂ ਕੁਝ ਸਮਾਂ ਪਹਿਲਾਂ ਬੋਸ਼ੀਆ ਦੇ ਖਿਡਾਰੀਆਂ ਦੀ ਪਛਾਣ ਕਰਨ ਲਈ ਜੋ ਕੋਰਸ ਅੰਤਰਰਾਸ਼ਟਰੀ ਫੈਡਰੇਸ਼ਨ ਦੁਆਰਾ ਮਿਤੀ 24,25 ਨਵੰਬਰ 2018 ਦੌਰਾਨ ਤਾਈਵਾਨ ਵਿਖੇ ਕਰਵਾਏ ਗਏ ਹਨ, ਉਸ ਕੋਰਸ ਵਿੱਚ ਬੋਸ਼ੀਆ ਇੰਡੀਆ ਵੱਲੋਂ ਹੈੱਡ ਕਲਾਸੀਫਾਇਰ ਡਾ. ਰਮਨਦੀਪ ਸਿੰਘ ਨੇ ਭਾਗ ਲਿਆ ਅਤੇ ਸਫਲਤਾਪੂਰਵਕ ਇਹ ਕੋਰਸ ਪਾਸ ਕਰਕੇ ਸ਼ਰਟੀਫਿਕੇਟ ਹਾਸਲ ਕਰਕੇ ਵਤਨ ਵਾਪਸ ਪੁੱਜੇ ਹਨ।



**ਇਸ ਨੂੰ ਕਿਵੇਂ ਖੇਡਿਆ ਜਾਂਦਾ ਹੈ ? ਕੌਣ-ਕੌਣ ਇਸਨੂੰ ਖੇਡ ਸਕਦਾ ਹੈ? : ਜਸਪ੍ਰੀਤ ਸਿੰਘ ਧਾਲੀਵਾਲ**



ਆਓ ਇਸ ਬਾਰੇ ਵਿਸਥਾਰ ਪੂਰਵਕ ਜਾਣੀਏ। ਬੋਸ਼ੀਆ ਉਹਨਾਂ ਅਪਾਹਜ ਵਿਅਕਤੀਆਂ ਦੁਆਰਾ ਖੇਡੀ ਜਾਂਦੀ ਹੈ ਜੋ ਸੈਰੇਬਿਲ ਪਾਲਸੀ ਨਾਮਕ ਬਿਮਾਰੀ ਤੋ ਪੀੜਤ ਹੁੰਦੇ ਹਨ ਜਾਂ ਜਿੰਨਾਂ ਦਾ ਇੰਜ਼ੁਰੀ ਲੈਵਲ ਸੀ-1 ਤੋ ਸੀ - 5 ਤੱਕ ਹੁੰਦਾ ਹੈ ਇਸ ਨੂੰ ਖੇਡਣ ਲਈ 13 ਗੇਂਦਾਂ ਦੀ ਵਰਤੋ ਕੀਤੀ ਜਾਂਦੀ ਹੈ ਜਿਸ ਵਿੱਚ ਛੇ ਗੇਂਦਾਂ ਲਾਲ ਰੰਗ ਦੀਆਂ, ਛੇ ਨੀਲੇ ਰੰਗ ਦੀਆਂ ਅਤੇ ਇੱਕ ਚਿੱਟੇ ਰੰਗ ਦੀ ਹੁੰਦੀ ਹੈ ਜੋ ਗੇਂਦ ਚਿੱਟੇ ਰੰਗ ਦੀ ਹੁੰਦੀ ਹੈ ਉਹ ਖੇਡਣ ਸਮੇਂ ਟਾਰਗੇਟ ਬਾਲ ਦਾ ਕੰਮ ਕਰਦੀ ਹੈ।

**ਬੋਸ਼ੀਆ ਖੇਡ ਨੂੰ ਖੇਡਣ ਦੀ ਵਿਧੀ**: ਇਸ ਵਿੱਚ ਕੁੱਲ ਤਿੰਨ ਈਵੈਂਟ ਹਨ ਸਿੰਗਲ, ਡਬਲ ਅਤੇ ਟੀਮ । ਇਹਨਾਂ ਵਿੱਚ ਇਹਨਾਂ ਸਭ ਨੂੰ 6-6 ਗੇਂਦਾਂ ਦਿੱਤੀਆਂ ਜਾਂਦੀਆਂ ਹਨ ਇਸ ਵਿੱਚ ਖਿਡਾਰੀਆਂ ਦਾ ਮੁੱਖ ਮੰਤਵ ਖੇਡ ਵਿੱਚ ਆਪਣੀ ਬਾਲ ਨੂੰ ਟਾਰਗੇਟ ਬਾਲ ਦੇ ਕੋਲ ਰੋਕਣਾ ਹੁੰਦਾ ਹੈ, ਲਗਾਤਾਰ ਖੇਡਣ ਸਮੇਂ ਰੈਫਰੀ ਦੁਆਰਾ ਸਮੇਂ-ਸਮੇਂ ਉੱਪਰ ਗੇਂਦਾਂ ਦੀ ਆਪਸੀ ਦੂਰੀ ਦੀ ਜਾਂਚ ਕੀਤੀ ਜਾਂਦੀ ਹੈ ਕਿਸ ਖਿਡਾਰੀ ਦੀ ਗੇਂਦ ਟਾਰਗੇਟ ਬਾਲ (ਗੇਂਦ) ਦੇ ਨੇੜੇ ਹੈ, ਜਿਸ ਖਿਡਾਰੀ ਦੀ ਬਾਲ ਟਾਰਗੇਟ ਬਾਲ ਦੇ ਨੇੜੇ ਹੁੰਦੀ ਹੈ ਉਸ ਦੇ ਵਿਰੋਧੀ ਨੂੰ ਰੈਫ਼ਰੀ ਦੁਆਰਾ ਆਪਣੀ ਬਾਲ ਨਾਲ ਖੇਡਣ ਦਾ ਇਸ਼ਾਰਾ ਕੀਤਾ ਜਾਂਦਾ ਹੈ ਖੇਡ ਦੇ ਅੰਤ ਵਿੱਚ ਰੈਫ਼ਰੀ ਸਾਰੀਆਂ ਬਾਲਾਂ ਦੀ ਜਾਂਚ ਕਰਦਾ ਹੈ ਅਤੇ ਦੇਖਦਾ ਹੈ ਕਿ ਕਿਹੜੀ ਬਾਲ ਟਾਰਗੇਟ ਬਾਲ ਦੇ ਸਭ ਤੋ ਜ਼ਿਆਦਾ ਨਜ਼ਦੀਕ ਹੈ ਉਸਦੇ ਆਧਾਰ ਤੇ ਖਿਡਾਰੀਆਂ ਨੂੰ ਅੰਕ ਦਿੱਤੇ ਜਾਂਦੇ ਹਨ, ਇਸ ਵਿੱਚ 4 ਰਾਊਂਡ ਦੀ ਖੇਡ ਖੇਡੀ ਜਾਂਦੀ ਹੈ ਜਿਸ ਖਿਡਾਰੀ ਦੇ ਅੰਕ ਜ਼ਿਆਦਾ ਹੋਣ ਉਸ ਨੂੰ ਜੇਤੂ ਕਰਾਰ ਦਿੱਤਾ ਜਾਂਦਾ ਹੈ । ਇਸ ਖੇਡ ਵਿੱਚ ਵਰਤੀ ਜਾਣ ਵਾਲੀ ਬਾਲ ਕੋਈ ਆਮ ਬਾਲ ਨਹੀਂ ਹੁੰਦੀ ਇਹ ਅਲੱਗ ਅਲੱਗ ਤਰਾਂ ਨਾਲ ਬਣਾਈਆ ਜਾਂਦੀਆ ਹਨ ਭਾਰਤ ਵਿੱਚ ਇਹਨਾਂ ਨੂੰ ਤਿਆਰ ਨਹੀਂ ਕੀਤਾ ਜਾਂਦਾ ਇਹਨਾਂ ਵਿੱਚ ਬਾਲਾਂ ਦੀਆਂ ਵੀ ਅ.ਲੱਗ ਅਲੱਗ ਕਿਸਮਾਂ ਹਨ ਇਹਨਾਂ ਦਾ ਭਾਰ 775 ਗ੍ਰਾਮ ਹੁੰਦਾ ਹੈ, ਖੇਡ ਤੋ ਪਹਿਲਾਂ ਖਿਡਾਰੀਆਂ ਨੂੰ ਉਹਨਾਂ ਦੀਆਂ ਸੱਟਾਂ ਦੇ ਆਧਾਰ ਤੇ ਡਾਕਟਰਾਂ ਦੁਆਰਾ ਕਲਾਸੀਫਾਈ ਕੀਤਾ ਜਾਂਦਾ ਹੈ ਇਹਨਾਂ ਦੀਆ ਵੱਖ-ਵੱਖ ਸ੍ਰੇਣੀਆਂ ਹਨ ਜਿਵੇ ਬੀਸੀ 1, ਬੀਸੀ 2, ਬੀਸੀ 3, ਬੀਸੀ 4 । ਜਿਸ ਤੋ ਬਾਅਦ ਖਿਡਾਰੀਆਂ ਨੂੰ ਆਪਣੀ ਆਪਣੀ ਸ੍ਰੇਣੀ ਵਿੱਚ ਖੇਡਣ ਦੀ ਆਗਿਆ ਦਿੱਤੀ ਜਾਂਦੀ ਹੈ।

**ਮਾਨਤਾ ਪ੍ਰਾਪਤ ਖੇਡ ਹੈ ਬੋਸ਼ੀਆ:**

**ਮਨਜੀਤ ਸਿੰਘ ਰਾਏ** ਨੇ ਦੱਸਿਆ ਕਿ ਬੋਸ਼ੀਆ ਇੰਡੀਆ ਨੂੰ ਬੋਸ਼ੀਆ ਦੀ ਅੰਤਰਰਾਸ਼ਟਰੀ ਫੈਡਰੇਸ਼ਨ ਬੋਸੀਆ ਇੰਟਰਨੈਸ਼ਨਲ ਸਪੋਰਟਸ ਫੇਡਰੇਸ਼ਨ, ਲੰਡਨ) ਅਤੇ ਨੈਸ਼ਨਲ ਪੈਰਾ ਓਲੰਪਿਕ ਕਮੇਟੀ (ਪੈਰਾ ਓਲੰਪਿਕ ਕਮੇਟੀ ਆਫ ਇੰਡੀਆ) ਅਤੇ ਭਾਰਤੀ ਖੇਡ ਮੰਤਰਾਲੇ , ਦਿੱਲੀ ਵੱਲੋਂ ਬਤੌਰ ਨੈਸ਼ਨਲ ਸ਼ਪੋਰਟਸ ਫੇਡਰੇਸ਼ਨ ਮਾਨਤਾ ਪ੍ਰਾਪਤ ਹੈ। ਅੱਜ ਕੱਲ ਇਹ ਖੇਡ ਪੂਰੇ



(ਬਾਕੀ ਸਫਾ 22 'ਤੇ)

ਬਰਸੀ 'ਤੇ ਵਿਸ਼ੇਸ਼

# ਮਨੁੱਖਤਾ ਦੇ ਸੱਚੇ ਸੇਵਕ- ਸੰਤ ਰਾਮਾ ਨੰਦ ਜੀ

ਸੰਤ ਰਾਮਾਨੰਦ ਜੀ ਦਾ ਜਨਮ 15 ਅਗਸਤ 1366 ਈ: (ਸੰਮਤ 1423) ਨੂੰ ਪਿਤਾ ਸਦਨ ਸਰਮਾ ਦੇ ਘਰ ਮਾਤਾ ਸੁਸੀਲਾ ਦੇਵੀ ਦੀ ਕੁੱਖੋ ਕਾਸੀ ਵਿੱਚ ਹੋਇਆ। ਇਹਨਾਂ ਨੂੰ ਸਵਾਮੀ ਰਾਮਾ ਨੰਦ ਦੇ ਨਾ ਨਾਲ ਵੀ ਜਾਣਿਆ ਜਾਦਾ ਹੈ। ਬਚਪਨ ਵਿੱਚ ਉਨਾਂ ਨੂੰ ਰਾਮਾਦੱਤ ਦੇ ਨਾ ਨਾਲ ਵੀ ਬੁਲਾਇਆ ਜਾਦਾ ਸੀ।ਮੱਧ ਕਾਲ ਦੋਰਾਨ ਭਾਰਤ ਵਿੱਚ ਚੱਲੀ ਭਗਤੀ ਲਹਿਰ ਰੁਹਾਨੀਅਤ ਦੀ ਅਮੀਰੀ ਦੇ ਨਾਲ-ਨਾਲ ਇੱਕ ਧਾਰਮਿਕ ਅਤੇ ਸਮਾਜਿਕ ਚੇਤਨਾ ਦੀ ਲਹਿਰ ਵੀ ਸੀ। ਇਸ ਲਹਿਰ ਦਾ ਧਾਰਮਿਕ ਖੇਤਰ ਵਿੱਚ ਅਹਿਮ ਯੋਗਦਾਨ ਰਿਹਾ ਹੈ। ਭਗਤ ਜੀ ਨੇ ਆਪਣੇ ਸਮੁਚੇ ਜੀਵਨ ਵਿਚ ਮਾਨਵ-ਏਕਤਾ, ਪਿਆਰ-ਨਿਮਰਤਾ, ਸਹਿਣ-ਸੀਲਤਾ ਦਾ ਹੋਕਾ ਦਿੱਤਾ ਤੇ ਆਪਣੇ ਸਮੇ ਦੇ ਸਮਾਜ ਨੂੰ ਸੁਧਾਰਣ ਤੇ ਨਿਖਾਰਣ ਵਿੱਚ ਵੀ ਆਪਣਾ ਯੋਗਦਾਨ ਪਾਇਆ ।ਇਹਨਾਂ ਦੇਵੀ ਗੁਣਾ ਸਦਕਾ ਭਗਤ ਜੀ ਨੇ ਲੋਕਾਂ ਦੀ ਭੀੜ ਅੰਦਰ ਆਪਣੀ ਵੱਖਰੀ ਪਹਿਚਾਣ ਬਣਾ ਲਈ ਸੀ।



ਨਵਜੋਤ ਬਜਾਜ (ਗੱਗੂ)
91-98721-02614

ਸੰਤ ਰਾਮਾਨੰਦ ਜੀ ਅਚਾਰੀਆ ਰਾਮਾਨੁਜ ਜੀ ਦੁਆਰਾ ਚਲਾਈ ਗਈ (ਸ੍ਰੀ ਸੰਪਰਦਾ) ਦੇ ਇੱਕ ਉਘੇ ਪ੍ਰਚਾਰਕ ਸਵਾਮੀ ਰਾਘਵਨੰਦ ਦੇ ਚੇਲੇ ਸਨ, ਜਿਹੜੇ ਇਸ ਸੰਪਰਦਾ ਦੇ ਤੇਰਵੇ ਮੁਖੀ ਸਨ।ਭਗਤ ਜੀ ਦਾ ਜੀਵਨ ਕਾਲ ਇੱਕ ਸਦੀ ਤੋ ਵੀ ਵਧੇਰੇ ਮੰਨਿਆ ਜਾਦਾ ਹੈ, ਜਿਸ ਦਾ ਵਧੇਰੇ ਹਿੱਸਾ ਉਹਨਾਂ ਨੇ ਪ੍ਰਮਾਤਮਾ ਦੀ ਭਗਤੀ ਵਿੱਚ ਲੀਨ ਰਹਿ ਕੇ ਗੁਜਾਰਿਆ। ਭਗਤ ਜੀ ਲੰਮੇ ਸਮੇ ਤੱਕ ਸ੍ਰੀ ਸੰਪਰਦਾ ਨਾਲ ਜੁੜੇ ਰਹੇ ਤੇ ਆਪਣੀਆ ਅਧਿਆਤਮਕ ਗਤੀ ਵਿਧੀਆ ਨੂੰ ਨੇਪਰੇ ਚਾੜਦੇ ਰਹੇ ਪਰ ਬਾਅਦ ਵਿੱਚ ਉਹਨਾ ਨੇ ਰਾਮਾਵਤ/ਰਾਮਾਦਤ ਸੰਪਰਦਾ ਦੀ ਸਧਾਪਨਾ ਕਰ ਲਈ। ਇਸ ਸੰਪਰਦਾ ਦੇ ਸਿਧਾਤ ਤਾ ਪਹਿਲਾ (ਸ੍ਰੀ ਸੰਪਰਦਾ) ਵਾਲੇ ਹੀ ਰਹੇ ਪਰ ਸਾਧਨਾ-ਪਧਤੀ ਵਿੱਚ ਕੁੱਝ ਉਦਾਰਤਾ ਜਰੂਰ ਕਾਈਮ ਹੋ ਗਈ।ਇਸ ਲਹਿਰ ਦੇ ਰੰਗ ਅਤੇ ਢੰਗ ਕਾਰਨ ਹੀ ਉਸ ਵਕਤ ਦੀਆ ਕੁਝ ਛੁੱਟਿਆਈਆ ਜਾਦੀਆ ਜਾਤਾਂ ਦੇ ਲੋਕ ਵੀ ਇਸ ਕ੍ਰਾਂਤੀਕਾਰੀ ਲਹਿਰ ਨਾਲ ਜੁੜਨ ਲੱਗੇ ਅਤੇ ਧਰਮਪਿਤਾ ਦੀ ਭਗਤੀ ਦਾ ਹੱਕ ਹਾਸਲ ਕਰਨ ਲੱਗੇ।

ਭਗਤ ਰਾਮਾਨੰਦ ਜੀ ਦੇ ਜਤਨਾ ਨਾਲ ਰਾਮ ਨਾਮ ਦੀ ਗੰਗਾ ਝੁੱਗੀਆ ਝੋਪੜੀਆ ਦੇ ਲੋਕਾ ਤੱਕ ਵੀ ਪਹੁੰਚ ਗਈ ਅਤੇ ਉਹਨਾਂ ਨੂੰ ਵੀ ਬਣਦਾ ਮਾਨ-ਸਨਮਾਨ ਮਿਲਣ ਲੱਗਾ। ਉਸ ਵਕਤ ਦੇ ਵਰਣ-ਵੰਡ ਵਾਲੇ ਸਮਾਜ ਵਿੱਚ ਭਗਤ ਜੀ ਦੁਆਰਾ ਕੀਤਾ ਗਿਆ ਬਰਾਬਰਤਾ ਦਾ ਇਹ ਉਪਰਾਲਾ ਕਿਸੇ ਕ੍ਰਾਂਤੀ ਕਾਰੀ ਕਦਮ ਤੋ ਘੱਟ ਨਹੀ ਸੀ ਕਿਉਕਿ ਉਸ ਵਕਤ ਪੂਜਾ-ਪਾਠ ਦਾ ਅਧਿਕਾਰ ਕੁੱਝ ਰਾਖਵੀਆ ਸ੍ਰੇਣੀਆ ਦੇ ਲੋਕਾਂ ਦੇ ਹੀ ਹਿੱਸੇ ਆਉਦਾ ਸੀ।

ਭਗਤ ਜੀ ਦੀ ਇਸ ਫਰਾਖਦਿਲੀ ਵਾਲੀ ਸੋਚ-ਸਮਝ ਤੋ ਪ੍ਰਭਾਵਿਤ ਹੋ ਕੇ ਵੈਰਾਗੀ ਸੰਪਰਦਾ ਵਾਲੇ ਵੀ ਉਨਾਂ ਨੂੰ ਆਪਣਾ ਆਚਾਰੀਆ ਮੰਨਣ ਲੱਗ ਪਏ।ਕੁਝ ਸਮਾ ਪਾ ਕੇ ਭਗਤ ਰਾਮਾਨੰਦ ਜੀ ਨੇ ਵੈਸਨਵ ਮੱਤ ਨੂੰ ਤਿਆਗ ਦਿੱਤਾ ਅਤੇ ਅਕਾਲ-ਪੁਰਖ ਦੇ ਨਿਰਗੁਣ ਸਰੂਪ ਦੇ ਉਪਾਸਕ ਬਣ ਗਏ।ਭਗਤ ਜੀ ਦੀ ਇਸ ਉਪਾਸਨਾ ਕਾਰਨ ਹੀ ਪੰਚਮ ਪਾਤਸਾਹ ਸ੍ਰੀ ਗੁਰੂ ਅਰਜਨ ਦੇਣ ਜੀ ਨੇ ਉਨਾਂ ਦਾ ਬਸੰਤ ਰਾਗ ਵਿੱਚ ਉਚਾਰਣ ਕੀਤਾ ਹੋਇਆ। ਇਹ ਸ਼ਬਦ 'ਕਤ ਜਾਈਐ ਰੇ ਘਰ ਲਾਗੋ ਰੰਗੁ ਮੇਰਾ ਚਿੱਤੁ ਨਾ ਚਲੈ ਮਨੁ ਭਇਓ ਪੰਗੁ' ਗੁਰੂ ਗ੍ਰੰਥ ਸਾਹਿਬ ਦੇ ਅੰਗ 1195 ਉਪਰ ਦਰਜ ਕੀਤਾ ਹੈ। ਆਪਣੀ ਮਾਨਸਿਕ ਅਵਸਥਾ ਨੂੰ ਬਿਆਨਦੇ ਹੋਏ ਸਵਾਮੀ ਜੀ ਦਸਦੇ ਹਨ ਕਿ ਮੇਰਾ ਮਨ ਪਿੰਗਲਾ ਹੋ ਗਿਆ ਹੈ ਭਾਵ ਇਹ ਹੁਣ ਦਰ-ਦਰ ਤੇ ਨਹੀ ਭਟਕਦਾ ਸਗੋ ਆਪਣੇ ਪਿਆਰੇ ਨੂੰ ਪੂਰਨ ਰੂਪ ਵਿੱਚ ਸਮਰਪਿਤ ਹੋ ਗਿਆ ਹੈ। ਭਗਤ ਰਾਮਾਨੰਦ ਜੀ ਨੇ ਮਨੁੱਖਤਾ ਨੂੰ ਸੱਚ ਨਾਲ ਜੋੜਿਆ ਤੇ ਕੂੜ ਤੋ ਮੋੜਿਆ ਹੈ। ਉਹਨਾਂ ਮੁਤਾਬਿਕ ਪੂਰੇ ਗੁਰੂ ਦੀ ਸਰਨ ਹੀ ਜਨਮਾ-ਜਨਮਾਤਰਾ ਦੇ ਬੰਧਨਾਂ ਨੂੰ ਕੱਟਣ ਦੇ ਸਮਰੱਥ ਹੁੰਦੀ ਹੈ। ਉਹਨਾਂ ਦੇ ਕਈ ਪ੍ਰਸਿਧ ਚੇਲੇ ਵੀ ਹੋਏ।

ਆਪਣੀ ਹਯਾਤੀ ਦਾ ਲੰਮਾ ਸਮਾ ਗੰਗਾ ਦੇ ਕੰਢੇ (ਕਾਸ਼ੀ ਵਿੱਚ) ਬਤੀਤ ਕਰਕੇ ਭਗਤ ਰਾਮਾਨੰਦ ਜੀ 12 ਦਸੰਬਰ 1467 ਈ ਨੂੰ ਪਰਲੋਕ ਗਮਨ ਕਰ ਗਏ।ਅੱਜ ਵੀ ਭਗਤ ਰਾਮਾ ਨੰਦ ਜੀ ਦੇ ਉਪਦੇਸਾ ਦੀ ਉਨੀ ਹੀ ਮਹੱਤਵਤਾ ਹੈ ਜਿੰਨੀ ਉਨਾ



5 ਦਸੰਬਰ 'ਤੇ ਵਿਸ਼ੇਸ

# ਮਿੱਟੀ ਦੀ ਮਹੱਤਤਾ ਨੂੰ ਸਮਝਣਾ ਜਰੂਰੀ

ਮੱਟੀ ਮਨੁੱਖਤਾ ਨੂੰ ਉਪਲਬਧ ਕੁਦਰਤੀ ਸੋਮਿਆਂ ਚੋਂ ਸਭ ਤੋ ਮਹੱਤਵਪੂਰਨ ਹੈ। ਇਹ ਸਾਨੂੰ ਅੰਨ, ਪਾਣੀ, ਊਰਜਾ ਅਤੇ ਸੁਰੱਖਿਆ ਪ੍ਰਦਾਨ ਕਰਦ ਹੈ।ਹਰ ਸਾਲ ਦੁਨੀਆ ਭਰ ਵਿੱਚ ਵਿਸ਼ਵ ਮਿੱਟੀ ਦਿਵਸ ਮਨਾਇਆ ਜਾਦਾਂ ਹੈ।ਸੰਯੁਕਤ ਰਾਸ਼ਟਰ ਵੱਲੋ ਮਹਿਸੂਸ ਕੀਤਾ ਗਿਆ ਕਿ ਮਿੱਟੀ ਹੀ ਅਜਿਹੀ ਕੁਦਰਤ ਵੱਲੋ ਬਖਸ਼ੀ ਅਨਮੋਲ ਦਾਤ ਹੈ ਜਿਸ ਤੋਂ ਭੋਜਨ, ਪਾਣੀ, ਲੱਕੜ ਆਦਿ ਅਨੇਕਾਂ ਮਨੁੱਖੀ ਜੀਵਨ ਲਈ ਲੋੜੀਦੇ ਪਦਾਰਥ ਮਿਲਦੇ ਹਨ ਪਰ ਬਹੁਤ ਲੰਮੇ ਸਮੇ ਤੱਕ ਮਿੱਟੀ ਦੀ ਮਹੱਤਤਾ ਨੂੰ ਅਣਗੌਲਿਆਂ ਕੀਤਾ ਗਿਆ। ਮਿੱਟੀ ਦੀ ਮਹੱਤਤਾ ਨੂੰ ਮੁੱਖ ਰੱਖਦਿਆ ਸੰਯੁਕਤ ਰਾਸ਼ਟਰ ਵੱਲੋਂ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਗਿਆ ਕਿ ਹਰ ਸਾਲ 5 ਦਸੰਬਰ ਨੂੰ ਵਿਸਵ ਮਿੱਟੀ ਦਿਵਸ ਮਨਾਇਆ ਜਾਵੇ ਤਾਂ ਜੋ ਕਿਸਾਨਾਂ ਅਤੇ ਹੋਰਨਾਂ ਲੋਕਾਂ ਅੰਦਰ ਜਾਗਰੂਕਤਾ ਪੈਦਾ ਕੀਤੀ ਜਾ ਸਕੇ।ਵਿਸ਼ਵ ਦੇ ਬਹੁਤੇ ਹਿੱਸਿਆਂ ਵਿੱਚ ਜਰਖੇਜ਼ ਮਿੱਟੀ ਬੰਜਰ ਬਣਨ ਦੇ ਨੇੜੇ ਪਹੁੰਚ ਗਈ ਹੈ।ਜੇਕਰ ਭਵਿੱਖ ਦੀ ਖੇਤੀ ਨੂੰ ਸੁਰੱਖਿਅਤ ਰੱਖਣਾ ਹੈ ਤਾਂ ਸਾਨੂੰ ਮਿੱਟੀ ਦੀ ਮਹੱਤਤਾ ਨੂੰ ਸਮਝਣਾ ਪਵੇਗਾ ਅਤੇ ਅਜਿਹੀਆਂ ਯੋਜਨਾਵਾਂ ਬਣਾਉਣੀਆਂ ਪੈਣਗੀਆਂ ਜਿਸ ਨਾਲ ਮਿੱਟੀ ਦਾ ਪੁਰਾਣਾ ਰੂਪ ਵਾਪਸ ਆ ਸਕੇ ਤਾਂ ਜੋ ਭਵਿੱਖ ਵਿੱਚ ਇਸ ਮਿੱਟੀ ਤੋ ਸਿਹਤਮੰਦ ਭੋਜਣ ਪ੍ਰਾਪਤ ਕਰ ਸਕੀਏ। ਮਿੱਟੀ ਵਿੱਚ ਮਿੱਤਰ ਸੂਖਮ ਜੀਵ ਖਤਮ ਹੋਣ ਕਾਰਨ ਮਿੱਟੀ ਮੁਰਦਾ ਹਾਲਤ ਵਿੱਚ ਹੋ ਰਹੀ ਹੈ।ਇਸ ਸਮੇ ਪੰਜਾਬ ਦੀ ਮਿੱਟੀ ਵਿੱਚ 0.02 ਪ੍ਰਤੀਸ਼ਤ ਤੋ 0.25 ਪ੍ਰਤੀਸ਼ਤ ਜੈਵਿਕ ਮਾਦਾ ਰਹਿ ਗਿਆ ਹੈ ਜਦ ਕਿ ਜੈਵਿਕ ਖਾਦ ਦੇ ਸਹੀ ਢੰਗ ਨਾਲ ਕੰਮ ਕਰਨ ਲਈ ਮਿੱਟੀ ਵਿੱਚ ਜੈਵਿਕ ਮਾਦਾ ਦੀ ਮਾਤਰਾ ਘੱਟੋ ਘੱਟ 0.45 ਪ੍ਰਤੀਸ਼ਤ ਹੋਣੀ ਜ਼ਰੂਰੀ ਹੈ।ਰਸਾਇਣਕ ਖਾਦਾਂ ਦੀ ਲਗਾਤਾਰ ਅਤੇ ਜਰੂਰਤ ਤੋ ਜ਼ਿਆਦਾ ਵਰਤੋ ਨਾਲ ਮਿੱਟੀ ਦੇ ਭੌਤਿਕੀ, ਰਸਾਇਣਕ ਅਤੇ ਜੈਵਿਕ ਗੁਣਾਂ ਵਿੱਚ ਲਗਾਤਾਰ ਗਿਰਾਵਟ ਆ ਰਹੀ ਹੈ।

ਕਿਸਾਨਾਂ ਦੁਆਰਾ ਫਸਲਾਂ ਤੋ ਵਧੇਰੇ ਮੁਨਾਫੇ ਦੇ ਲਾਲਚ ਵੱਸ ਖੇਤਾਂ ਵਿੱਚ ਅੰਨੇਵਾਹ ਖਾਦਾਂ ਅਤੇ ਕੀੜੇਮਾਰ ਜ਼ਹਿਰਾਂ ਦੀ ਵਰਤੋ ਕਾਰਨ ਮਿੱਠੀ ਖੁਸ਼ਬੋ ਦਿੰਦੀ ਮਿੱਟੀ ਇੰਨੀ ਪ੍ਰਦੂਸ਼ਿਤ ਹੋ ਚੁੱਕੀ ਹੈ ਕਿ ਬਿਨਾਂ ਖਾਦ ਦੀ ਵਰਤੋ ਕੀਤਿਆ ਫਸਲਾਂ ਦੀ ਕਾਸ਼ਤ ਕਰਨਾ ਅਸੰਭਵ ਹੋ ਗਿਆ ਹੈ। ਪੰਜਾਬ ਵਿੱਚ ਕੁਝ 17.61 ਲੱਖ ਗਾਵਾਂ ਅਤੇ 50.03 ਲੱਖ ਮੱਝਾਂ ਹਨ, ਜਿਨ੍ਹਾਂ ਤੋ ਤਕਰੀਬਨ 40000 ਟਨ ਰੋਜ਼ਾਨਾ ਸੁੱਕਾ ਗੋਹਾ ਪੈਦਾ ਹੁੰਦਾ ਹੈ, ਪੀ.ਏ.ਯੂ ਦੇ ਮਹਿਰਾਂ ਮੁਤਾਬਿਕ ਇਸ ਸੁੱਕੇ ਗੋਹੇ ਨੂੰ ਸਹੀ ਤਰੀਕੇ ਨਾਲ ਦੇਸੀ ਰੂੜੀ ਵਿੱਚ ਬਦਲਿਆ ਜਾਵੇ ਤਾਂ ਰੋਜ਼ਾਨਾ 30 ਲੱਖ ਰੁਪਏ ਦੀ ਯੂਰੀਆ ਤੋ ਇਲਾਵਾ ਬਹੁਤ ਸਾਰੀ ਮਾਤਰਾ ਵਿੱਚ ਛੋਟੇ ਖੁਰਾਕੀ ਤੱਤ ਪ੍ਰਾਪਤ ਹੋ ਸਕਦੇ ਹਨ। ਪਰ ਅਗਿਆਨਤਾ ਕਾਰਨ ਬਹੁਤ ਸਾਰਾ ਗੋਹਾ ਜਾਂ ਤਾਂ ਸਾੜ ਦਿੱਤਾ ਜਾਂਦਾ ਹੈ ਜਾਂ ਸਹੀ ਤਰੀਕੇ ਨਾਲ ਦੇਸੀ ਰੂੜੀ ਤਿਆਰ ਨਾ ਕਰਨ ਨਾਲ ਵੱਡੀ ਮਾਤਰਾ ਵਿੱਚ ਖੁਰਾਕੀ ਤੱਤ ਨਸ਼ਟ ਹੋ ਜਾਦੇ ਹਨ। ਇਸੇ ਤਰ੍ਹਾਂ ਪੰਜਾਬ ਵਿੱਚ ਕਣਕ ਦੀ ਕਾਸ਼ਤ ਤਕਰੀਬਨ 40 ਲੱਖ ਹੈਕਟੇਅਰ ਅਤੇ ਝੋਨੇ ਦੀ ਤਕਰੀਬਨ 26 ਲੱਖ ਹੈਕਟੇਅਰ ਰਕਬੇ ਵਿੱਚ ਕੀਤੀ ਜਾਂਦੀ ਹੈ ਜਿਸ ਤੋ ਤਕਰੀਬਨ 24 ਮਿਲੀਅਨ ਟਨ ਪਰਾਲੀ/ਨਾੜ ਪੈਦਾ ਹੁੰਦਾ ਹੈ। ਇੰਨੀ ਵੱਡੀ ਮਾਤਰਾ ਵਿੱਚ ਨਾੜ/ਪਰਾਲੀ ਨੂੰ ਕਿਸਾਨਾਂ ਦੁਆਰਾ ਅੱਗ ਲਗਾਉਣ ਨਾਲ ਤਕਰੀਬਨ 0.94 ਲੱਖ ਟਨ ਨਾਈਟਰੋਜਨ, 0.48 ਲੱਖ ਟਨ ਫਾਸਫੋਰਸ ਅਤੇ 2.6 ਲੱਖ ਟਨ ਪੁਟਾਸ਼ ਤੋ ਇਲਾਵਾ ਵੱਡੀ ਮਾਤਰਾ ਵਿੱਚ ਲਘੂ ਤੱਤਾਂ ਨੂੰ ਨਸ਼ਟ ਕਰ ਦਿੱਤਾ ਜਾਂਦਾ ਹੈ। ਨਾੜ ਦੇ ਸੜਨ ਨਾਲ ਪੈਦਾ ਹੋਏ ਜ਼ਹਿਰੀਲੇ ਧੂੰਏ ਕਾਰਨ ਸਾਹ ਲੈਣ ਚ ਤਕਲੀਫ, ਖੰਘ, ਜੁ ਤਪਦਿਕ, ਦਮਾ, ਐਲਰਜੀ, ਸਾਹ ਨਾਲੀ ਦਾ ਕੈਸੰਰ, ਗਲੇ ਦੀ ਖਰਾਬੀ, ਹਲਕਾ ਬੁਖਾਰ, ਸਿਰਦਰਦ, ਟਾਈਫਾਈਡ, ਫੇਫੜਿਆਂ 'ਚ ਨੁਕਸ, ਅੱਖਾਂ 'ਚ ਜਲਣ, ਚਮੜੀ ਤੇ ਖਾਰਸ਼ ਆਦਿ ਬਿਮਾਰੀਆਂ ਲੱਗ ਜਾਂਦੀਆਂ ਹਨ। ਸਿਹਤ ਮਾਹਿਰਾਂ ਅਨੁਸਾਰ ਪਿਛਲੇ ਦਸਾਂ ਸਾਲਾਂ ਦੌਰਾਨ ਪੰਜਾਬ ਵਿੱਚ ਨਾੜ ਅਤੇ ਝੋਨੇ ਦੀ ਪਰਾਲੀ ਸਾੜਨ ਨਾਲ ਅੱਖਾਂ ਦੀ ਜਲਣ ਅਤੇ ਸਾਹ ਦੇ ਮਰੀਜ਼ਾਂ ਦੀ ਗਿਣਤੀ ਵਿੱਚ ਭਾਰੀ ਵਾਧਾ ਦਰਜ ਕੀਤਾ ਗਿਆ ਹੈ। ਇਨ੍ਹਾਂ ਬਿਮਾਰੀਆਂ ਨਾਲ ਮਨੁੱਖ ਦੀ ਉਮਰ ਘਟ ਰਹੀ ਹੈ। ਇੱਕ ਸਰਵੇਖਣ ਅਨੁਸਾਰ ਪਿੰਡਾ ਵਿੱਚ 80 ਫੀਸਦੀ ਲੋਕ ਸਾਹ ਅਤੇ ਫੇਫੜਿਆਂ ਦੀਆਂ ਬਿਮਾਰੀਆਂ ਨਾਲ ਪ੍ਰਭਾਵਿਤ ਪਾਏ ਗਏ ਹਨ। ਜੇਕਰ ਏਨੀ ਵੱਡੀ ਮਾਤਰਾ ਵਿੱਚ ਪੈਦਾ ਹੋਈ ਪਰਾਲੀ ਅਤੇ ਕਣਕ ਦੇ ਨਾੜ ਨੂੰ ਜ਼ਮੀਨ ਵਿੱਚ ਵਾਹ ਦਬਾ ਦਿੱਤਾ ਜਾਵੇ ਤਾਂ ਮਿੱਟੀ ਦੀ ਸਿਹਤ ਵਿੱਚ ਸੁਧਾਰ ਦੇ ਨਾਲ ਨਾਲ ਰਸਾਇਣਕ ਖਾਦਾਂ ਦੀ ਵਰਤੋ ਵੀ ਘਟਾਈ ਜਾਂ ਸਕਦੀ ਹੈ। ਸੋ ਉਪਰੋਕਤ ਕਾਰਨਾਂ ਨੂੰ ਮੁੱਖ ਰੱਖਦਿਆਂ ਕਣਕ ਦੇ ਨਾੜ ਨੂੰ ਅੱਗ ਲਗਾਉਣ ਦੀ ਬਜਾਏ ਖੇਤ ਵਿੱਚ ਵਾਹ ਕੇ ਅਤੇ ਹਰੀ ਖਾਦ ਕਰਕੇ ਝੋਨੇ ਦੀ ਲਵਾਈ ਕਰਨੀ ਚਾਹੀਦੀ ਹੈ। ਹੁਣ ਕੁਝ ਕਿਸਾਨ ਸੁਆਲ ਕਰਦੇ ਹਨ ਕਿ ਨਾੜ ਨੂੰ ਕਿਵੇ ਸੰਭਾਲੀਏ, ਕਿਸਾਨ ਵੀਰੋ ਸਮੇ ਦੇ ਨਾਲ ਖੇਤੀ ਮਾਹਿਰਾਂ ਵੱਲੋ ਹੁਣ ਅਜਿਹੀਆ ਤਕਨੀਕਾਂ ਵਿਕਸਤ ਕੀਤੀਆਂ ਜਾਂ ਚੁੱਕੀਆਂ ਹਨ ਜਿਸ ਨਾਲ ਨਾ ਕੇਵਲ ਵਧੇਰੇ ਪੈਦਾਵਾਰ ਹੀ ਮਿਲੇਗੀ ਬਲਕਿ ਮਿੱਟੀ ਦੀ ਸਿਹਤ ਵਿੱਚ ਵੀ ਸੁਧਾਰ ਕੀਤਾ ਜਾਂ ਸਕੇਗਾ।ਹੁਣ ਸਮਾਂ ਆ ਗਿਆ ਹੈ ਕਿ ਕਣਕ ਝੋਨੇ ਦੇ ਫਸਲੀ ਚੱਕਰ ਵਿੱਚ ਜ਼ਮੀਨ ਦੀ ਵਿਗੜ ਰਹੀ ਸਿਹਤ ਅਤੇ ਵਾਤਾਵਰਣ ਨੂੰ ਖਰਾਬ ਹੋਣ ਤੋ ਬਚਾਈਏ। ਪਿਛਲੇ ਤਿੰਨ ਦਹਾਇਆਂ ਤੋ ਪੰਜਾਬ ਵਿੱਚ ਝੋਨੇ ਦੀ ਕਾਸ਼ਤ ਨਾਲ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਨੀਵਾਂ ਜਾਣ ਅਤੇ ਪੰਜਾਬ ਦੇ ਦੱਖਣ ਪੱਛਮੀ ਜ਼ਿਲਿਆਂ ਵਿੱਚ ਸੇਮ ਦੀ ਸਮੱਸਿਆ ਨਾਲ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਹਿਲਾ ਪਾਣੀ ਦਾ ਵਹਾਅ ਪੂਰਬ ਉਤਰੀ ਜਿਲ੍ਹਿਆਂ ਤੋ ਦੱਖਣ ਪੱਛਮੀ ਜ਼ਿਲ੍ਹਿਆਂ ਨੂੰ ਸੀ ਪਰ ਕੇਦਂਰੀ ਪੰਜਾਬ ਵਿੱਚ ਸਬਮਰਸੀਬਲ ਟਿਊਬਵੈਲ ਲਗਾਂ ਕੇ ਜ਼ਮੀਨ ਹੇਠੋ ਬਹੁਤ ਸਾਰਾ ਪਾਣੀ ਨਿਕਲਣ ਨਾਲ ਪਾਣੀ ਦਾ ਵਹਾਅ ਦੱਖਣ ਪੱਛਮੀ ਜ਼ਿਲਿਆਂ ਤੋ ਪੂਰਬ ਉਤਰੀ ਜਿਲ੍ਹਿਆਂ ਨੂੰ ਹੋਣ ਦਾ ਖਤਰਾ ਪੈਦਾ ਹੋ ਗਿਆ ਹੈ ਜੇਕਰ ਅਜਿਹਾ ਹੋਇਆ ਤਾਂ ਪੰਜਾਬ ਦਾ ਸਾਰਾਂ ਪਾਣੀ ਖਾਰਾ ਹੋ ਜਾਵੇਗਾ ਜਿਸ ਤੋਂ ਨਿਕਲਣ ਵਾਲੇ ਨਤੀਜਿਆਂ ਤੋ ਅਸੀ ਭਲੀਭਾਂਤ ਜਾਣੂ ਹਾਂ।

ਖੇਤੀਬਾੜੀ ਵਿਭਾਗ ਦੇ ਅੰਕੜਿਆਂ ਮੁਤਾਬਿਕ ਪੰਜਾਬ ਵਿੱਚ ਇਸ ਵੇਲੇ ਡਾਇਆ 4.03 ਲੱਖ ਟਨ, ਯੂਰੀਆ 12.75 ਲੱਖ ਟਨ, ਐਨ ਪੀ. ਕੇ (ਮਿਸ਼ਰਤ) 18681 ਲੱਖ ਟਨ ਅਤੇ ਪੋਟਾਸ਼ 22941 ਲੱਖ ਟਨ ਦੀ ਵਰਤੋ ਕੀਤੀ ਜਾਂ ਰਹੀ ਹੈ ਜਦ ਕਿ ਲਘੂ ਖੁਰਾਕੀ ਤੱਤਾਂ ਦੀ ਵਰਤੋ ਬਹੁਤ ਘੱਟ ਹੋ ਰਹੀ ਹੈ।ਇੰਨੀ ਵੱਡੀ ਵੱਡੀ ਮਾਤਰਾ ਵਿੱਚ ਖਪਤ ਹੋ ਰਹੀ ਖਾਦਾਂ ਤੇ ਸਾਲ 2012 ਦੌਰਾਨ 71,280 ਕਰੋੜ ਰੁਪੈ ਦੀ ਸਬਸਿਡੀ ਦਿੱਤੀ ਗਈ, ਇਸ ਵਿੱਚੋ 59 ਹਿੱਸਾ ਯੂਰੀਆ ਖਾਦ ਤੇ ਹੀ ਖਰਚਿਆ ਗਿਆ। ਇਸੇ ਤਰ੍ਹਾਂ ਕੀਟਨਾਸ਼ਕਾਂ ਦੀ ਪ੍ਰਤੀ ਹੈਕਟੇਅਰ ਵਰਤੋ 923 ਗ੍ਰਾਮ ਜੋ ਕਿ ਭਾਰਤ ਵਿੱਚ ਵਰਤੀ ਜਾਂਦੀ ਪ੍ਰਤੀ ਹੈਕਟੇਅਰ ਤੋ ਵਧੇਰੇ ਹੈ। ਬੀਟੀ ਕਪਾਹ ਪੰਜਾਬ ਵਿੱਚ ਆਉਣ ਨਾਲ ਕੀਟਨਾਸ਼ਕਾਂ ਦੀ ਖਪਤ ਵਿੱਚ ਜਰੂਰ ਗਿਰਾਵਟ ਦਰਜ ਕੀਤੀ ਗਈ ਹੈ। ਉਪਰੋਕਤ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਵਿੱਚ ਕਿਸਾਨਾਂ ਵੱਲੋ ਮੋਟੇ ਤੌਰ ਤੇ ਯੂਰੀਆ, ਡਾਇਆ ਦੀ ਹੀ ਵਰਤੋ ਕਰਨ ਨਾਲ ਪਿਛਲੇ ਕੁਝ ਸਮੇ ਤੋ ਫਸਲਾਂ ਵਿੱਚ ਛੋਟੇ ਖਰਾਕੀ ਤੱਤਾਂ ਦੀ ਘਾਟ ਆਉਣੀ ਸੁਰੂ ਹੋ ਗਈ ਹੈ। ਜਿਸ ਕਾਰਨ ਮਨੁੱਖਾਂ ਅਤੇ ਪਸ਼ੂਆਂ ਵਿੱਚ ਛੋਟੇ ਖੁਰਾਕੀ ਤੱਤਾਂ ਜਿਵੇਂ ਜ਼ਿੰਕ, ਪੋਟਾਸ਼, ਕੈਲਸ਼ੀਅਮ, ਆਦਿ ਘਾਟ ਕਾਰਨ ਕਈ ਨਵੀਆਂ ਬਿਮਾਰੀਆਂ ਆਉਣੀਆਂ ਸ਼ੁਰੂ ਹੋ ਗਈਆਂ ਹਨ। ਪਸ਼ੂ ਪਾਲਣ ਵਿਭਾਗ ਦੇ ਮਹਿਰਾਂ ਅਨੁਸਾਰ ਕਿਸਾਨਾਂ ਦੁਆਰਾ ਪਸੂਆਂ ਦੇ ਚਾਰੇ ਲਈ ਕਾਸ਼ਤ ਕੀਤੀਆਂ ਜਾਂ ਰਹੀਆਂ ਫਸਲਾਂ ਜਿਵੇ ਬਰਸੀਮ, ਬਾਜਰਾ ਅਤੇ ਚਰੀ ਵਿੱਚ ਰਸਾਇਣਕ ਖਾਦਾਂ ਦੀ ਸੰਤੁਲਿਤ ਵਰਤੋ ਨਾ ਕਰਨ ਕਰਕੇ ਹਿਮੋਗਲੋਬਿਨ ਯੂਰੀਆ ਨਾਮ ਦੀ ਬਿਮਾਰੀ ਵਿੱਚ ਵਾਧਾ ਹੋ ਰਿਹਾ ਹੈ। ਇਸ ਦਾ ਮੁੱਖ ਕਾਰਨ ਚਾਰੇ ਦੀਆਂ ਫਸਲਾਂ ਵਿੱਚ ਯੂਰੀਆਂ ਖਾਦ ਦੀ ਜਰੂਰਤ ਤੋ ਵਧੇਰੇ ਵਰਤੋ ਕਰਨੀ ਅਤੇ ਫਾਸਫੈਟਿਕ ਖਾਦਾਂ ਦੀ ਵਰਤੋ ਘੱਟ ਕਰਨੀ ਹੈ। ਯੂਰੀਆਂ ਦੀ ਵਧੇਰੇ ਵਰਤੋ ਨਾਲ ਪਸੂਆਂ ਵਿੱਚ ਨਾਈਟ੍ਰੇਟ ਅਤੇ ਨਾਈਟ੍ਰਾਈਟ ਦੇ ਜ਼ਹਿਰੀਲੇਪਣ ਕਾਰਨ ਕਈ ਥਾਵਾਂ ਤੋ ਪਸੂਆਂ ਦੇ ਮਰਨ ਦੀਆਂ ਖ਼ਬਰਾਂ ਵੀ ਆ ਰਹੀਆਂ ਹਨ।

ਪੰਜਾਬ ਦੇ ਪ੍ਰਸਿੱਧ ਦਿਲ ਦੇ ਰੋਗਾਂ ਦੇ ਮਾਹਿਰ ਡਾ ਮੇਮ ਰਾਜ ਤੁਲੀ ਅਨੁਸਾਰ ਫਸਲਾਂ ਵਿੱਚ ਕਿਸਾਨਾਂ ਦੁਆਰਾ ਖੇਤੀ ਮਾਹਿਰਾਂ ਦੁਆਰਾਂ ਕੀਤੀਆਂ ਸਿਫਾਰਸਾਂ ਦੇ ਉਲਟ ਖਾਦਾਂ ਦੀ ਸੰਤੁਲਿਤ ਅਤੇ ਸੁਚੱਜੀ ਵਰਤੋ ਨਾਂ ਹੋਣ ਕਾਰਨ ਮਨੁੱਖਾਂ ਵਿੱਚ ਲਘੂ ਖੁਰਾਕੀ ਤੱਤਾਂ ਜਿਵੇ ਪੋਟਾਸ਼, ਮੈਗਨੀਜ਼, ਜ਼ਿੰਕ, ਕੈਲਸ਼ੀਅਮ ਆਦਿ ਦੀ ਘਾਟ ਆਉਣ ਨਾਲ ਅਨੀਮੀਆ, ਡਾਇਬਟੀਜ਼, ਕੈਸੰਰ, ਹਾਈਪੋਥਾਈਰਾਈਡਿਜ਼ਮ, ਜੋੜਾਂ ਦੇ ਦਰਦ, ਦਿਲ ਦੀਆਂ ਬਿਮਾਰੀਆਂ ਆਦਿ ਵਿੱਚ ਵਾਧਾ ਹੋ ਰਿਹਾ ਹੈ ਜੋ ਕਿ ਬਹੁਤ ਚਿੰਤਾ ਦਾ ਵਿਸ਼ਾ ਹੈ। ਮਿੱਟੀ ਦੇ ਮੋਹ ਕਾਰਨ ਪੰਜਾਬੀ ਦੇ ਪ੍ਰਸਿੱਧ ਸ਼ਾਇਰ ਸਰਦਾਰ ਅੰਜੁ ਦੇ ਮਨ ਵਿੱਚੋ ਵੀ ਇਹ ਹੂਕ ਨਿੱਕਲੀ ਸੀ -

ਇਹ ਦਾ ਰੰਗ ਸੰਧੂਰੀ ਹੈ, ਇਹ ਗੋਰੀ ਚਿੱਟੀ ਹੈ,
ਇਸ ਨੂੰ ਮੈਲੀ ਨਾ ਕਰਿ, ਮੇਰੇ ਪੰਜਾਬ ਦੀ ਮਿੱਟੀ ਹੈਂ।

ਆਓ ਸਭ ਮਿਲਕੇ ਮਿੱਟੀ ਦੀ ਸੁਚੱਜੀ ਸਾਂਭ-ਸੰਭਾਲ ਅਤੇ ਇਸ ਦੇ ਕੁਦਰਤੀ ਸੰਤੁਲਨ ਅਤੇ ਸੁਹੱਪਣ ਨੂੰ ਬਣਾਈ ਰੱਖਣ ਚ ਦ੍ਰਿੜਤਾ ਨਾਲ ਆਪਣਾ-ਆਪਣਾ ਬਣਦਾ ਯੋਗਦਾਨ ਪਾਉਣ ਦਾ ਪ੍ਰਣ ਕਰੀਏ ਤਾਂ ਜੋ ਅਸੀ ਖੁਸ਼ਹਾਲ ਅਤੇ ਸਵੱਛ ਜੀਵਨ ਜਿਉਣਯੋਗ ਕੁਦਰਤੀ ਸੋਮੇ, ਆਪਣੀਆਂ ਆਉਣ ਵਾਲੀਆਂ ਪੀੜੀਆਂ ਦੇ ਹਵਾਲੇ ਕਰ ਸਕੀਏ ਤੇ ਇੱਕ ਸਿਹਤਮੰਦ ਸਮਾਜ ਦੀ ਸਿਰਜਣਾ ਕਰ ਸਕੀਏ ।

**ਨਵਜੋਤ ਬਜਾਜ (ਗੱਗੂ)**

# ਇਮਾਨਦਾਰ ਔਰਤਾਂ ਦੀ ਇੱਕ ਛੋਟੀ ਜਿਹੀ ਪਰ ਸੱਚੀ ਕਹਾਣੀ



ਅਮਨਪ੍ਰੀਤ ਸਿੰਘ
94655-54088

ਕੁਝ ਹੀ ਦਿਨ ਪਹਿਲਾਂ ਦੀ ਗੱਲ ਹੈ । ਮੈਂ ਆਪਣੇ ਸਕੂਲ ਤੋਂ ਬਾਅਦ ਘਰ ਵਾਪਿਸ ਆ ਰਿਹਾ ਸੀ । ਰਾਸਤੇ ਵਿੱਚ ਮੈਂ ਦੋ ਗਰੀਬ ਔਰਤਾਂ ਪੋਸਟਰ ਵੇਚਦੇ ਦੇਖੀਆਂ । ਅਸਲ ਵਿੱਚ ਮੈਂ ਉਹੋ ਔਰਤਾਂ ਪਹਿਲਾਂ ਵੀ ਦੇਖੀਆਂ ਸਨ, ਅਤੇ ਮੇਰੀ ਨਿਗਾਹ ਉਹਨਾਂ ਪੋਸਟਰਾਂ ਤੇ ਥੋੜੀ ਬਹੁਤ ਪਈ ਸੀ । ਪਰ ਜਦੋਂ ਮੈਂ ਇਸ ਵਾਰ ਉਹਨਾਂ ਦੇ ਕੋਲੋਂ ਦੀ ਲੰਘਿਆ ਤਾਂ, ਮੇਰਾ ਮਨ ਪੋਸਟਰ ਖਰੀਦਣ ਤੇ ਹੋ ਗਿਆ। ਮੈਂ ਕੁਝ ਪੋਸਟਰਾਂ ਤੇ ਨਿਗਾਹ ਮਾਰੀ, ਅਤੇ ਬਿਨਾ ਆਪਣੇ ਮਨ ਦੀ ਸਹਾਇਤਾ ਲਏ, ਇਹ ਮਹਿਸੂਸ ਕਰਨ ਲੱਗਿਆ ਕਿ ਕਿਸ ਪੋਸਟਰ ਤੇ ਮੇਰੀ ਟਿਊਨਿੰਗ ਹੋ ਜਾਂਦੀ ਹੈ । ਇੱਕ ਈਸਾ ਮਸੀਹ ਦੇ ਪੋਸਟਰ ਨੂੰ ਦੇਖ ਕੇ ਇੰਝ ਲੱਗਿਆ ਕਿ ਇੱਥੇ ਮੇਰਾ ਸ਼ਰੀਰ, ਮੇਰਾ ਮਨ, ਮੇਰੀ ਆਤਮਾ ਦੀ ਤਾਰ ਜੁੜ ਰਹੀ ਹੈ । ਫਿਰ ਇੱਕ ਦਮ ਮੈਨੂੰ ਧੁੰਦਲਾ ਜਿਹਾ ਯਾਦ ਆਇਆ ਕਿ ਜਦੋਂ ਮੈਂ ਪਿਛਲੀ ਵਾਰ ਇੱਥੋਂ ਲੰਘਿਆ ਸੀ ਤਾਂ ਇੱਕ ਗੌਤਮ ਬੁਧ ਦਾ ਪੋਸਟਰ ਵੀ ਮੈਨੂੰ ਛੂਹ ਗਿਆ ਸੀ ।

ਪਰ ਮੈਂ ਜਲਦੀ ਜਲਦੀ ਵਿੱਚ ਉਥੋਂ ਲੰਘ ਗਿਆ ਸੀ । ਪਰ ਅੱਜ ਮੇਰੇ ਕੋਲ ਸਮਾਂ ਸੀ । ਮੈਂ ਕਿਹਾ ਮੈਨੂੰ ਇੱਕ ਈਸਾ ਦਾ ਅੱਤੇ ਇੱਕ ਗੌਤਮ ਬੁਧ ਜੀ ਦਾ ਪੋਸਟਰ ਦੇ ਦੋ । ਉਸ ਔਰਤ ਨੇ ਇੱਕ ਈਸਾ ਦਾ ਪੋਸਟਰ ਤਾਂ ਆਸਾਨੀ ਨਾਲ ਲਭ ਦਿੱਤਾ ਪਰ ਗੌਤਮ ਬੁਧ ਦਾ ਪੋਸਟਰ ਉਸਨੂੰ ਲਭ ਨਹੀਂ ਰਿਹਾ ਸੀ । ਉਸ ਔਰਤ ਨੇ ਕਿਹਾ, "ਅਸਲ ਵਿੱਚ ਇਥੇ ਹਿੰਦੂਆਂ, ਸਿਖਾਂ ਅਤੇ ਇਸਾਈਆਂ ਦੇ ਪੋਸਟਰ ਤਾਂ ਬਹੁਤ ਵਿੱਕ ਜਾਂਦੇ ਹਨ, ਪਰ ਬੋਧ ਧਰਮ ਦੇ ਲੋਕ ਇੱਥੇ ਬਹੁਤ ਹੀ ਘੱਟ ਹਨ ।" ਮੈਂ ਕੁਝ ਨਹੀਂ ਬੋਲਿਆ ਕਿਉਂਕਿ ਮੇਰਾ ਇਹਨਾਂ ਗੱਲਾਂ ਨਾਲ ਕੋਈ ਲੈਣਾ ਦੇਣਾ ਹੀ ਨਹੀਂ ਸੀ । ਜੇ ਮੈਂ ਕੁਝ ਕਹਿੰਦਾ ਤਾਂ ਉਹਨਾਂ ਨੂੰ ਮੇਰੀ ਸਮਝ ਆਉਣੀ ਵੀ ਨਹੀਂ ਸੀ । ਕਿਉਂਕਿ ਮੇਰਾ ਪੋਸਟਰ ਖਰੀਦਣ ਦਾ ਕੋਈ ਤਰਕ ਤੇ ਆਧਾਰ ਤੇ ਕੋਈ ਕਾਰਨ ਹੀ ਨਹੀਂ ਸੀ । ਕਿਉਂਕਿ ਨਾ ਹੀ ਬੋਧੀ ਸੀ ਅਤੇ ਨਾਂ ਹੀ ਇਸਾਈ । ਅੱਜੇ ਤੱਕ ਮੈਂ ਆਪਣੇ ਆਪ ਨੂੰ ਕਿਸੇ ਧਰਮ ਨਾਲ ਜੋੜਕੇ ਦੇਖਿਆ ਹੀ ਨਹੀਂ।

ਫਿਰ ਉਸ ਔਰਤ ਨੂੰ ਲਭਦੇ ਲਭਦੇ ਇੱਕ ਗੌਤਮ ਬੁਧ ਦਾ ਪੋਸਟਰ ਮਿਲ ਹੀ ਗਿਆ । ਪੋਸਟਰ ਥੋੜਾ ਪੁਰਾਣਾ ਸੀ । ਮੈਂ ਇੱਕ ਪੋਸਟਰ ਦਾ ਰੇਟ ਪੁਛਿਆ । ਉਸਨੇ ਕਿਹਾ 20 ਰੁਪਏ । ਮੈਂ ਚਾਲੀ ਰੁਪਏ ਕਢ ਕੇ ਦੇ ਦਿੱਤੇ । ਫਿਰ ਉਸ ਔਰਤ ਨੇ ਮੈਨੂੰ ਵਿੱਚੋਂ ਦਸ ਰੁਪਏ ਮੋੜ ਦਿੱਤੇ ਅਤੇ ਮੈਨੂੰ ਅਜਿਹੀ ਗੱਲ ਕਹੀ ਜਿਸ ਨੂੰ ਮੈਂ ਸੁਣਕੇ ਹੈਰਾਨ ਅਤੇ ਖੁਸ਼ ਹੋ ਗਿਆ । ਉਸ ਨੇ ਕਿਹਾ "ਗੌਤਮ ਬੁਧ ਦਾ ਪੋਸਟਰ ਪੁਰਾਣਾ ਸੀ, ਇਸ ਲਈ ਮੈਂ ਤੁਹਾਨੂੰ ਇਹ ਦੱਸ ਰੁਪਏ ਦਾ ਲਗਾਇਆ ਹੈ ।"

ਮੈਂ ਕਿਹਾ ਚਲੋ ਤੁਸੀਂ ਉਹ ਪੋਸਟਰ ਵੀ ਵੀਹ ਰੁਪਏ ਦਾ ਹੀ ਲਗਾ ਲਓ ਕਿਉਂਕਿ ਜੇ ਤੁਸੀਂ ਵੀਹ ਰੁਪਏ ਦਾ ਵੀ ਲਗਾ ਲੈਂਦੇ ਤਾਂ ਮੈਂ ਹੱਸਕੇ ਦੇ ਦੇਣੇ ਸੀ । ਉਸ ਔਰਤ ਨੇ ਮਨਾ ਕਰ ਦਿੱਤਾ । ਫਿਰ ਮੈਂ ਕਿਹਾ ਮੈਨੂੰ ਤੁਹਾਡੀ ਇਮਾਨਦਾਰੀ ਬਹੁਤ ਚੰਗੀ ਲੱਗੀ, ਚਲੋ ਤੁਸੀਂ ਇਸੇ ਗੱਲ ਤੇ ਆਹ ਦਸ ਰੁਪਏ ਵੀ ਰੱਖ ਲਵੋ । ਉਸ ਔਰਤ ਨੇ ਫਿਰ ਮਨਾ ਕਰ ਦਿੱਤਾ ਅੱਤੇ ਪਿਆਰ ਨਾਲ ਕਿਹਾ, "ਅਸੀਂ ਇਮਾਨਦਾਰੀ ਦੇ ਅਸੂਲ ਤੇ ਹੀ ਚਲਦੇ ਹਾਂ ਅਤੇ ਜਿਹੋ ਜਿਹਾ ਸਮਾਨ ਵੇਚੀਏ ਉਨੇ ਹੀ ਪੈਸੇ ਲੈਂਦੇ ਹਾਂ।" ਇਹ ਸੁਣਦੇ ਮੇਰੇ ਮੂਹੋਂ ਆਪ ਮੁਹਾਰੇ ਨਿਕਲ ਗਿਆ "ਪ੍ਰਮਾਤਮਾ ਹਮੇਸ਼ਾ ਤੁਹਾਡੀ ਜ਼ਿੰਦਗੀ ਵਿੱਚ ਖੁਸ਼ੀਆਂ ਹੀ ਰਖੇਗਾ।"

## ਸ਼੍ਰੀ ਕਰਤਾਰਪੁਰ ਲਾਂਘਾ

ਬੜੀ ਦੇਰ ਬਾਅਦ ਅਮਨ ਦੀ ਗੱਲ ਹੋਈ,
ਹੁਣ ਖੁਲ੍ਹ ਰਿਹਾ ਕਰਤਾਰਪੁਰ ਲਾਂਘਾ ਏ ।

ਕਰ ਅਰਦਾਸ ਅਸੀਂ ਨਿੱਤ ਹੱਥ ਜੋੜੇ,
ਜੀਹਦੇ ਦਰਸ਼ਨਾਂ ਤੋਂ ਦੇਸ਼ ਵਾਂਝਾ ਏ ।

ਮਸਾਂ ਮਸਾਂ ਪੰਜਾਬੀ ਭਰਾ ਇਕੱਠੇ ਹੋਏ
ਸਾਡੀ ਬੋਲੀ, ਸੱਭਿਆਚਾਰ ਸਾਂਝਾ ਏ ।

ਕਿਉਂ ਏਸ ਤੇ ਰਾਜਨੀਤੀ ਕਰ ਮਿੱਤਰੋ
ਰਾਜੀ ਕਰਦੇ ਹੋ ਆਪਣਾ ਰਾਂਝਾ ਏ ।

ਨਫ਼ਰਤ ਛੱਡੋ ਤੇ ਪਿਆਰ ਵਧਾਓ ਤੁਸੀਂ
ਨਿੰਦਣ ਵਾਲਿਆਂ ਤੇ ਫਿਰਨਾਂ ਮਾਂਜਾ ਏ ।

ਨਾਨਕ ਨਾਮ ਦੀ ਤੁਸੀਂ ਖੁਮਾਰੀ ਲਵੋ,
ਛੱਡੋ ਭੁੱਕੀ, ਅਫੀਮ ਤੇ ਗਾਂਜਾ ਏ ।

ਪਾਕਿ, ਭਾਰਤ ਫੇਰ ਇਕੱਠੇ ਹੋਣ,
ਵਾਂਗ ਫਰਾਂਸ, ਜਰਮਨੀ ਪੁੱਟ ਪੁਲਾਂਘਾ ਏ ।

**– ਸੁਖਚਰਨ ਸਿੰਘ ਸਾਹੋਕੇ**

## ਨਜ਼ਮ/ ਕਮਲ਼ਿਆ ਪੁੱਤਾ


**ਸਰਬਜੀਤ ਕੌਰ ਜੱਸ**

ਕਮਲਿਆ ਪੁੱਤਾ!
ਸਾਡੀ ਕੁੱਲੀ 'ਚ ਤਾਂ
ਯੁਗਾਂ-ਯੁਗਾਂਤਰਾਂ ਤੋਂ
ਪੁੱਠੇ ਤਵੇ ਵਰਗਾ ਕਾਲਾ ਹਨ੍ਹੇਰਾ
ਤੈਨੂੰ ਚਿੱਟਾ ਕਿਹੜੀ ਗੁੱਠੋਂ ਲੱਭ ਗਿਆ
ਵੇ ਮੇਰੇ ਚੋਰ ਪੁੱਤਾ...

ਕਮਲਿਆ ਪੁੱਤਾ!
ਮੈਂ ਆਟਾ ਛਾਣਿਆ
ਸਾਰੀ ਪਰਾਤ ਚਿੱਟੀ-ਚਿੱਟੀ ਹੋ ਗਈ
ਛਾਨਣੀ..ਫਿਰ ਖਾਲੀ ਦੀ ਖਾਲੀ
ਮੈਂ ਤੇਰੇ ਛਾਨਣੀ ਹੋਏ ਸਰੀਰ 'ਚੋਂ
ਚਿੱਟਾ ਕਿੰਝ ਛਾਣਾਂ
ਵੇ ਮੇਰੇ ਗੋਰਿਆ ਪੁੱਤਾ...

ਕਮਲਿਆ ਪੁੱਤਾ!
ਤੂੰ ਟੀਕੇ ਤੋਂ ਡਰਦਿਆਂ
ਏਡੀ ਚੀਕ ਮਾਰੀ ਸੀ
ਬਾਲ-ਉਮਰੇ
ਹਸਪਤਾਲ ਦੀ ਕੰਧ ਪਾਟ ਗਈ
ਏਨੇ ਹੰਝੂ ਕੇਰੇ
ਮੈਨੂੰ ਦੋ ਵਾਰ ਚੁੰਨੀ ਨਚੋੜਨੀ ਪਈ ਸੀ
ਤੇ ਹੁਣ..ਤੂੰ ਹੱਸ ਕੇ ਗੱਡ ਲੈਨਾ
ਜੁੱਸੇ ਦੀ ਕੰਧ 'ਚ ਟੀਕੇ ਦੀ ਮੇਖ
ਤੇਰੀ ਕੁੰਦਨ ਦੇਹ ਦੀ ਕੰਧ
ਪਾਟਦੀ ਏ
ਖ਼ੂਨ ਨਾਲ ਮੇਰੀ ਚੁੰਨੀ
ਭਿੱਜਦੀ ਏ
ਪਰ ਤੂੰ ਚੀਕ ਨਹੀ ਮਾਰਦਾ
ਵੇ ਮੇਰੇ ਬਹਾਦਰ ਪੁੱਤਾ...

ਕਮਲਿਆ ਪੁੱਤਾ!
ਚਿੱਟ-ਕੱਪੜੀਏ ਦੇ ਬੋਝੇ 'ਚੋਂ
ਚਿੱਟੀ ਮੌਤ ਕਿਰੀ ਸੀ
ਤੇ ਤੂੰ..ਮਿਸ਼ਰੀ ਸਮਝ ਕੇ ਖਾ ਗਿਓਂ
ਵੇ ਮੇਰੇ ਸਿੱਧਰਿਆ ਪੁੱਤਾ...

ਕਮਲਿਆ ਪੁੱਤਾ!
ਤੂੰ ਸਿਵਿਆਂ ਵਾਲੇ ਰਾਹ ਤੋਂ ਡਰਦਾ
ਸਕੂਲ 'ਨੀਂ ਜਾਂਦਾ ਸੈਂ
ਹੁਣ ਤੈਨੂੰ
ਸਿਵਿਆਂ ਵਾਲੇ ਰਾਹ 'ਤੇ
ਬੇਖ਼ੌਫ਼ ਤੁਰਨ ਦੀ
ਕਿਹੜੇ ਮਾਸਟਰਾਂ ਨੇ
ਪੱਟੀ ਪੜ੍ਹਾ ਦਿੱਤੀ
ਵੇ ਮੇਰੇ ਪੜ੍ਹਾਕੂਆ ਪੁੱਤਾ...

ਕਮਲਿਆ ਪੁੱਤਾ!
ਜਦ ਤੂੰ ਜੰਮਿਆਂ ਸੈਂ
ਤਾਂ ਮੈਂ ਮਿੱਠੀ ਗੁੜ੍ਹਤੀ ਨਾਲ
ਕਢਾਈ ਸੀ ਤੇਰੀ ਸਾਹੇ ਚਿੱਠੀ
ਤੂੰ ਕੁੜੱਤਣ ਨਾਲ ਲਾਵਾਂ
ਕਦੋਂ ਲੈ ਲਈਆਂ
ਵੇ ਮੇਰੇ ਆਸ਼ਕਾ ਪੁੱਤਾ...

ਕਮਲਿਆ ਪੁੱਤਾ!
ਜਦੋਂ ਤੇਰੇ ਪਾਲਤੂ 'ਮੋਤੀ' ਨੂੰ
ਕਿਸੇ ਨੇ ਕੁਝ ਦੇ ਦਿੱਤਾ ਸੀ
ਤੂੰ ਇੰਜ ਰੋਇਆ ਸੀ
ਜਿਵੇਂ ਗੁਆਚੇ ਕੋਹੇਨੂਰ ਨੂੰ
ਵਪਾਰੀ ਰੋਂਦਾ ਏ
ਤੇ ਤੂੰ ਮੌਤ ਦੇ ਸੌਦਾਗਰਾਂ ਹੱਥ
ਮੋਤੀ ਤੋਂ ਵੀ ਸਸਤਾ ਵਿਕ ਗਿਓਂ
ਵੇ ਮੇਰੇ ਹੀਰਿਆ ਪੁੱਤਾ...

ਕਮਲਿਆ ਪੁੱਤਾ!
ਸਾਰੇ ਦਾ ਸਾਰਾ ਚਿੱਟਾ ਖਾ ਗਿਓਂ
ਹੁਣ ਮੈਂ ਤੇਰੇ 'ਤੇ
ਖ਼ੱਫ਼ਣ ਕਿਹੜੇ ਰੰਗ ਦਾ ਪਾਵਾਂ?
ਵੇ ਮੇਰੇ ਰਾਂਗਲਿਆ ਪੁੱਤਾ
ਦੱਸ?
ਹੁਣ ਮੈਂ ਤੇਰੇ 'ਤੇ
ਖ਼ੱਫ਼ਣ ਕਿਹੜੇ ਰੰਗ ਦਾ ਪਾਵਾਂ?

## ਸੁਰਗ ਦੀਆਂ ਗੱਲਾਂ

**ਸੁਖਚਰਨ ਸਿੰਘ ਸਾਹੋਕੇ**
91-79863-59576



ਸੁੱਖੇ ਦੇ ਦਾਦਾ ਜੀ ਬਚਪਨ ਵਿੱਚ ਉਸਨੂੰ ਬਹੁਤ ਪਿਆਰ ਕਰਦੇ ਸਨ, ਪ੍ਰੰਤੂ ਦਾਦੀ ਨਾਲ ਉਨਾਂ ਪਿਆਰ ਨਹੀਂ ਸੀ ਸ਼ਾਇਦ ਉਨ੍ਹਾਂ ਦੇ ਨਸਵਾਰ ਸੁੰਘਣ ਦੀ ਆਦਤ ਕਰਕੇ। ਦਾਦਾ ਜੀ ਤਕਰੀਬਨ ਬਾਹਰਲੇ ਘਰ ਪਸ਼ੂਆਂ ਦੀ ਰਾਖੀ ਅਤੇ ਸੀਰੀਆਂ ਨੂੰ ਪੱਠੇ ਪਾਉਣ ਲਈ ਪ੍ਰਬੰਧ ਕਰਦੇ ਸਨ। ਉਸ ਦਾ ਬਚਪਨ ਵੀ ਉਨ੍ਹਾ ਨਾਲ ਗੁਜ਼ਰਿਆ ਅਤੇ ਉਹ ਆਪਣੇ ਦਾਦਾ ਜੀ ਦੇ ਨਾਲ ਹੀ ਸੌਂਦਾ ਸੀ। ਦਾਦਾ ਜੀ ਸੁੱਖੇ ਨੂੰ ਰੂਪ-ਬਸੰਤ, ਹੀਰ ਰਾਂਝਾ, ਰਾਜਾ ਭਰਥਰੀ, ਰਮਾਇਣ, ਮਹਾਂਭਾਰਤ ਤੋਂ ਇਲਾਵਾ ਸਿੱਖ ਇਤਿਹਾਸ ਬਾਰੇ ਅਥਾਹ ਜਾਣਕਾਰੀ ਦਿੰਦੇ ਸਨ ਅਤੇ ਸੁੱਖਾ ਹਰ ਰੋਜ਼ ਉਨ੍ਹਾਂ ਤੋਂ ਕੋਈ ਨਾ ਕੋਈ ਕਹਾਣੀ ਸੁਣ ਕੇ ਹੀ ਸੌਂਦਾ ਸੀ।

ਇਕ ਦਿਨ ਸੁੱਖੇ ਦੇ ਦਾਦਾ ਜੀ ਸਰਦੀਆਂ ਦੇ ਮਹੀਨੇ ਵਿੱਚ ਬਹੁਤ ਬੀਮਾਰ ਹੋ ਗਏ ਅਤੇ ਉਨ੍ਹਾਂ ਨੂੰ ਬੰਨ੍ਹ ਪੈ ਗਿਆ ਅਤੇ ਬਹੁਤ ਤੇਜ਼ ਬੁਖਾਰ ਵੀ ਸੀ। ਪਿੰਡ ਵਿੱਚ ਡਾਕਟਰ ਦਾ ਅਤੇ ਇਲਾਜ ਦਾ ਕੋਈ ਖਾਸ ਪ੍ਰਬੰਧ ਨਹੀ ਸੀ ਹੁੰਦਾ ਇਸ ਲਈ ਵੈਦ ਹਕੀਮਾਂ ਦਾ ਸਹਾਰਾ ਲੈਣਾਂ ਪੈਂਦਾ ਸੀ। ਕਿਸੇ ਹਕੀਮ ਨੇ ਦੱਸਿਆ ਕਿ ਉਨ੍ਹਾਂ ਨੂੰ ਕਸਟ੍ਰੋਇਲ ਭਾਵ "ਅਰਿੰਡ ਦਾ ਤੇਲ" ਦੇ ਦਿੱਤਾ ਜਾਵੇ ਜਿਸ ਨਾਲ ਉਹ ਇੱਕ ਪਾਰ ਹੋ ਜਾਣਗੇ। ਸੁੱਖੇ ਦੇ ਪਿਤਾ ਜੀ ਅਜਿਹਾ ਕਰਨ ਤੋਂ ਹਿਚਕਿਚਾਉਂਦੇ ਸਨ, ਪ੍ਰੰਤੂ ਹੋਰ ਕੋਈ ਹੀਲਾ ਵੀ ਨਹੀਂ ਸੀ। ਹਸਪਤਾਲ ਲਗਭਗ 15-20 ਕਿਲੋਮੀਟਰ ਦੀ ਦੂਰੀ ਤੇ ਸੀ ਅਤੇ ਕੋਈ ਗੱਡੀ ਆਦਿ ਦਾ ਪ੍ਰਬੰਧ ਵੀ ਨਹੀਂ ਸੀ ਹੁੰਦਾ। ਕੇਵਲ ਗੱਡਿਆਂ, ਰੱਥਾ ਆਦਿ ਦਾ ਹੀ ਪ੍ਰਯੋਗ ਹੁੰਦਾ ਸੀ। ਸੁੱਖੇ ਦੇ ਪਿਤਾ ਜੀ ਵਲੋਂ ਦਾਦਾ ਜੀ ਨੂੰ ਅਰਿੰਡ ਦਾ ਤੇਲ ਦਵਾਈ ਵਜੋਂ ਦਿੱਤਾ ਗਿਆ ਅਤੇ ਸੁੱਖੇ ਨੂੰ ਉਨ੍ਹਾਂ ਦੇ ਲਾਗੇ ਬੈਠ ਕੇ ਜਪੁਜੀ ਸਾਹਿਬ ਦਾ ਪਾਠ ਕਰਨ ਲਈ ਕਿਹਾ ਗਿਆ। ਦਾਦੀ ਸੁੱਖੇ ਦੇ ਪਿਤਾ ਜੀ ਨਾਲ ਗੱਲਾਂ ਕਰ ਰਹੀ ਸੀ ਕਿ " ਪੁੱਤਰ ਤੇਰਾ ਬਾਪੂ ਪਤਾ ਨਹੀਂ ਬਚੇਗਾ ਕਿ ਨਹੀਂ, ਅਰਿੰਡ ਦਾ ਤੇਲ ਇਸ ਪਾਸਾ ਕਰ ਦਿੰਦਾ ਹੈ, ਉਨ੍ਹਾਂ ਨੂੰ ਕਿਸੇ ਵੇਲੇ ਵੀ ਮੰਜੇ ਤੋਂ ਹੇਠਾਂ ਲਾਹਿਆ ਜਾ ਸਕਦਾ ਹੈ।" ਪ੍ਰੰਤੂ ਸੁੱਖੇ ਨੂੰ ਬਚਪਨ ਤੋਂ ਹੀ ਪ੍ਰਮਾਤਮਾ ਦੇ ਨਾਮ ਦੀ ਲਗਨ ਹੋਣ ਕਰਕੇ ਪਿਤਾ ਜੀ ਉਸ ਨੂੰ ਪੰਜ ਬਾਣੀਆਂ ਦਾ ਪਾਠ ਕਰਵਾਉਂਦੇ ਰਹਿੰਦੇ ਸਨ ਅਤੇ ਇਸ ਤਰਾਂ ਪ੍ਰਮਾਤਮਾ ਨਾਲ ਉਸਦੀ ਆਸਥਾ ਜੁੜੀ ਹੋਈ ਸੀ।

ਸੁੱਖੇ ਨੇ ਹਾਲੇ ਜਪੁਜੀ ਸਾਹਿਬ ਦੀਆਂ ਕੁਝ ਹੀ ਪਉੜੀਆਂ ਦਾ ਪਾਠ ਕੀਤਾ ਸੀ ਕਾ ਦਾਦਾ ਜੀ ਦਾ ਬਾਂਹ ਹਿੱਲਣ ਲੱਗੀ। ਉਹ ਆਪਣਾ ਹੱਥ ਉਤਾਂਹ ਵੱਲ ਨੂੰ ਉਠਾ ਰਹੇ ਸਨ ਜਿਵੇਂ ਕੋਈ ਦਰਖਤ ਤੋਂ ਚੀਜ਼ ਤੋੜਨੀ ਹੋਵੇ। ਸੁੱਖੇ ਨੇ ਇਹ ਗਲ ਆਪਣੇ ਪਿਤਾ ਜੀ ਨੂੰ ਦੱਸੀ। ਪਿਤਾ ਜੀ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਿਆ ਤਾਂ ਪਿਤਾ ਜੀ ਕੁਝ ਆਸਵੰਦ ਹੋ ਗਏ। ਇਨੇ ਨੂੰ ਦਾਦਾ ਜੀ ਨੂੰ ਜੋ ਬੰਨ ਪਿਆ ਸੀ ਉਹ ਖੁਲ ਗਿਆ ਤੇ ਅਜਿਹੀ ਸਥਿਤੀ ਵਿੱਚ ਸੁੱਖਾ ਆਪਣਾ ਪਾਠ ਬੰਦ ਕਰਕੇ ਗੁਟਕਾ ਸਾਹਿਬ ਰੱਖਣ ਚਲਾ ਗਿਆ ਅਤੇ ਉਨ੍ਹਾਂ ਦੇ ਨੌਕਰ ਨੂੰ ਦਾਦਾ ਜੀ ਦੇ ਬਿਸਤਰੇ ਅਤੇ ਕੱਪੜਿਆਂ ਦੀ ਸਫਾਈ ਕਰਨੀ ਪਈ। ਦਾਦਾ ਜੀ ਨੂੰ ਕੁਝ ਸੁਰਤ ਆ ਗਈ ਸੀ। ਇਸ ਤੋਂ ਬਾਅਦ ਦਾਦਾ ਜੀ ਬਿਲਕੁਲ ਨੌਂ ਬਰ ਨੌਂ ਹੋ ਗਏ ਸਨ। ਸੁੱਖੇ ਨੇ ਉਨ੍ਹਾਂ ਨੂੰ ਕੁਝ ਦਿਨਾਂ ਬਾਅਦ ਪੁੱਛਿਆ " ਦਾਦਾ ਜੀ ਤੁਸੀ ਤਾਂ ਤਕਰੀਬਨ ਰੱਬ ਦੇ ਘਰ ਤੋਂ ਵਾਪਸ ਆਏ ਹੋ।" ਦਾਦਾ ਜੀ ਨੇ ਉੱਤਰ ਦਿੱਤਾ " ਹਾਂ ਪੁੱਤਰ, ਇੱਕ ਬੜਾ ਵੱਡਾ ਦਰਵਾਜਾ ਸੀ ਜਿਸ ਵਿੱਚੋਂ ਮੈਂ ਲੰਘ ਕੇ ਜਾ ਰਿਹਾ ਸੀ ਪ੍ਰੰਤੂ ਮੇਰੇ ਤਨ ਤੇ ਕੋਈ ਵੀ ਕੱਪੜਾ ਨਹੀਂ ਸੀ ਜਿਸਦੀ ਮੈਨੂੰ ਬੜੀ ਸ਼ਰਮ ਆ ਰਹੀ ਸੀ। ਅੰਦਰ ਮਹਿਲਾਂ ਵਿੱਚ ਪਰੀਆਂ ਝੂਟੇ ਲੈ ਰਹੀਆਂ ਸਨ ਅਤੇ ਬਹੁਤ ਕਿਸਮ ਦੇ ਫ਼ਲ ਅਤੇ ਫੁੱਲਾਂ ਦੇ ਦਰਖਤ ਖਿੜੇ ਪਏ ਸਨ " ਮੈਂ ਆਖਿਆ "ਦਾਦਾ ਜੀ ਜਦੋਂ ਤੁਸੀਂ ਬਿਮਾਰ ਪਏ ਸੀ ਤਾਂ ਆਪਣਾ ਹੱਥ ਉਪਰ ਨੂੰ ਉਠਾ ਕੇ ਕੀ ਕਰ ਰਹੇ ਸੀ ? " ਤਾਂ ਉਨ੍ਹਾਂ ਨੇ ਜਵਾਬ ਦਿੱਤਾ ਕਿ "ਮੈਂ ਅਨਾਰ ਤੋੜ ਰਿਹਾ ਸੀ। " ਉਨ੍ਹਾਂ ਦੱਸਿਆ ਕਿ " ਮੈਨੂੰ ਇੱਕ ਜਹਾਜ ਵਿੱਚ ਬਿਠਾ ਕੇ ਲੈ ਗਏ ਸਨ ਜਿਸ ਦੇ ਸ਼ੀਸ਼ੇ ਪਰਦਿਆਂ ਨਾਲ ਢੱਕੇ ਹੋਏ ਸਨ। ਉਨ੍ਹਾਂ ਨੇ ਮੈਨੂੰ ਇਹ ਵੀ ਦੱਸਿਆ ਕਿ ਇਹ ਮਹਿਲ ਤੇਰੇ ਪੁੱਤਰ ਦੇ ਹਨ ਪ੍ਰੰਤੂ ਖੁੱਲਣਗੇ ਉਦੋਂ ਜਦੋਂ ਤੇਰਾ ਪੁੱਤਰ ਇਥੇ ਆਏਗਾ " । ਜਹਾਜ ਅੱਗੇ ਜਾ ਰਿਹਾ ਸੀ ਜਦੋਂ ਉਨ੍ਹਾਂ ਨੇ ਮੇਰੇ ਪੁੱਤਰ ਬਾਰੇ ਗੱਲ ਕੀਤੀ ਤਾਂ ਮੈਨੂੰ ਉਸਨੂੰ ਮਿਲਣ ਦੀ ਤਾਂਘ ਪੈਦਾ ਹੋਈ ਮੈਂ ਕਿਹਾ "ਇੱਕ ਵਾਰ ਮੈਨੂੰ ਉਸ ਨਾਲ ਮਿਲਣ ਦਿਓ "। ਉਹ ਕਹਿੰਦੇ "ਨਹੀਂ ਫਿਰ ਮਿਲ ਲਵੀਂ, ਰਹਿਣ ਦੇ" ਪ੍ਰੰਤੂ ਮੈਂ ਜਿੱਦ ਕੀਤੀ। ਬੱਸ! ਮੈਨੂੰ ਉਹ ਮੇਰੀ ਜਿਦ ਕਰਕੇ ਜਹਾਜ ਤੋਂ ਲਾਹ ਕੇ ਚਲੇ ਗਏ।

ਕੁਝ ਸਮਾਂ ਬੀਤਿਆ, ਸੁੱਖੇ ਦੇ ਪਿਤਾ ਜੀ ਸਾਲ 1984 ਵਿੱਚ ਪ੍ਰਮਾਤਮਾ ਕੋਲ ਚਲੇ ਗਏ ਸਨ ਜਿਸ ਦਿਨ ਉਹ ਗਏ ਸੁੱਖੇ ਨੂੰ ਦਾਦਾ ਜੀ ਨੇ ਫਿਰ ਦੱਸਿਆ ਕਿ ਰਾਤੀ ਤੇਰਾ ਬਾਪੂ ਮੈਨੂੰ ਮਿਲਿਆ ਸੀ। ਉਸ ਨੇ ਪੁੱਛਿਆ "ਉਹ ਕੀ ਕਹਿੰਦੇ ਸੀ" ਤਾਂ ਦਾਦਾ ਜੀ ਨੇ ਦੱਸਿਆ ਕਿ ਉਹ ਕਹਿੰਦਾ "ਪਿਤਾ ਜੀ ਮੈਂ ਮਹਿਲਾਂ ਦੇ ਤਾਲੇ ਖੋਲ ਦਿੱਤੇ ਸਨ, ਜਦੋਂ ਤੁਹਾਡਾ ਦਿਲ ਕਰੇ ਆ ਜਾਣਾ, ਅਜੇ ਪੋਤਿਆਂ ਚ ਮੌਜ ਕਰੋ "। ਦਾਦਾ ਜੀ ਨੂੰ ਇਸ ਗੱਲ ਦਾ ਬਹੁਤ ਪਛਤਾਵਾ ਸੀ ਕਿ ਉਨ੍ਹਾਂ ਨੇ ਬਿਮਾਰੀ ਸਮੇਂ ਪੁੱਤਰ ਨੂੰ ਮਿਲਣ ਦੀ ਜਿੱਦ ਕਿਉਂ ਕੀਤੀ, ਉਹ ਮੇਰੇ ਤੋਂ ਪਹਿਲਾਂ ਸਵਰਗ ਸਿਧਾਰ ਗਿਆ ਹੈ ਅਤੇ ਮੈਂ ਇੱਥੇ ਬੈਠਾ ਦੁੱਖ ਕੱਟ ਰਿਹਾ ਹਾਂ। ਦਾਦਾ ਜੀ ਪਿੰਡ ਬੜਾ ਉਦਾਸ ਰਹਿੰਦੇ ਸਨ। ਸੁੱਖੇ ਨੇ ਉਨ੍ਹਾਂ ਨੂੰ ਚੰਡੀਗੜ੍ਹ ਲਿਆਉਣ ਲਈ ਬੇਨਤੀ ਕੀਤੀ।

ਉਨ੍ਹਾਂ ਕਿਹਾ "ਪੁੱਤਰ ਮੈਂ ਤਾ ਹੁਣ ਜਾਣਾ ਹੀ ਹੈ, ਚੰਡੀਗੜ੍ਹ ਕੀ ਕਰਾਂਗੇ "। ਉਹ ਸੁੱਖੇ ਦੇ ਵਾਰ ਵਾਰ ਕਹਿਣ ਤੇ ਚੰਡੀਗੜ੍ਹ ਆ ਗਏ ਅਤੇ ਦੋ ਸਾਲ ਤੱਕ ਚੰਡੀਗੜ੍ਹ ਰਹੇ। ਸਾਲ 1986 ਵਿੱਚ ਉਹ ਫਿਰ ਬਿਮਾਰ ਹੋ ਗਏ ਪਰ ਉਨ੍ਹਾਂ ਨੇ ਨਾਂ ਤਾਂ ਕਿਸੇ ਤੋਂ ਸੇਵਾ ਕਰਵਾਈ ਅਤੇ ਨਾ ਹੀ ਕੋਈ ਕੱਪੜਾ ਦਾਨ ਵਿੱਚ ਲਿਆ। ਪ੍ਰੰਤੂ ਆਪ ਅਜਿਹਾ ਦਾਨ ਕਰਦੇ ਰਹੇ। ਅੰਤ ਵੇਲੇ ਕੁਦਰਤੀ ਸੁੱਖਾ ਅਤੇ ਉਸਦੀ ਭੈਂਣ ਉਨ੍ਹਾਂ ਕੋਲ ਸੀ, ਲਗ ਰਿਹਾ ਸੀ ਕਿ ਦਾਦਾ ਜੀ ਹੁਣ ਅੰਤਮ ਸਾਹਾਂ ਤੇ ਸਨ। ਉਨ੍ਹਾਂ ਨੂੰ ਪੁਛਿਆ ਕਿ "ਦਾਦਾ ਜੀ ਕਿਸੇ ਨੂੰ ਮਿਲਣਾਂ ਤਾਂ ਨਹੀਂ", ਤਾਂ ਉਨ੍ਹਾਂ ਨੇਂ ਕਿਹਾ ਕਿ " ਨਹੀਂ ਭਾਈ! ਹੁਣ ਕਿਸ ਨੂੰ ਮਿਲਣਾਂ, ਹੁਣ ਤਾਂ ਉਸੇ ਪਾਸ ਜਾਣਾ ਹੈ "। ਇਨਾ ਕਹਿਣ ਤੋਂ ਬਾਅਦ ਉਨ੍ਹਾਂ ਦੇ ਮੂੰਹ ਵਿੱਚ ਪਾਣੀ ਦਾ ਚਮਚਾ ਪਾਇਆ ਤੇ ਉਹ 20 ਮਾਰਚ, 1986 ਦੇ ਦਿਨ ਸਦਾ ਲਈ ਸਾਡੇ ਕੋਲੋਂ ਤੁਰ ਗਏ।

# ਵਿਕਲਾਂਗ ਖਿਡਾਰੀਆਂ ਲਈ ਵਰਦਾਨ ਸਾਬਤ ਹੋ ਰਹੀ ਹੈ "ਬੋਸ਼ੀਆ" (ਪੈਰਾ ਉਲੰਪਿਕ ਖੇਡ)

**(ਸਫਾ 20 ਦੀ ਬਾਕੀ)**

ਭਾਰਤ ਵਿੱਚ ਪ੍ਰਫੁਲਿਤ ਹੋ ਰਹੀ ਹੈ ਇਸ ਦਾ ਮੁੱਖ ਮੰਤਵ ਇਹ ਹੈ ਕਿ ਜੋ ਵਿਅਕਤੀ ਕਿਸੇ ਵੀ ਕਾਰਨ ਕਰਕੇ ਅਪਾਹਜ ਹਨ ਅਤੇ ਆਪਣੇ ਘਰ ਬੈਠੇ ਹਨ ਉਹਨਾਂ ਵਿੱਚ ਖੁਦ ਕੁੱਝ ਕਰਨ ਦਾ ਜੱਜਬਾ ਪੈਦਾ ਕਰਨਾ, ਉਨਾਂ ਨੂੰ ਮੌਕਾ ਦੇਣਾ ਤਾਂ ਜੋ ਉਹ ਆਪਣਾ ਅਤੇ ਆਪਣੇ ਦੇਸ਼ ਦਾ ਨਾਮ ਰੌਸ਼ਨ ਕਰ ਸਕਣ। ਉਹਨਾ ਨੂੰ ਇੱਕ ਨਵਾਂ ਰਾਹ ਦਿਖਾਉਣਾ, ਜਿਸ ਨਾਲ ਉਹ ਭੱਵਿਖ ਵਿੱਚ ਭਾਰਤ ਨੂੰ ਪੈਰਾ ਉਲਪਿੰਕ ਵਿੱਚ ਮੈਡਲ ਦੇ ਸਕਣ।

**ਏਸ਼ੀਅਨ ਪੈਰਾ ਗੇਮਸ 2018, ਜਕਾਰਤਾ ਇੰਡੋਨੇਸ਼ੀਆ ਵਿੱਚ ਭਾਰਤ ਨੇ ਪਹਿਲੀ ਵਾਰ ਬੋਸ਼ੀਆ ਖੇਡ 'ਚ ਹਿੱਸਾ ਲਿਆ:**

**ਸ਼ਮਿੰਦਰ ਸਿੰਘ ਢਿੱਲੋਂ** ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹਾਲ ਹੀ ਵਿੱਚ ਹੋਈਆਂ ਏਸ਼ੀਅਨ ਪੈਰਾ ਗੇਮਸ 2018 ,ਜਕਾਰਤਾ ਇੰਡੋਨੇਸ਼ੀਆ ਵਿੱਚ ਭਾਰਤ ਨੇ ਪਹਿਲੀ ਬਾਰੀ ਬੋਸ਼ੀਆ ਖੇਡ ਵਿੱਚ ਹਿੱਸਾ ਲਿਆ ਅਤੇ ਵਿਰੋਧੀਆਂ ਨੂੰ ਕਾਫੀ



ਟੱਕਰ ਦਿੱਤੀ ਅਤੇ ਭਾਰਤ ਦਾ ਝੰਡਾ ਇੰਡੋਨੇਸ਼ੀਆ ਵਿੱਚ ਲਹਿਰਾਇਆ । ਕਿਸੇ ਵੀ ਖੇਡ ਨੂੰ ਖੇਡਣ ਲਈ ਨਾਂ ਕਿ ਜੋਰ ਦੀ ਲੋੜ ਹੁੰਦੀ ਹੈ ਬਲਕਿ ਜਰੂਰਤ ਹੈ ਤਾਂ ਸਿਰਫ ਹੌਂਸਲੇ, ਹਿੰਮਤ ਅਤੇ ਇੱਕ ਜਜ਼ਬੇ ਦੀ ।

ਬੋਸ਼ੀਆ ਇੰਡੀਆ ਵੱਲੋ ਸਮੇਂ ਸਮੇਂ ਤੇ ਵੱਖ ਵੱਖ ਈਵੈਂਟ ਕਰਵਾਏ ਗਏ ਹਨ ਜਿਵੇਂ ਕਿ ਜ਼ਿਲਾ ਪੱਧਰ ਤੇ, ਸਟੇਟ ਪੱਧਰ ਤੇ, ਇਸ ਦੇ ਇਲਾਵਾ ਨੈਸ਼ਨਲ ਪੱਧਰ ਤੇ, ਕੁਝ ਸਮਾਂ ਪਹਿਲਾਂ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਿਖੇ ਬੋਸ਼ੀਆ ਨੂੰ ਲੈ ਕੇ ਇੱਕ ਵਰਕਸ਼ਾਪ ਕਰਵਾਈ ਗਈ ਜਿਸ ਵਿੱਚ ਲਗਭਗ 30 ਖਿਡਾਰੀਆਂ ਨੇ ਹਿੱਸਾ ਲਿਆ, ਇਸ ਤੋ ਇਲਾਵਾ ਭਾਰਤੀ ਟੀਮ ਨੇ 2017 ਵਿੱਚ ਬੋਸ਼ੀਆ ਦੇ ਅੰਤਰ-ਰਾਸ਼ਟਰੀ ਮੁਕਾਬਲੇ ਜੋ ਦੁਬਈ ਵਿਖੇ ਹੋਏ ਉਹਨਾ ਵਿੱਚ ਹਿੱਸਾ ਲਿਆ ਅਤੇ ਵਧੀਆ ਪਰਦਰਸ਼ਨ ਕੀਤਾ। ਭਾਰਤੀ ਖੇਡ ਮੰਤਰਾਲੇ ਦੇ ਸਹਿਯੋਗ ਨਾਲ ਏਸ਼ੀਅਨ ਖੇਡਾਂ ਦੀ ਬੋਸ਼ੀਆ ਟੀਮ ਦਾ ਕੋਚਿੰਗ ਕੈਂਪ ਸਪੋਰਟਸ ਅਥਾਰਟੀ ਆਫ ਇੰਡੀਆ ਦੇ ਸੈਂਟਰ ਵਿਸਖਾਪਟਨਮ ਵਿੱਚ ਲਗਾਇਆ ਗਿਆ। ਬੋਸ਼ੀਆ ਇੰਡੀਆ ਕੋਲ ਅੱਜ ਤੱਕ ਕਾਫੀ ਖਿਡਾਰੀਆਂ ਦੀ ਰਜਿਸਟ੍ਰੇਸ਼ਨ ਹੋ ਚੁੱਕੀ ਹੈ ।

**ਵਿਕਲਾਂਗਾਂ ਦੀ ਭਲਾਈ ਲਈ ਬੋਸ਼ੀਆ ਖੇਡ ਨੂੰ ਪ੍ਰਫੁਲਤ ਕਰਨਾ ਜਰੂਰੀ: ਪ੍ਰਮੋਦ ਧੀਰ**

ਮਾਨਵਤਾ ਦੀ ਭਲਾਈ ਲਈ ਵੀ ਇਹ ਇੱਕ ਬੁਹਤ ਵਧੀਆ ਜ਼ਰੀਆ ਹੈ ਕਿ ਅਸੀਂ ਉਨਾ ਦਾ ਸਾਥ ਬਣੀਏ ਜਿਨਾਂ ਨੂੰ ਸਾਡੇ ਸਾਥ ਦੀ ਜ਼ਿਆਦਾ ਲੋੜ ਹੈ ਅਤੇ ਇਸ ਖੇਡ ਨੂੰ ਭਾਰਤ ਦੇ ਹਰ ਕੋਨੇ ਤੱਕ ਪਹੁੰਚਾਈਏ ਤਾਂ ਕਿ ਕੋਈ ਵੀ ਅਪਾਹਿਜ ਵਿਅਕਤੀ ਇਸ ਖੇਡ ਦਾ ਲਾਭ ਉਠਾਉਣ ਤੋਂ ਰਹਿ ਨਾਂ ਜਾਵੇ। ਭਾਰਤ ਦੀ ਬੋਸ਼ੀਆ ਟੀਮ ਹੁਣ ਇਸ ਨੂੰ ਸਕੂਲਾਂ, ਕਾਲਜਾਂ ਅਤੇ



ਯੂਨੀਵਰਸਿਟੀਆਂ ਵਿੱਚ ਵਿਕਸਿਤ ਕਰਨ ਦਾ ਯਤਨ ਕਰ ਰਹੀ ਹੈ ਤਾਂ ਕਿ ਅਪਾਹਿਜ ਵਿਅਕਤੀਆਂ ਜਾਂ ਬੱਚਿਆਂ ਨੂੰ ਵੱਧ ਤੋ ਵੱਧ ਮੌਕੇ ਮਿਲਣ ਤਾਂ ਜੋ ਉਹ ਆਪਣਾ ਸਰੀਰਿਕ ਅਤੇ ਮਾਨਸਿਕ ਵਿਕਾਸ ਕਰ ਸਕਣ ਨਾਲ ਦੀ ਨਾਲ ਆਪਣਾ ਭੱਵਿਖ ਵੀ ਇਸ ਖੇਡ ਵਿੱਚ ਉਜਵਲ ਕਰ ਸਕਣ ਇਸ ਖੇਡ ਬਾਰੇ ਵਧੇਰੇ ਜਾਣਕਾਰੀ ਲੈਣ ਲਈ ਹਰ ਸੋਸ਼ਲ ਮੀਡੀਆ ਤੇ ਬੋਸੀਆ ਇੰਡੀਆ ਦੀਆ ਸਾਈਟਸ ਅਤੇ ਲਿੰਕ ਮੌਜੂਦ ਹਨ ਜਿਸਨੂੰ ਬੋਸ਼ੀਆ ਇੰਡੀਆ ਲਿਖ ਕੇ ਆਸਾਨੀ ਨਾਲ ਲੱਭਿਆ ਜਾ ਸਕਦਾ ਹੈ।

# ਕੀ ਡਾ. ਅੰਬੇਡਕਰ ਸਿਰਫ਼ ਦਲਿਤਾਂ ਦੇ ਮਸੀਹਾਂ ਸੀ?

**(ਸਫਾ 15 ਦੀ ਬਾਕੀ)**

(ਆਜਾਦੀ) ਦਾ ਅਧਿਕਾਰ ਪ੍ਰਾਪਤ ਹੈ। ਜੋ ਸਮੁੱਚੇ ਭਾਰਤ ਦੇ ਲੋਕਾਂ ਨੂੰ ਇੱਕ ਕੜੀ ਵਿੱਚ ਬੰਨਦਾ ਹੈ ਤੇ ਉਹਨਾ ਵਿੱਚ ਭਾਈਚਾਰਕ ਸਾਂਝ ਵਧਾਉਂਦਾ ਹੈ। ਜੋ ਦੇਸ਼ ਵਿੱਚ ਏਕਤਾ ਤੇ ਅਖੰਡਤਾ ਨੂੰ ਕਾਇਮ ਕਰ, ਵਿਸ਼ਵ ਵਿੱਚ ਦੇਸ਼ ਦੇ ਗੋਰਵ ਨੂੰ ਬਣਾਈ ਰੱਖਣ ਵਿੱਚ ਸਹਾਈ ਹੁੰਦਾ ਹੈ। ਇਸੇ ਕਰਕੇ ਹੀ ਅੱਜ ਭਾਰਤ ਸੰਸਾਰ ਦੇ ਸਭ ਤੋਂ ਵੱਡੇ ਲੋਕਤੰਤਰੀ ਦੇਸ਼ਾ ਵਿੱਚੋਂ ਇੱਕ ਹੈ।

ਜੇਕਰ ਮਨੱਖੀ ਅਧਿਕਾਰਾ ਵੱਲ ਨਜ਼ਰ ਮਾਰੀਏ ਤਾਂ ਡਾ. ਅੰਬੇਡਕਰ ਨੇ ਸਾਰਿਆ ਨੂੰ ਸਮਾਨਤਾ ਦੇ ਤਰਾਜੂ ਵਿੱਚ ਤੋਲਦਿਆ ਸਾਰਿਆ ਨੂੰ ਬਰਾਬਰ ਦੇ ਅਧਿਕਾਰ ਦਿੱਤੇ ਹਨ। ਭਾਰਤੀ ਸਵਿਧਾਨ ਰਾਹੀ ਉਸਨੇ ਨਵ-ਜਨਮੇਂ ਬੱਚੇ ਤੋਂ ਲੈ ਕੇ ਬਜੁਰਗ ਤੱਕ ਸਾਰਿਆ ਨੂੰ ਸਮਾਨ ਅਧਿਕਾਰ ਤੇ ਸਨਮਾਨ ਦਿੱਤਾ ਹੈ। ਹਰ ਭਾਰਤੀ ਨਾਗਰਿਕ ਵੋਟ ਦਾ ਅਧਿਕਾਰ ਪ੍ਰਾਪਤ ਕਰ ਆਪਣਾ ਹੁਕਮਰਾਨ ਆਪ ਬਣ ਗਿਆ ਹੈ। ਉਸਨੇ ਔਰਤ ਨੂੰ ਸਿਰ ਦਾ ਤਾਜ ਬਣਾ ਦਿੱਤਾ। ਹਰ ਧਰਮ ਨੂੰ ਸਨਮਾਨ ਦਿੱਤਾ। ਮਜਦੂਰ ਨੂੰ ਇਨਸਾਨ ਸਮਝ ਉਸਦੇ ਸ਼ੋਸ਼ਣ ਖਿਲਾਫ ਸਖਤ ਕਾਨੂੰਨ ਘੜਿਆ। ਸਦੀਆ ਤੋਂ ਲਿਤਾੜੇ ਜਾਂਦੇ ਦਲਿਤ ਵਰਗ ਦੀਆ ਗੁਲਾਮੀ ਦੀਆਂ ਜੰਜੀਰਾਂ ਕੱਟ ਉਹਨਾ ਨੂੰ ਕੁਰਸੀ ਦੇ ਕਾਬਿਲ ਬਣਾ ਦਿੱਤਾ। ਮੋਟੇ ਤੋਰ ਤੇ ਆਖੀਏ ਤਾਂ ਉਸਨੇ ਸਮੁੱਚੇ ਭਾਰਤ ਦੇ ਲੋਕਾਂ ਨੂੰ ਹਰ ਪੱਖ ਤੋਂ ਆਜਾਦ ਕਰਵਾ ਦਿੱਤਾ। ਪਰ ਇਹ ਗੱਲ ਵੀ ਸੱਚ ਹੈ ਕਿ ਡਾ. ਅੰਬੇਡਕਰ ਨੇ ਦਲਿਤ (ਅਛੂਤ) ਵਰਗ ਵੱਲ ਜਿਆਦਾ ਧਿਆਨ ਦਿੱਤਾ ਹੈ। ਕਿਉਂਕਿ ਇਹ ਵਰਗ ਬਾਕੀ ਵਰਗਾ ਦੇ ਮੁਕਾਬਲੇ ਕਾਫੀ ਕਮਜੋਰ ਤੇ ਪੱਛੜਿਆ ਵਰਗ ਸੀ। 19ਵੀਂ ਸਦੀ ਦੇ ਅੰਤ ਤੱਕ ਛੂਆ-ਛਾਤ ਕਾਰਨ ਕੋਈ ਵੀ ਅਛੂਤ ਪੜ ਨਹੀਂ ਸੀ ਸਕਦਾ। 1928 ਤੱਕ ਦੋ ਲੱਖ ਵਿਦਿਆਰਥੀਆ ਵਿੱਚੋਂ ਕੇਵਲ ਇੱਕ ਅਛੂਤ ਵਿਦਿਆਰਥੀ ਸੀ। 1927 ਤੱਕ ਸਰਕਾਰੀ ਨੋਕਰੀ ਖਾਸਕਰ ਪੁਲਿਸ ਤੇ ਫੋਜ ਵਿੱਚ ਅਛੂਤਾਂ ਦੀ ਭਰਤੀ ਤੇ ਪਾਬੰਦੀ ਸੀ। ਉਹਨਾ ਨੂੰ ਵੋਟ ਪਾਉਂਣ ਦਾ ਕੋਈ ਅਧਿਕਾਰ ਨਹੀਂ ਸੀ। ਡਾ. ਅੰਬੇਡਕਰ ਇਹ ਜਾਣਦਾ ਸੀ ਕਿ ਕਿਸੇ ਵਿਸ਼ੇਸ਼ ਵਰਗ ਨੂੰ ਦੱਬਾ ਕੇ ਦੇਸ਼ ਦੀ ਤਰੱਕੀ ਦਾ ਹੋਣਾ ਨਾਮੁਨਕਿਨ ਹੈ। ਇਸੇ ਕਰਕੇ ਉਸਨੇ ਦਲਿਤ (ਅਛੂਤ) ਵਰਗ ਨੂੰ ਕੁੱਝ ਵਿਸ਼ੇਸ਼ ਅਧਿਕਾਰ ਦਿੱਤੇ ਤਾਂ ਜੋ ਉਹਨਾ ਦਾ ਆਰਥਿਕ, ਬੋਧਿਕ ਤੇ ਸਮਾਜਿਕ ਵਿਕਾਸ ਹੋ ਸਕੇ ਤੇ ਸਮਾਜ ਵਿੱਚ ਸਮਾਨਤਾ ਆ ਸਕੇ। ਉਸਨੇ ਕਿਸੇ ਵਿਸ਼ੇਸ਼ ਜਾਤੀ ਨੂੰ ਮੁੱਖ ਨਹੀਂ ਰੱਖਿਆ ਸਗੋਂ ਸਮੁੱਚੇ ਭਾਰਤ ਦੀ ਤਰੱਕੀ ਨੂੰ ਮੁੱਖ ਰੱਖ ਕੇ ਸਾਰਿਆ ਨੂੰ ਬਰਾਬਰ ਅਧਿਕਾਰ ਦਿੱਤੇ।

ਡਾ. ਅੰਬੇਡਕਰ ਦਾ ਵਿਚਾਰ ਸੀ ਕਿ ਸਵਿਧਾਨ ਜਿੰਨਾ ਮਰਜੀ ਵਧੀਆ ਹੋਵੇ ਜੇਕਰ ਉਸਨੂੰ ਅਮਲ ਵਿੱਚ ਲਿਆਉਂਣ ਵਾਲੇ ਲੋਕ ਸਹੀ ਨਹੀਂ ਤਾਂ ਉਹ ਵਧੀਆ ਸਵਿਧਾਨ ਵੀ ਦੇਸ਼ ਲਈ ਘਟੀਆ ਸਾਬਿਤ ਹੋਵੇਗਾ। ਜਿਥੇ ਇਹ ਗੱਲ ਸੱਚ ਹੈ ਕਿ ਡਾ. ਅੰਬੇਡਕਰ ਨੇ ਸਾਰਿਆ ਨੂੰ ਸਮਾਨ ਅਧਿਕਾਰ ਦੇ ਨਿਰਪੱਖ ਕਾਨੂੰਨ ਬਣਾਇਆ ਉਥੇ ਇਹ ਗੱਲ ਵੀ ਸੱਚ ਹੈ ਕਿ ਅੱਜ ਉਸਦੇ ਬਣਾਏ ਕਾਨੂੰਨ ਤੇ ਦਿੱਤੇ ਅਧਿਕਾਰਾਂ ਦਾ ਕਾਫੀ ਗਲਤ ਇਸਤੇਮਾਲ ਵੀ ਹੋ ਰਿਹਾ ਹੈ। ਅੱਜ ਰਾਜਨੀਤਿਕ ਪਾਰਟੀਆ ਵੀ ਡਾ. ਅੰਬੇਡਕਰ ਦੇ ਨਾਮ ਨੂੰ ਮੁੱਖ ਰੱਖ ਕੇ ਵੋਟਾਂ ਖਿੱਚਣ ਦਾ ਯਤਨ ਕਰ ਰਹੀਆਂ ਹਨ। ਜਿਥੇ ਬਾਹਰਲੇ ਮੁਲਕ ਉਸਦੀ ਵਿਚਾਰਧਾਰਾ ਤੇ ਨਾਮ ਨੂੰ ਕਾਫੀ ਸਨਮਾਨ ਦੇ ਰਹੇ ਹਨ ਉਥੇ ਉਸਦਾ ਖੁਦ ਦਾ ਮੁਲਕ ਪਿਛੜਦਾ ਜਾਪ ਰਿਹਾ ਹੈ। ਅੱਜ ਵੀ ਜਰੂਰਤ ਹੈ ਕਿ ਉਸ ਮਹਾਨ ਵਿਆਕਤੀ ਦੇ ਵਿਚਾਰਾਂ ਤੇ ਵਿਚਾਰਧਾਰਾ ਨੂੰ ਅਪਣਾਉਂਣ ਦੀ ਤਾਂ ਜੋ ਉਸਦੇ ਸੁਪਨਿਆ ਦੇ ਭਾਰਤ ਨੂੰ ਸਿਰਜਿਆ ਜਾ ਸਕੇ।

**Thinking of Buying or Selling a Home? I Can Help!**



COMMERCIAL & RESIDENTIAL REAL ESTATE

# JOHN SINGH BANGA

*Honest & Experienced Realtor*

**916-271-5404**

banga.realtor@gmail.com

www.banga.bhhser.com

FOR OVER 15 YEARS A TOP PRODUCER

CALBRE#01397975

BERKSHIRE HATHAWAY HomeServices Elite Real Estate

# ARE YOU READY TO BE A FIRST TIME HOME BUYER, CALL NOW!

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




5 Bed Rooms, 2.5 Full Baths
2108 sq. ft.
Listing Price: $ 339,000




4 Bed Rooms, 2 Full Baths
1,596 sq ft
Lot size: 6,098
Listing Price: $279,900




3 Bed Rooms / 2 Full Baths
Sqft 1596
lot size 6078
Listing Price: $279,000




4 Bed Rooms, Bath Rooms 3.5
Sq Ft: 2612
Lot Sz: 0.8425ac*
Listing Price $609,900




4 Bed Rooms, 2 Bath Rooms
Sq Ft: 1608
Lot Sz: 9148sqft
Listing Price: $299,000




3-4 Bed Rooms, 2.0 Full Baths
1,492 sq ft
Lot size: 6,469
Listing Price: $299,000




5 Bed Rooms, 2.5 Full Baths
2,504 sq ft
Lot size: 6,574
Listing Price: $399,000




Beer & Wine
Store for Sale in Sacramento
Monthly Gross: $65K Month
Listing Price $299,000




Liquor Store
Store for Sale in Santa Clara
Monthly Gross: $90K Month
Listing Price $649,000




3 Bed Rooms, 1 Full Bath
1037 sq ft Lot size: 6098
Listing Price; $299,000
Close to UC Davis Medical Center




Indian Restaurant
for Sale in Sacramento
Listing Price: 134,000




BERKSHIRE HATHAWAY Home Services

# Buying or Selling Hotels and Gas Stations? Call Now- 916-271-5404

# OFFICE: 7412 ELSIE AVE., SACRAMENTO, CA 95828

# MAHA RISHI VALMIK SABHA USA

## YUBA CITY, CALIFORNIA




**ਮਹਾਂਰਿਸ਼ੀ ਵਾਲਮੀਕ ਸਭਾ ਯੂ.ਐਸ.ਏ, ਯੂਬਾ ਸਿਟੀ ਕੈਲੇਫੋਰਨੀਆ ਬੜੀ ਨਿਮਰਤਾ ਸਹਿਤ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਨੂੰ ਉਹਨਾਂ ਦੇ 62ਵੇਂ ਪ੍ਰੀਨਿਰਵਾਣ ਦਿਵਸ 'ਤੇ ਸੱਚੀ ਸ਼ਰਧਾਂਜਲੀ ਦਿੰਦੀ ਹੈ। - ਸਮੂਹ ਪ੍ਰਬੰਧਕ ਕਮੇਟੀ**

# Babasaheb Dr B.R Ambedkar and His Tirade against Caste

"Castes in India: Their Mechanism, Genesis and Development" was the first systemic written attempt by Dr B.R. Ambedkar (he was then a student at Colombia University, New York) to critically analyse caste system in India; and "Buddha and His Dhamma" was his last contribution towards searching a solid and viable way to annihilate caste from the Indian society. In between he wrote series of books, articles, pamphlets, speeches, and reports. Indian Constitution is one of his most prominent written contributions, being the Chairman of the Constitution Drafting Committee, wherein he made legal provisions for the eradication of caste from the social setup of independent India. What made his contribution of the making of the Constitution of Independent India the most significant is that it got the stamp of the sovereign Indian state, which in turn declared untouchability a criminal offence. Dr. B.R Ambedkar was a firm believer in democratic legal framework for getting rid of caste. All his actions for the annihilation of caste were rooted in what he called the legal mechanism. He empasised on establishing social democracy for the eradication of caste from the social soil of India. His adoption



of Buddhism was yet another step towards that end. His entry into Buddhism was again based on his deep exploration of various religions, whereby in a meticulous comparative way, it led him to convince that Buddhism was the only religion which did not give any space to caste and caste based social hierarchies. It also did not belive in the dogmatic principles of 'ifs and nots'. Nor in any God with personal attributes. What it asked for is equal treatment of all human beings that again not before any God/Goddess but on the basis of rational/scientific understanding. It was his such scientific approach intertwined with his firm attachment with democratic way of Political agitation against the oppressive system of caste that distinguished him from other social reformers and presented him as the most effective crusader again the evil of caste. Dr. B.R Ambedkar devoted his whole life for the annihilation of caste and institutionalisation of social democracy in India. Ambedkartimes.com pays its floral tribute to Bharat Ratan Buddhisatva Babasaheb Dr B.R Ambedkar ji on his 62nd Mahaparinirvan Divas on December 6, 2018

**Prem K. Chumber**
**Editor-In-Chief Ambedkar Times**

## ਪ੍ਰਬੰਧਕ ਕਮੇਟੀ

ਪ੍ਰੇਮ ਸੌਂਧੀ (ਪ੍ਰਧਾਨ) 530-751-3887, ਸੰਤੋਖ ਸਿੰਘ ਗਿੱਲ (ਸੀਨੀਅਰ ਵਾਈਸ ਪ੍ਰਧਾਨ) 530-740-3056, ਕੁਲਦੀਪ ਥਾਪਰ (ਵਾਈਸ ਪ੍ਰਧਾਨ) 530-300-0522, ਜਸਪਾਲ ਮਾਲੜੀ (ਜਨਰਲ ਸਕੱਤਰ) 530-441-9124, ਵਿਸ਼ਾਲ ਸ਼ਰਬਤੀ (ਸਕੱਤਰ) 530-933-5915, ਬਲਵੀਰ ਧਾਲੀਵਾਲ (ਵਾਈਸ ਸਕੱਤਰ) 916-243-9017, ਗੁਰਪਾਲ ਸਿੰਘ (ਚੇਅਰਮੈਨ) 916-873-0311, ਪਲਵਿੰਦਰ ਸਿੰਘ ਸਹੋਤਾ (ਸੀਨੀਅਰ ਵਾਈਸ ਚੇਅਰਮੈਨ 530-301-0657, ਅਵਿਨਾਸ਼ ਸੌਂਧੀ (ਵਾਈਸ ਚੇਅਰਮੈਨ), ਵਿਨੋਦ ਗਿੱਲ (ਖਜਾਨਚੀ) 530-218-3969, ਬਲਵੀਰ ਥਾਪਰ (ਖਜਾਨਚੀ) 916-607-4650, ਵਰੁਨ ਗਿੱਲ (ਖਜਾਨਚੀ) 530-713-0151, ਨਰਿੰਦਰ ਕੁਮਾਰ ਗਿੱਲ (ਚੀਫ ਆਰਗੇਨਾਈਜਰ) 530-671-4039

**ਮਹਾਰਿਸ਼ੀ ਵਾਲਮੀਕ ਟੈਂਪਲ , 84/86 ਪਰਸੀ ਐਵਨਿਊ, ਯੂਬਾ ਸਿਟੀ, ਕੈਲੇਫੋਰਨੀਆ 95991 Phone 530-777-9385**